ੴ
ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ
ਗੁਰ ਪ੍ਰਸਾਦਿ ॥

ਸਲੋਕ ਵਾਰਾਂ ਤੇ ਵਧੀਕ ॥ ਮਹਲਾ ੧ ॥

ਗੁਰੂ ਗ੍ਰੰਥ ਸਾਹਿਬ ਵਿਚ ਬਾਈ ਵਾਰਾਂ ਹਨ। ਪਹਿਲਾਂ ਵਾਰਾਂ ਕੇਵਲ ਪਉੜੀਆਂ ਵਿਚ ਹੀ ਹੁੰਦੀਆਂ ਸਨ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗੰਥ ਸਾਹਿਬ ਜੀ ਰਚਨ ਵੇਲੇ ਪਉੜੀਆਂ ਦੇ ਭਾਵ ਨਾਲ ਮਿਲਦੇ ਜੁਲਦੇ ਸਲੋਕ ਹਰੇਕ ਪਉੜੀ ਨਾਲ ਲਗਾ ਕੇ ਵਾਰਾਂ ਵਿਚ ਲਿਖਾ ਦਿਤੇ। ਦੋ ਵਾਰਾਂ 'ਬਲਵੰਡਿ ਤਥਾ ਸੱਤੈ ਡੂਮਿ' ਵਾਲੀ ਅਤੇ ਦੂਜੀ 'ਬਸੰਤ ਕੀ ਵਾਰ ਮਹਲੁ ੫' ਨਿਰੋਲ ਪਉੜੀਆਂ ਵਿਚ ਹੀ ਲਿਖੀਆਂ ਹੋਈਆਂ ਹਨ, ਇਨ੍ਹਾਂ ਦੋਹਾਂ ਵਾਰਾਂ ਦੀਆਂ ਪਉੜੀਆਂ ਨਾਲ ਸਲੋਕ ਨਹੀ ਲਿਖੇ ਹੋਏ। ਸੋ ਕੇਵਲ ਵੀਹ ਵਾਰਾਂ ਦੀਆਂ ਪਉੜੀਆਂ ਨਾਲ ਹੀ ਸਲੋਕ ਲਿਖੇ ਹੋਏ ਹਨ। ਆਮ ਤੌਰ ਤੇ ਘੱਟੋ ਘਟ ਦੋ ਸਲੋਕ ਹਰੇਕ ਪਉੜੀ ਨਾਲ ਲਿਖੇ ਹੋਏ ਮਿਲਦੇ ਹਨ, ਪਰ ਕਈ ਵਾਰਾਂ ਵਿਚ ਪਉੜੀਆਂ ਨਾਲ ਦੋ ਤੋਂ ਵੱਧ ਸਲੋਕ ਵੀ ਲਿਖੇ ਹੋਏ ਹਨ। ਜਿਹੜੇ ਸਲੋਕ ਵਾਰਾਂ ਦੀਆਂ ਪਉੜੀਆਂ ਨਾਲ ਚੜ੍ਹਾਉਣ ਤੋਂ ਬਚ ਗਏ, ਉਹ ੧੫੨ ਸਲੋਕ ਸਵੱਈਆਂ ਤੋਂ ਬਾਦ ਸਤਿਗੁਰੂ ਅਰਜਨ ਦੇਵ ਜੀ ਨੇ 'ਸਲੋਕ ਵਾਰਾਂ ਤੇ ਵਧੀਕ' ਦੇ ਸਿਰਲੇਖ ਹੇਠ ਲਿਖਾ ਦਿਤੇ ਹਨ। ਪਹਿਲਾਂ ਗੁਰੂ ਨਾਨਕ ਦੇਵ ਜੀ ਦੇ ਸਲੋਕ, ਫਿਰ ਗੁਰੂ ਅਮਰਦਾਸ ਜੀ ਦੇ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੇ ਸਲੋਕ ਭਾ. ਗੁਰਦਾਸ ਜੀ ਤੋਂ ਲਿਖਾਏ ਹਨ।

ਉਥਾਨਕਾ = ੧. ਜਦ ਗੁਰੂ ਨਾਨਕ ਦੇਵ ਜੀ ਸਿੰਗਲਾ ਦੀਪ ਗਏ ਸਨ ਤਾਂ ਰਾਜਾ ਸ਼ਿਵਨਾਭ ਅਪਣੀ ਰਾਣੀ ਚੰਦਰਕਲਾ, ਪੁਤ੍ਰ ਅਤੇ ਨੂੰਹ ਸਮੇਤ ਗੁਰੂ ਦੇ ਦਰਸ਼ਨਾਂ ਨੂੰ ਆਇਆ। ਰਾਜੇ ਤੇ ਰਾਣੀ ਨੇ ਗੁਰੂ ਜੀ ਨੂੰ ਬੜੇ ਸ਼ਰਧਾ ਪ੍ਰੇਮ ਨਾਲ ਮੱਥਾ ਟੇਕਿਆ ਪਰ ਰਾਜੇ ਦੀ ਨੂੰਹ ਨੇ ਮੱਥਾ ਨਾ ਟੇਕਿਆ। ਰਾਣੀ ਤੇ ਨੂੰਹ ਵਿਚਕਾਰ ਜੋ ਪ੍ਰਸ਼ਨ ਉਤਰ ਹੋਇਆ, ਉਸ ਨੂੰ ਗੁਰੂ ਜੀ ਬਾਣੀ ਰਾਹੀਂ ਉਚਾਰਦੇ ਹਨ।
੨. ਪੁਰਾਣੇ ਸਮੇਂ ਵਿਚ ਸਜ ਵਿਆਹੀ ਲੜਕੀਆਂ ਸਨਮਾਨ ਵੱਜੋਂ ਸੱਸ ਤੇ ਸਹੁਰੇ ਜਾਂ ਘਰ ਆਏ ਸਬੰਧੀਆਂ ਨੂੰ ਪੈਰੀਂ ਹੱਥ ਲਾਉਂਦੀਆਂ ਸਨ। ਇਕ ਅਜੇਹੀ ਵਿਆਹੀ ਲੜਕੀ ਹੰਕਾਰ ਦੇ ਕਾਰਣ ਅਪਣੀ ਸੱਸ ਨੂੰ ਝੁਕ ਕੇ ਮੱਥਾ ਨਹੀ ਟੇਕਦੀ, ਸੱਸ ਨੂੰਹ ਦੇ ਸੰਬਾਦ ਨੂੰ ਗੁਰੂ ਜੀ ਵਰਨਣ ਕਰਦੇ ਹਨ।

ਉਤੰਗੀ ਪੈਓਹਰੀ, ਗਹਿਰੀ ਗੰਭੀਰੀ ॥ ਹੇ ਉਚੇ ਅੰਗਾਂ (ਕੱਦ) ਵਾਲੀਏ! (ਸਿਰ ਉਚਾ ਕਰਕੇ ਚਲਣ ਵਾਲੀਏ! ਸੱਸ ਨੂੰਹ ਨੂੰ ਸਿਖਿਆ ਦਿੰਦੀ ਹੈ) ਹੇ ਭਰਵੀਂ ਛਾਤੀ ਵਾਲੀਏ! (ਜਵਾਨੀ ਦੇ ਨਸ਼ੇ ਵਿਚ ਮਸਤ ਕੁੜੀਏ) ਤੂੰ ਕੁਝ ਗੰਭੀਰਤਾ ਵਾਲਾ ਸੁਭਾਓ ਧਾਰਣ ਕਰ (ਹੰਕਾਰ ਕਰਕੇ ਤੂੰ ਸੱਸ ਦਾ ਅਦਬ ਨਹੀਂ ਕਰਦੀ); ਹੇ ਉਚੇ ਅੰਗਾਂ ਵਾਲੀਏ (ਹੰਕਾਰੀ ਕੁੜੀਏ! ਗੁਰੂ ਜੀ ਦੇ) ਚਰਨਾਂ ਤੇ ਝੁਕ ਕੇ ਨਮਸ਼ਕਾਰ ਕਰ, ਤਾਂ ਤੂੰ ਬਹੁਤ ਗੰਭੀਰਤਾ (ਚੰਗੀ ਅਕਲ) ਵਾਲੀ ਬਣ ਜਾਏਂਗੀ (ਸੰ.ਸ.; ਫ.ਸ.)।

ਸਸੁੜਿ ਸੁਹੀਆ ਕਿਵ ਕਰੀ, ਨਿਵਣੁ ਨ ਜਾਇ ਥਣੀ ॥ ਗਚੁ ਜਿ ਲਗਾ ਗਿੜਵੜੀ, ਸਖੀਏ ਧਉਲਹਰੀ ॥ (ਨੂੰਹ ਦਾ ਉਤਰ) ਮੈਂ ਸੱਸ ਨੂੰ ਨਮਸ਼ਕਾਰ ਕਿਵੇਂ ਕਰਾਂ? ਭਰਵੀਂ ਛਾਤੀ ਕਾਰਣ ਮੈਥੋਂ ਨਿਵਿਆ ਨਹੀਂ ਜਾਂਦਾ; ਹੇ ਸੱਸ ਮੈਂ (ਗੁਰੂ ਜੀ ਨੂੰ) ਨਮਸ਼ਕਾਰ ਕਿਵੇਂ ਕਰਾਂ? ਭਾਰੀ ਛਾਤੀ ਹੋਣ ਕਰਕੇ ਮੈਥੋਂ ਨਿਵਿਆ ਨਹੀਂ ਜਾਂਦਾ।

ਸੇ ਭੀ ਢਹਦੇ ਡਿਠੁ ਮੈ, ਮੁੰਧ ਨ ਗਰਬ ਥਣੀ ॥੧॥ ਹੇ ਪਿਆਰੀ ਸਖੀ! (ਸੱਸ ਕਹਿੰਦੀ ਹੈ) ਚੂਨੇ ਨਾਲ ਲਿੱਪੇ ਹੋਏ ਪਰਬਤਾਂ ਵਰਗੇ ਜਿਹੜੇ ਉਚੇ ਮਹਿਲ ਹਨ। ਉਹ (ਮਹਿਲ) ਭੀ ਮੈਂ ਢਹਿੰਦੇ ਦੇਖੇ ਹਨ, (ਇਸ ਲਈ) ਹੇ ਮੁਟਿਆਰੇ! ਤੂੰ ਅਪਣੀ ਭਰਵੀਂ ਛਾਤੀ (ਜਵਾਨੀ) ਦਾ ਹੰਕਾਰ ਨਾ ਕਰ।੧।

ਪਦਾਰਥ = ਉਤੰਗੀ–ਉਚੇ ਅੰਗਾਂ ਵਾਲੀ; ਉਚੇ ਕੱਦ ਵਾਲੀ (ਆਕੜ ਕੇ ਤੁਰਨ ਵਾਲੀ)। ਪੈਓਹਰੀ–ਪਯੋਧਰਾਂ–ਥਣਾਂ ਵਾਲੀ (ਜਵਾਨ ਮੁਟਿਆਰ); ਪੈ ਓਹਰੀ–ਪੈਰਾਂ ਤੇ ਝੁਕ ਭਾਵ ਨਮਸ਼ਕਾਰ ਕਰ (ਭਾ.ਵੀਰ ਸਿੰਘ; ਫ.ਸ.; ਸੰ.ਸ.)। ਗਹਿਰੀ ਗੰਭੀਰੀ–(ਸ਼ਬਦਾਰਥ ਨੇ ਗਹਿ+ ਰੀ ਪਦ ਛੇਦ ਪਾਠ ਲਿਖਿਆ ਹੈ) ਗੰਭੀਰਤਾ ਗ੍ਰਹਿਣ ਕਰ; ਨਿਮ੍ਰਤਾ ਧਾਰਣ ਕਰ (ਮ. ਕੋ.); ਵੱਡੀ ਗੰਭੀਰਤਾ ਵਾਲੀ ਦਾਨੀ ਪ੍ਰਧਾਨੀ (ਹੋਵੇਂਗੀ) ਭਾਵ ਚੰਗਾ ਸੁਭਾਵ ਧਾਰਨ ਤੋਂ ਹੈ। ਸਸੁੜਿ–ਹੇ ਸੱਸ; ਸੱਸ ਨੂੰ। ਸੁਹੀਆ–ਨਮਸ਼ਕਾਰ। ਕਿਵ–ਕਿਵੇਂ; ਕਿਸ ਤਰ੍ਹਾਂ। ਨਿਵਣੁ–ਨਿਵਿਆ; ਝੁਕਿਆ। ਥਣੀ–ਥਣਾਂ (ਭਾਰੀ ਛਾਤੀ) ਕਰਕੇ। ਗਚੁ–ਕਲੀ ਤੇ ਹੋਰ ਮਸਾਲੇ ਪਾ ਕੇ ਬਣਾਇਆ ਪਲੱਸਤਰ ਕਰਨ ਵਾਲਾ ਚੂਨਾ। ਜਿ–ਜਿਹੜੇ। ਗਿੜਵੜੀ–(ਗਿਰਵਰ) ਪਹਾੜ ਵਰਗੇ ਉਚੇ; ਪਹਾੜ ਵਾਂਗ ਪੱਕੇ (ਸੰ.ਸ. ਅਤੇ ਟਕਸਾਲ ਨੇ 'ਗਿੜ ਵੜੀ'(–ਪਹਾੜਾਂ ਵਰਗੇ ਉਚੇ ਮਕਾਨ) ਪਦਛੇਦ ਕੀਤਾ ਹੈ। ਸਖੀਏ–ਹੇ ਸਖੀ; ਪਿਆਰੀਏ। ਧਉਲਹਰੀ–ਮਹਿਲ। ਸੇ ਭੀ–ਉਹ

ਭੀ।ਢਹਦੇ-ਡਿਗਦੇ; ਢਹਿੰਦੇ।ਡਿਠੁ ਮੈ-ਮੈਂ ਦੇਖੇ ਹਨ।ਮੁੰਧ-ਹੇ ਮੁਟਿਆਰੇ;ਸੁੰਦਰ ਜਵਾਨ ਲੜਕੀ।ਗਰਬ-ਹੰਕਾਰ।ਥਣੀ-ਥਣਾਂ; (ਭਰਵੀਂ ਛਾਤੀ) ਦਾ ਭਾਵ ਜੁਆਨੀ ਦਾ।੧।

ਵਿਆਖਿਆ = ਮਹਾਂਪੁਰਖ ਰੂਪ ਸੱਸ ਵਲੋਂ ਜਗਿਆਸੂ ਰੂਪ ਨੂੰਹ ਨੂੰ ਦਿਤੀ ਸਿਖਿਆ ਨੂੰ ਗੁਰੂ ਜੀ ਵਰਨਣ ਕਰਦੇ ਹਨ ਕਿ ਹੇ ਹੰਕਾਰ ਦੇ ਨਸ਼ੇ ਵਿਚ ਮਸਤ ਆਕੜ ਕੇ ਤੁਰਨ ਵਾਲੇ ਜਵਾਨ ਪੁਰਖਾ! ਤੂੰ ਗੁਰੂ ਦੇ ਚਰਨਾਂ ਵਿਚ ਝੁਕ ਕੇ ਮੱਥਾ ਟੇਕ ਤਾਂ ਤੂੰ ਵੱਡੀ ਗੰਭੀਰਤਾ ਆਦਿ ਸ਼ੁੱਭ ਗੁਣਾਂ ਵਾਲਾ ਬਣ ਜਾਏਂਗਾ।(ਜਗਿਆਸੂ ਨੂੰਹ ਦਾ ਉਤਰ) ਜਵਾਨੀ ਦੇ ਹੰਕਾਰ ਕਰਕੇ ਗੁਰੂ ਦੇ ਚਰਨਾਂ ਵਿਚ ਝੁਕਿਆ ਨਹੀ ਜਾਂਦਾ, ਹੇ ਮਹਾਤਮਾਂ ਰੂਪ ਸੱਸ ਦਸੋ! ਮੈਂ ਕਿਵੇਂ ਮੱਥਾ ਟੇਕਾਂ?।ਪਹਾੜਾਂ ਜਿੱਡੇ ਵੱਡੇ ਮਹਿਲਾਂ ਦੇ ਮਾਲਕ ਜਿਨ੍ਹਾਂ ਨੂੰ ਧਨ ਪਦਾਰਥ ਰੂਪ ਚੂਨਾ ਬਹੁਤ ਲਗਾ ਹੋਇਆ ਸੀ।ਉਹ ਭੀ ਢਹਿੰਦੇ ਹੋਏ ਦੇਖੇ ਹਨ, ਹੇ ਜਵਾਨ ਪੁਰਖ! ਧਨ ਦੌਲਤ ਦਾ ਮਾਣ ਨਾ ਕਰ।੧।

ਸੁਣਿ ਮੁੰਧੇ ਹਰਣਾਖੀਏ, ਗੂੜਾ ਵੈਣੁ ਅਪਾਰੁ ॥ ਪਹਿਲਾ ਵਸਤੁ ਸਿਞਾਣਿ ਕੈ, ਤਾਂ ਕੀਚੈ ਵਾਪਾਰੁ ॥ ਹੇ ਹਰਣਾਂ ਵਰਗੀਆਂ ਅੱਖਾਂ ਵਾਲੀ ਸੁੰਦਰ ਮੁਟਿਆਰੇ! (ਮੇਰੇ ਪਾਸੋਂ) ਬਹੁਤ ਡੂੰਘੇ ਭਾਵ ਵਾਲਾ ਵਾਕ ਸੁਣ; ਬੇਅੰਤ ਪ੍ਰਭੂ ਦੀ ਪ੍ਰਾਪਤੀ ਵਾਲਾ ਗੋਹਜ ਬਚਨ ਸੁਣ (ਸੰ.ਸ.; ਫ.ਸ.; ਟਕਸਾਲ)।ਖ੍ਰੀਦਣ ਵਾਲੀ ਚੀਜ ਨੂੰ ਪਹਿਲਾਂ ਪਛਾਣ (ਪਰਖ) ਕੇ ਤਾਂ ਵਾਪਾਰ ਕਰਨਾ ਚਾਹੀਦਾ ਹੈ (ਡੂੰਘੇ ਭਾਵ ਵਾਲਾ ਬਚਨ ਇਹ ਹੈ, ਸਾਧ ਅਸਾਧ ਦੀ ਪਛਾਣ ਕਰ ਕੇ ਤਾਂ ਫਿਰ ਗੁਣਾਂ ਦਾ ਵਾਪਰ (ਲੈਣ ਦੇਣ) ਕਰਨਾ ਚਾਹੀਦਾ ਹੈ (ਗੁਰੂ ਪਰਖ ਕੇ ਧਾਰਨਾ ਚਾਹੀਏ)।

ਦੋਹੀ ਦਿਚੈ ਦੁਰਜਨਾ, ਮਿਤ੍ਰਾਂ ਕੂੰ ਜੈਕਾਰੁ ॥ ਮਨਮੁਖਾਂ ਦੀ ਸੰਗਤ ਦੀ ਦੁਹਾਈ ਦਿਓ ਕਿ (ਮਨਮੁਖਾਂ ਦਾ ਸੰਗ) ਨਹੀਂ ਕਰਾਂਗਾ; ਪਾਂਮਰਾਂ ਨੂੰ ਇਤਲਾਹ ਦਿਓ ਕਿ ਉਹ ਫੇਰ ਇਸ ਪਾਸੇ ਨਾ ਆਉਣ (ਮ.ਕੋ.); ਦੁਰਜਨਾਂ ਤੋਂ ਬਚਣ ਲਈ ਕਰਤਾਰ ਅੱਗੇ ਅਰਦਾਸ ਕਰਨੀ ਚਾਹੀਦੀ ਹੈ (ਮੇਰਾ ਖਿਆਲ) ਤੇ ਗੁਰਮੁਖ ਮਿਤ੍ਰਾਂ ਦੀ ਜੈ ਜੈ ਕਾਰ ਕਰੀਏ; ਨਮਸ਼ਕਾਰ ਕਰਨੀ ਚਾਹੀਦੀ ਹੈ {ਸੰਤ ਸਭਾ ਕਉ ਸਦਾ ਜੈਕਾਰੁ ੧੯੩}।

ਜਿਤੁ ਦੋਹੀ ਸਜਣ ਮਿਲਨਿ, ਲਹੁ ਮੁੰਧੇ ਵੀਚਾਰੁ ॥ ਤਨੁ ਮਨੁ ਦੀਜੈ ਸਜਣਾ, ਐਸਾ ਹਸਣੁ ਸਾਰੁ ॥ ਜਿਸ ਪੁਕਾਰ ਕਰਨ ਨਾਲ (ਗੁਰਮੁਖ) ਸੱਜਣ ਮਿਲਦੇ ਹਨ, ਹੇ ਮੁਟਿਆਰੇ! ਉਸ ਬਿਚਾਰ ਨੂੰ (ਮਨ ਵਿਚ ਵਸਾ) ਲੈ।(ਇਹ ਸੁਣ ਕੇ ਮੁਟਿਆਰ ਹੱਸ ਪਈ)।(ਉਨ੍ਹਾਂ ਸਤਸੰਗੀ) ਸੱਜਣਾਂ ਨੂੰ ਅਪਣਾ ਤਨ ਮਨ ਅਰਪ ਦੇਣਾ ਚਾਹੀਦਾ ਹੈ (ਉਨ੍ਹਾਂ ਦੀ ਸੰਗਤ ਤੋਂ ਉਪਜਿਆ) ਅਜੇਹਾ ਅਨੰਦ ਸ੍ਰੇਸਟ ਹੈ।

ਤਿਸੁ ਸਉ ਨੇਹੁ ਨ ਕੀਚਈ, ਜਿ ਦਿਸੈ ਚਲਣਹਾਰੁ ॥ ਨਾਨਕ ਜਿਨ੍ਹੀ ਇਵ ਕਰਿ ਬੁਝਿਆ, ਤਿਨ੍ਹਾ ਵਿਟਹੁ ਕੁਰਬਾਣੁ ॥੨॥ ਉਸ (ਕੁਸੰਗ) ਨਾਲ ਪ੍ਰੇਮ ਨਹੀ ਕਰਨਾ ਚਾਹੀਦਾ, ਜਿਹੜਾ (ਕੁਸੰਗ) ਨਾਸ਼ਵੰਤ ਦਿਸਦਾ ਹੈ।ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਪੁਰਖਾਂ ਨੇ ਇਸ ਗੁਹਜ ਭਾਵ ਵਾਲੇ ਬਚਨ ਨੂੰ) ਇਸ ਤਰ੍ਹਾਂ ਸਮਝ ਲਿਆ ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।੨।

ਪਦਾਰਥ = ਮੁੰਧੇ-ਹੇ ਮੁਟਿਆਰੇ।ਹਰਣਾਖੀਏ-ਹਿਰਣਾਂ ਦੀਆਂ ਅੱਖਾਂ ਵਰਗੀਆਂ ਅੱਖਾਂ ਵਾਲੀ ਸੁੰਦਰ ਇਸਤ੍ਰੀ।ਗੂੜਾ-ਗੁਹਜ; ਡੂੰਘੇ ਭਾਵ ਵਾਲਾ।ਵੈਣੁ-ਬਚਨ; ਵਾਕ।ਅਪਾਰੁ-ਬਹੁਤ; ਬੇਅੰਤ।ਕੀਚੈ-ਕਰਨਾ ਚਾਹੀਦਾ ਹੈ।ਸਿਞਾਣਿ ਕੈ-ਪਛਾਣ (ਪਰਖ) ਕੇ।ਦੋਹੀ-ਪੁਕਾਰ; ਦੁਹਾਈ।ਦੁਰਜਨਾ-ਮਨਮੁਖਾਂ ਤੋਂ।ਕੂੰ-ਨੂੰ।ਜੈਕਾਰੁ-ਨਮਸ਼ਕਾਰ; ਜੈ ਜੈਕਾਰ।ਜਿਤੁ-ਜਿਸ।ਲਹੁ-(ਵਸਾ) ਲੈ।ਦੀਜੈ-ਅਰਪਣਾ ਚਾਹੀਦਾ ਹੈ।ਹਸਣੁ-ਹਸਣਾ; ਖੁਸ਼ੀ; ਅਨੰਦ।ਸਾਰੁ-ਸ੍ਰੇਸਟ।ਸਉ-ਨਾਲ।ਨੇਹੁ-ਪ੍ਰੇਮ।ਨ ਕੀਚਈ-ਨਹੀ ਕਰਨਾ ਚਾਹੀਦਾ।ਜਿ-ਜਿਹੜਾ।ਦਿਸੈ-ਦਿਸਦਾ ਹੈ।ਚਲਣਹਾਰੁ-ਨਾਸ਼ਵੰਤ।ਇਵ-ਇਸ ਤਰ੍ਹਾਂ।ਬੁਝਿਆ-ਜਾਣਿਆ; ਸਮਝਿਆ।ਵਿਟਹੁ-ਤੋਂ।੨।

ਵਿਆਖਿਆ = ਇਸ ਸਲੋਕ ਵਿਚ ਇਕ ਜੀਵ ਰੂਪ ਸੁੰਦਰ ਇਸਤ੍ਰੀ ਨੂੰ ਉਪਦੇਸ਼ ਦਿਤਾ ਹੈ।ਵਪਾਰ ਕਰਨ ਲਗਿਆ ਲੋੜੀਂਦੀ ਵਸਤੂ ਦੀ ਪਰਖ ਕਰਨੀ ਜਰੂਰੀ ਹੈ, ਸ਼ੁੱਭ ਗੁਣਾਂ ਦਾ ਧਾਰਨੀ ਬਣਨ ਤੋਂ ਪਹਿਲਾਂ ਕਾਮਾਦਿਕ ਜਾਂ ਖੋਟੇ ਮਿਤ੍ਰਾਂ ਦਾ ਸਾਥ ਛਡ ਦੇਣਾ ਚਾਹੀਦਾ ਹੈ।ਗੁਰਮੁਖ ਸਜਣ ਮਿਤ੍ਰਾਂ ਦੀ ਸੰਗਤ ਵਿਚੋਂ ਹੀ ਚੰਗੇ ਗੁਣਾਂ ਦਾ ਲੈਣ ਦੇਣ ਕਰਨ ਕਰਕੇ ਮਨ ਨੂੰ ਖੁਸ਼ੀ ਹੁੰਦੀ ਹੈ।ਖੋਟੇ ਪੁਰਖਾਂ ਦਾ ਸੰਗ ਨਾਸ਼ਵੰਤ ਹੈ।੨।ਨਾਨਕ ਕਚੜਿਆਂ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।(੧੧੦੨)

ਜੇ ਤੂੰ ਤਾਰੂ ਪਾਣਿ, ਤਾਹੂ ਪੁਛੁ ਤਿੜੰਨ੍ਹ ਕਲ ॥ ਜੇ ਤੂੰ ਪਾਣੀ (ਸੰਸਾਰ ਸਾਗਰ) ਦਾ ਤਾਰੂ ਹੋਣਾ ਚਾਹੁੰਦਾ ਹੈ, ਤਾਂ ਉਨ੍ਹਾਂ (ਗੁਰਮੁਖਾਂ) ਨੂੰ ਪੁੱਛ ਜਿਨ੍ਹਾਂ ਨੂੰ ਤਰਨ ਦੀ (ਕਲ) ਜਾਚ ਹੈ (ਸ਼ਬਦਾਰਥ); ਹੇ ਪੁਰਖਾਂ! ਜੇ ਤੂੰ ਹੱਥਾਂ ਦਾ ਤਾਰੂ ਹੈਂ, ਤਾਂ ਵੀ ਉਨ੍ਹਾਂ (ਤਰਨ ਵਾਲੇ ਗੁਰਮੁਖਾਂ ਰੂਪ) ਮਲਾਹਾਂ ਪਾਸੋਂ ਤਰਨ ਦੀ ਕਲਾ (ਹੁੱਨਰ; ਜੁਗਤੀ) ਪੁੱਛ (ਸੰ.ਸ.; ਟਕਸਾਲ)।

ਤਾਹੂ ਖਰੇ ਸੁਜਾਣ, ਵੰਞਾਏਨੀ ਕਪਰੀ ॥੩॥ ਉਹ ਹੀ ਅਸਲ ਸਿਆਣੇ ਹਨ ਜੋ ਇਨ੍ਹਾਂ (ਸੰਸਾਰ ਸਾਗਰ ਦੀਆਂ) ਲਹਿਰਾਂ ਵਿਚੋਂ ਲੰਘ ਗਏ ਹਨ (ਸ਼ਬਦਾਰਥ); ਉਨ੍ਹਾਂ ਚੰਗੇ ਸਿਆਣੇ (ਤਰਨ ਵਾਲੇ ਪੁਰਖਾਂ) ਨੂੰ ਭੀ ਇਨ੍ਹਾਂ ਲਹਿਰਾਂ ਨੇ ਬਰਬਾਦ ਕਰ ਦਿਤਾ ਹੈ।੩।

ਪਦਾਰਥ = ਤਾਰੂ-ਤੈਰਾਕ; ਤਰਨ ਵਾਲਾ।ਪਾਣਿ-ਪਾਣੀ ਦਾ; ਹੱਥਾਂ ਦਾ; ਆਪ (ਸਿੰਧੀ-ਜੇ ਤੂੰ ਆਪ ਤਾਰੂ ਹੈਂ ਭੀ)।ਤਾਹੂ-ਤਾਂ ਭੀ; ਉਨ੍ਹਾਂ (ਮਲਾਹਾਂ) ਨੂੰ।ਤਿੜੰਨ੍ਹ-ਤਰਨ ਦੀ; ਕਿਨਾਰੇ ਲਗਣ ਦੀ।ਕਲ-ਕਲਾ (ਹੁੱਨਰ); ਜਾਚ; ਜੁਗਤੀ।ਤਾਹੂ-ਉਹ (ਮਨੁੱਖ) ਹੀ।ਖਰੇ

ਸੁਜਾਣ–ਚੰਗੇ ਸਿਆਣੇ (ਨਿਪੁੰਨ); ਅਸਲ ਸਿਆਣੇ।ਵੰਞਾਏਨੀ–ਲੰਘ ਗਏ ਹਨ; ਨਾਸ਼ ਕਰ ਦਿਤੇ (ਟਕਸਾਲ; ਮ. ਕੋ.; ਗਿ. ਲਾਲ ਸਿੰਘ ਸੰਗਰੂਰ ਨੇ ਜੁੜਤ ਪਾਠ ਦਿਤਾ ਹੈ)।ਵੰਞਾ ਏਨੀ–ਇਨ੍ਹਾਂ (ਲਹਿਰਾਂ) ਤੋਂ ਲੰਘ ਗਏ।ਕਪਰੀ–ਲਹਿਰਾਂ ਨੇ।੩।

ਵਿਆਖਿਆ = ਗੁਰੂ ਜੀ ਦਰਿਆ ਦੇ ਕੰਢੇ ਬੈਠੇ ਸਨ।ਦਰਿਆ ਵਿਚ ਘੁੰਮਣ ਘੇਰੀਆਂ ਬਹੁਤ ਸਨ, ਇਕ ਬੰਦਾ ਆਇਆ, ਮਲਾਹ ਨੇ ਪਾਰ ਹੋਣ ਲਈ ਬੇੜੀ ਵਿਚ ਬੈਠਣ ਨੂੰ ਕਿਹਾ।ਪਰ ਬੰਦਾ ਕਹਿੰਦਾ ਕਿ ਮੈਂ ਤਰਨ ਜਾਣਦਾ ਹਾਂ, ਤਰ ਕੇ ਪਾਰ ਹੋ ਜਾਵਾਂਗਾ।ਤਾਂ ਗੁਰੂ ਜੀ ਨੇ ਉਸ ਵੇਲੇ ਇਹ ਸਲੋਕ ਉਚਾਰਿਆ।ਛੋਟੇ ਮੋਟੇ ਤਲਾਵਾਂ ਦੇ ਤਾਰੂ ਜੇ ਡੂੰਘੇ ਦਰਿਆ ਜਾਂ ਸਮੁੰਦਰ ਵਿਚ ਤਰਨ ਦੀ ਕੋਸ਼ਿਸ ਕਰਨ ਤਾਂ ਡੁੱਬ ਜਾਣਗੇ, ਕਿਉਂਕਿ ਵੱਡੀਆਂ ਲਹਿਰਾਂ ਨੂੰ ਪਾਰ ਕਰਨ ਦੀ ਜਾਚ ਨਹੀ ਸਿੱਖੀ ਹੁੰਦੀ।ਗੁਰੂ ਜੀ ਇਸੇ ਕਰਕੇ ਸਿਖਿਆ ਦੇਂਦੇ ਹਨ, ਹੇ ਭਾਈ ਜੇ ਤੂੰ ਛੋਟੇ ਤਲਾਬ ਦੇ ਪਾਣੀ ਦਾ ਤਾਰੂ ਹੈਂ ਭੀ, ਫਿਰ ਵੀ ਉਨ੍ਹਾਂ ਵੱਡੇ ਸਿਆਣੇ ਤਾਰੂਆਂ ਤੋਂ ਤਰਨ ਦੀ ਕਲਾ ਸਿੱਖ, ਜੋ ਵੱਡੀਆਂ ਵੱਡੀਆਂ ਲਹਿਰਾਂ ਨੂੰ ਤਰ ਕੇ ਪਾਰ ਹੋ ਗਏ ਹਨ।ਭਾਵ ਛੋਟੇ ਮੋਟੇ ਜਪ ਤਪ ਆਦਿ ਸਾਧਨਾਂ ਨਾਲ ਸੰਸਾਰ ਸਾਗਰ ਵਿਚ ਕਾਮਾਦਿਕ ਲਹਿਰਾਂ ਤੋਂ ਪਾਰ ਨਹੀ ਹੋਇਆ ਜਾ ਸਕਦਾ।ਸੰਸਾਰ ਸਮੁੰਦਰ ਵਿਚ ਕਾਮਾਦਿਕ ਦੀਆਂ ਲਹਿਰਾਂ ਤੋਂ ਪਾਰ ਹੋਣ ਲਈ ਉਨ੍ਹਾਂ ਗੁਰਮੁਖਾਂ ਤੋਂ ਸਿਖਿਆ ਲੈ, ਜਿਹੜੇ ਇਨ੍ਹਾਂ ਲਹਿਰਾਂ ਤੋਂ ਨਾਮ ਸਿਮਰਨ ਦੀ ਬਰਕਤ ਨਾਲ ਪਾਰ ਲੰਘ ਗਏ ਹਨ।ਬੜੇ ਬੜੇ ਰਿਸ਼ੀ ਮੁਨੀ ਇਨ੍ਹਾਂ ਭਿਆਨਕ ਲਹਿਰਾਂ ਨੇ ਬਰਬਾਦ ਕਰ ਦਿਤੇ ਹਨ।੩।

ਝੜ ਝਖੜ ਓਹਾੜ, ਲਹਰੀ ਵਹਨਿ ਲਖੇਸਰੀ ॥ ਹੇ ਭਾਈ! ਮੋਹ ਰੂਪ ਝੜ, ਲੋਭ ਰੂਪ ਝਖੜ, ਕਾਮਾਦਿਕਾਂ ਦਾ ਹੜ੍ਹ ਅਤੇ ਵਾਸ਼ਨਾਂਵਾਂ ਦੀਆਂ ਭਾਵੇਂ ਲੱਖਾਂ ਹੀ ਲਹਿਰਾਂ ਸਿਰ ਉਤੋਂ ਦੀ (ਜਾਂ ਸਿਰ ਦੇ ਬਰਾਬਰ ਹੋ ਕੇ) ਵਗਦੀਆਂ ਹੋਣ।

ਸਤਿਗੁਰ ਸਿਉ ਆਲਾਇ, ਬੇੜੇ ਡੁਬਣਿ ਨਾਹਿ ਭਉ ॥੪॥ (ਅਜੇਹੇ ਭਿਆਨਕ ਮੌਕੇ ਤੇ) ਸੱਤਗੁਰੂ ਪਾਸ ਅਰਦਾਸ ਕਰ, ਤਾਂ ਤੇਰੇ ਜੀਵਨ ਰੂਪ ਬੇੜੇ ਦੇ ਡੁੱਬਣ ਦਾ ਡਰ ਨਹੀਂ ਹੋਵੇਗਾ।੪।ਨਾਨਕ ਲਹਰੀ ਲਖ ਸੈਆਨ, ਡੁਬਣ ਦੇਇ ਨ ਮਾ ਪਿਰੀ।(੫੧੯)

ਪਦਾਰਥ = ਝੜ–ਬੱਦਲ ਵਾਈ; (ਮੀਂਹ ਦੀਆਂ) ਝੜੀਆਂ।ਝਖੜ–ਹਨ੍ਹੇਰੀ।ਲਹਰੀ–ਲਹਿਰਾਂ।ਓਹਾੜ–ਹੜ੍ਹ (ਬਹੁ ਵਚਨ)।ਵਹਨਿ–ਵਗਦੀਆਂ ਹੋਣ।ਲਖੇਸਰੀ–ਲੱਖਾਂ ਹੀ; ਲੱਖਾਂ (ਲਹਿਰਾਂ) ਸਿਰ ਉਤੋਂ ਦੀ (ਜਾਂ ਸਿਰ ਦੇ ਬਰਾਬਰ) ਹੋ ਕੇ।ਸਿਉ–ਪਾਸ; ਕੋਲ (ਸਿਉ ਆਲਾਇ–ਨੂੰ ਆਖ; ਅਰਦਾਸ ਕਰ)।੪।

ਵਿਆਖਿਆ = ਮਾਤਾ ਸਲੱਖਣੀ ਜੀ ਗੁਰੂ ਨਾਨਕ ਦੇਵ ਜੀ ਲਈ ਪ੍ਰਸ਼ਾਦਾ ਤਿਆਰ ਕਰ ਰਹੇ ਸਨ, ਤੁਲਸਾਂ ਦਾਸੀ ਨੂੰ ਕਿਹਾ ਕਿ ਆਰਾਮ ਕਰ ਰਹੇ ਲਾਲ ਜੀ ਨੂੰ ਉਠਾ ਲਿਆ, ਲੰਗਰ ਛਕ ਲੈਣ।ਭੈ ਤੇ ਅਦਬ ਕਰਕੇ, ਦਾਸੀ ਦਾ ਅਰਾਮ ਕਰ ਰਹੇ ਗੁਰੂ ਜੀ ਨੂੰ ਜਗਾਉਣ ਦਾ ਹੀਆ ਨਾ ਪਿਆ।ਪਰ ਚਾਦਰ ਤੋਂ ਬਾਹਰ ਗੁਰੂ ਜੀ ਦੇ ਇਕ ਚਰਨ ਨੂੰ ਦਾਸੀ ਪ੍ਰੇਮ ਨਾਲ ਚੱਟਣ ਲਗ ਗਈ।ਕਪਾਟ ਖੁਲ੍ਹ ਗਏ, ਆਪਾ ਭੁਲ ਗਈ, ਤ੍ਰਿਲੋਕੀ ਦੀ ਸੋਝੀ ਹੋ ਗਈ, ਦੇਖਦੀ ਹੈ ਕਿ ਗੁਰੂ ਜੀ ਅੱਗੇ ਮਨਸੁਖ ਅਰਦਾਸਾਂ ਕਰੀ ਜਾ ਰਿਹਾ ਹੈ ਅਤੇ ਗੁਰੂ ਜੀ ਸਮੁੰਦਰ ਵਿਚ ਡਿਕ ਡੋਲੇ ਖਾ ਰਹੇ ਜਹਾਜ ਨੂੰ ਕਿਨਾਰੇ ਲਗਾ ਰਹੇ ਹਨ।੪।

ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥ (ਕੋਈ ਸਬੰਧੀ ਆਪਸ ਵਿਚ ਮਾਇਆ ਵਾਸਤੇ ਝਗੜਦੇ ਸਨ, ਉਨ੍ਹਾਂ ਪ੍ਰਤੀ ਉਚਾਰਣ ਕਰਦੇ ਹਨ) ਹੇ ਭਾਈ! ਇਹ ਦੁਨੀਆਂ ਕਿਹੋ ਜਿਹੀ (ਹੇਰਾ ਫੇਰੀ ਕਰਨ ਵਾਲੀ; ਮਤਲਬ ਪ੍ਰਸਤ) ਹੋ ਗਈ ਹੈ।(ਜੀਵਨ ਦਾ ਸਹੀ) ਰਸਤਾ ਦਿਖਾਉਣ ਵਾਲਾ ਕੋਈ ਸੱਚਾ ਮਿਤ੍ਰ ਨਹੀਂ ਰਿਹਾ।

ਭਾਈ ਬੰਧੀ ਹੇਤੁ ਚੁਕਾਇਆ ॥ ਦੁਨੀਆ ਕਾਰਣਿ ਦੀਨੁ ਗਵਾਇਆ ॥੫॥ (ਮਨੁੱਖ ਨੇ ਮਾਯਾ ਦੇ ਮੋਹ ਕਰ ਕੇ) ਭਰਾਵਾਂ ਤੇ ਸਬੰਧੀਆਂ ਦਾ ਪਿਆਰ ਮੁਕਾ ਦਿਤਾ ਹੈ; ਭਰਾਵਾਂ ਅਤੇ (ਹੋਰ) ਸਬੰਧੀਆਂ ਨੇ (ਆਪਸ ਵਿਚ ਇਕ ਦੂਜੇ ਨਾਲ) ਪਿਆਰ ਮੁਕਾ ਦਿਤਾ ਹੈ।(ਲੋਕਾਂ ਨੇ) ਮਾਇਆ ਵਾਸਤੇ ਅਪਣਾ ਧਰਮ ਗਵਾ ਦਿਤਾ ਹੈ।੫।ਕਬੀਰ ਦੀਨੁ ਗਵਾਇਆ ਦੁਨੀ ਸਿਉ ,ਦੁਨੀ ਨ ਚਾਲੀ ਸਾਥਿ। (੧੩੬੫)

ਪਦਾਰਥ = ਸਾਲਕੁ–ਰਸਤਾ ਦਿਖਾਉਣ ਵਾਲਾ; ਗਿਆਨਵਾਨ; ਸੱਚਾ ਸੰਤ (ਜੋ ਆਪ ਜਪੇ ਤੇ ਹੋਰਾਂ ਨੂੰ ਵੀ ਜਪਾਵੇ)।ਭਾਈ–ਭਰਾ।ਬੰਧੀ–ਸਬੰਧੀ; ਰਿਸ਼ਤੇਦਾਰ।ਹੇਤੁ–ਪਿਆਰ।ਚੁਕਾਇਆ–ਦੂਰ ਕਰ ਦਿਤਾ।ਦੁਨੀਆ–ਮਾਇਆ (ਮ.ਕੋ.; ਸੰ.ਸ.; ਫ.ਸ.)।ਕਾਰਣਿ–ਵਾਸਤੇ।ਦੀਨੁ–ਧਰਮ।੫।

ਹੈ ਹੈ ਕਰਿ ਕੈ,ਓਹਿ ਕਰੇਨਿ ॥ ਗਲ੍ਹਾਂ ਪਿਟਨਿ ਸਿਰੁ ਖੋਹੇਨਿ ॥ (ਕਿਸੇ ਦੇ ਘਰੇ ਮੌਤ ਹੋ ਗਈ ਤੇ ਸਿਆਪਾ ਕਰ ਰਹੀਆਂ ਔਰਤਾਂ ਸੋਗ ਨਾਲ) ਹਾਇ ਹਾਇ ਓਇ ਓਇ ਕਰ ਰਹੀਆਂ ਹਨ; ਹਾਇ ਓਇ ਰੱਬਾ ਹਾਇ ਓਇ ਰੱਬਾ ਕਰਦੀਆਂ (ਹੋਈਆਂ ਮਰੇ ਹੋਏ ਨੂੰ ਯਾਦ ਕਰਕੇ ਪਿਟਦੀਆਂ ਹਨ)।ਅਪਣੀਆਂ ਗੱਲ੍ਹਾਂCHEEKS ਪਿਟਦੀਆਂ ਹਨ ਅਤੇ ਸਿਰ ਦੇ ਵਾਲਾਂ ਨੂੰ ਉਖੇੜਦੀਆਂ ਹਨ।

ਨਾਉ ਲੈਨਿ ਅਰੁ ਕਰਨਿ ਸਮਾਇ ॥ ਨਾਨਕ ਤਿਨ ਬਲਿਹਾਰੈ ਜਾਇ ॥੬॥ (ਹਾਇ ਹਾਇ ਓਇ ਓਇ ਕਰਕੇ ਪਿਟਣ ਦੀ ਥਾਂ) ਨਾਮ ਜਪਣ ਅਤੇ ਸ਼ੁੱਭ ਕਰਨੀ ਦਾ ਅਭਿਆਸ ਕਰਨ (ਸ਼ਬਦਾਰਥ); ਜਿਹੜੇ ਮਨੁੱਖ (ਅਜੇਹੇ ਸੋਗ ਦੇ ਸਮੇਂ ਵੀ) ਹਰੀ ਦਾ ਨਾਮ ਜਪਦੇ ਹਨ ਅਤੇ ਧੀਰਜ ਰਖਦੇ (ਭਾਣਾ ਮੰਨਦੇ) ਹਨ; (ਹਾਇ ਓਇ ਰੱਬਾ, ਹਾਇ ਰੱਬਾ) ਵਿਵਹਾਰਕ ਨਾਮ ਲੈਣਾ ਔਰਤਾਂ ਦਾ ਜੇ ਅਸਲੀਅਤ ਬਣ ਜਾਵੇ, ਤਾਂ ਫਿਰ ਹਰੀ ਵਿਚ ਲੀਨ ਹੋ ਜਾਣ (ਸੰ.ਸ.)।ਨਾਨਕ ਉਨ੍ਹਾਂ (ਨਾਮ ਜਪਣ ਵਾਲਿਆਂ) ਤੋਂ ਬਲਹਾਰ ਜਾਂਦਾ ਹੈ।੬।

ਪਦਾਰਥ = ਹੈ ਹੈ–ਹਾਇ ਹਾਇ।ਓਹਿ–ਓਇ ਓਇ।ਕਰੇਨਿ (ਸੋਗ ਵਿਚ) ਕਰਦੀਆਂ; ਬੋਲਦੀਆਂ ਹਨ।ਗਲ੍ਹਾ ਪਿਟਨਿ–ਗੱਲ੍ਹਾਂ ਪਿਟਦੀਆਂ ਹਨ।ਖੋਹੇਨਿ–ਪੁਟਦੀਆਂ ਹਨ।ਨਾਉ ਲੈਨਿ–ਨਾਮ ਜਪਦੀਆਂ ਹਨ।ਸਮਾਇ–ਅਭਿਆਸ (ਸਬਦਾਰਥ; ਭਾ. ਵੀਰ ਸਿੰਘ); ਧੀਰਜ; ਸ਼ਾਤੀ ਰਖਦੀਆਂ ਹਨ; ਭਾਣਾ ਮੰਨਦੀਆਂ ਹਨ; ਲੀਨ ਹੋ ਜਾਣ।ਤਿਨ–ਉਨ੍ਹਾਂ ਤੋਂ।੫।

ਵਿਆਖਿਆ = ਪੁਰਾਣੇ ਸਮੇਂ ਵਿਚ ਪ੍ਰਾਣੀ ਦੇ ਮਰਨ ਤੇ ਔਰਤਾਂ ਰਲ ਕੇ ਮੂੰਹ, ਛਾਤੀ ਅਤੇ ਪੱਟਾਂ ਤੇ ਜੋਰ ਜੋਰ ਨਾਲ ਹੱਥ ਮਾਰ ਮਾਰ ਕੇ ਪਿਟਦੀਆਂ ਤੇ ਸਿਆਪਾ ਕਰਦੀਆਂ ਹੁੰਦੀਆਂ ਸਨ।ਸੋਗ ਵਿਚ ਰੋਂਦੀਆਂ ਹੋਈਆਂ ਹੈ ਹੈ ਓਇ ਓਇ ਮੂੰਹੋਂ ਬੋਲਦੀਆਂ ਸਨ।ਹੈ ਹੈ ਕਿਰਿਆ ਵਾਚੀ ਪਦ ਵੀ ਹੈ, ਜਿਸਦਾ ਅਰਥ 'ਵਾਹਿਗੁਰੂ ਹੈ'।ਸੋ ਔਰਤਾਂ ਹੈ ਹੈ ਕਹਿ ਕੇ ਰੋਂਦੀਆਂ ਪਿਟਦੀਆਂ ਹਨ,ਪਰ ਜੇ ਉਨ੍ਹਾਂ ਨੂੰ ਗਿਆਨ ਹੋ ਜਾਵੇ ਕਿ 'ਹੈ' ਤਾਂ ਵਾਹਿਗੁਰੂ ਹੈ ਦਾ ਵਾਚਕ ਹੈ 'ਉਹ ਹੈ'।ਤਾਂ ਇਹ 'ਹੈ ਹੈ' ਆਖਣਾ ਨਾਮ ਸਿਮਰਣ ਦੇ ਤੁੱਲ ਹੋ ਜਾਵੇ, ਫਿਰ ਉਹ ਵਾਹਿਗੁਰੂ ਵਿਚ ਲੀਨ ਹੋ ਜਾਣ, ਰੋਣ ਪਿਟਣ ਦੀ ਥਾਂ ਤੇ ਭਾਣਾ ਮੰਨਣ (ਗੁ. ਗ੍ਰੰ. ਸਾ. ਕੋਸ਼ ਭਾ. ਵੀਰ ਸਿੰਘ)।੬।

ਰੇ ਮਨ ਡੀਗਿ ਨ ਡੋਲੀਐ, ਸੀਧੈ ਮਾਰਗਿ ਧਾਉ ॥ (ਕੋਈ ਮਨੁੱਖ ਦੁਚਿੱਤਾ ਹੋ ਕੇ ਮਨ ਡੁਲਾ ਰਿਹਾ ਸੀ, ਕਦੇ ਮਾਯਾ ਵਲ ਤੇ ਕਦੇ ਤਿਆਗੀ ਹੋ ਕੇ ਪ੍ਰਭੂ ਵਲ ਚਲਦਾ ਸੀ।ਉਸ ਪ੍ਰਤੀ ਆਖਦੇ ਹਨ) ਹੇ ਮਨ! (ਵਿਕਾਰਾਂ ਵਾਲੇ) ਵਿੰਗੇ ਜੀਵਨ ਰਸਤੇ ਤੇ ਨਹੀ ਭਟਕਦੇ ਫਿਰਨਾ ਚਾਹੀਦਾ;ਹਰੀ ਤੋਂ ਬੇਮੁਖ ਹੋ ਕੇ ਨਹੀ ਚਲਣਾ ਚਾਹੀਦਾ; ਡਾਵਾਂ ਡੋਲ ਨਹੀ ਹੋਣਾ ਚਾਹੀਦਾ (ਸੰ.ਸ.), ਸਿੱਧੇ (ਨਾਮ) ਮਾਰਗ ਤੇ ਚਲ।ਡੀਗਨ ਡੋਲਾ ਤਊ ਲਉ ,ਜਉ ਮਨ ਕੇ ਭਰਮਾ ੪੦੦; ਮਨੁ ਡੀਗਿ ਡੋਲਿ ਨ ਜਾਇ ਕਤ ਹੀ, ਆਪਨਾ ਪਿਰੁ ਜਾਣਏ।੮੪੪

ਪਾਛੈ ਬਾਘੁ ਡਰਾਵਣੋ, ਆਗੈ ਅਗਨਿ ਤਲਾਉ ॥ (ਡਾਵਾਂ ਡੋਲ ਵਾਲੀ ਹਾਲਤ ਵਿਚ ਹੋਣ ਕਰਕੇ) ਪਿਛੇ ਇਸ ਲੋਕ ਵਿਚ ਕਾਲ ਰੂਪ ਡਰਾਉਣਾ ਸ਼ੇਰ (ਮੂੰਹ ਅੱਡੀ ਬੈਠਾ) ਹੈ, ਫਿਰ ਅੱਗੇ ਮਾਂ ਦਾ ਗਰਭ {ਤਉ ਜਠਰ ਅਗਨਿ ਮਹਿ ਰਹਤਾ ੩੩੭} ਜਾਂ ਨਰਕ ਰੂਪ ਅੱਗ ਦਾ ਤਲਾਬ {ਮਹਾ ਅਗਾਹ ਅਗਨਿ ਕਾ ਸਾਗਰੁ ੩੭੭; ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ।ਤਿਥੈ ਅਵਰੁ ਨ ਕੋਈ ਜੀਉ ਇਕੇਲਾ।ਭੜ ਭੜ ਅਗਨਿ ਸਾਗਰੁ ਦੇ ਲਹਰੀ, ਪੜਿ ਦਝਹਿ ਮਨਮੁਖ ਤਾਈ ਹੇ ੧੦੨੬} (ਜਾਂ ਚਿਖਾ ਦੀ ਅੱਗ ਦਾ ਕੁੰਡ) ਹੈ {ਜੀਉ ਛੂਟਿਓ ਜਬ ਦੇਹ ਤੇ, ਡਾਰਿ ਅਗਨਿ ਮਹਿ ਦੀਨਾ ੭੨੬}।

ਸਹਸੈ ਜੀਅਰਾ ਪਰਿ ਰਹਿਓ, ਮਾ ਕਉ ਅਵਰੁ ਨ ਢੰਗੁ ॥ ਨਾਨਕ ਗੁਰਮੁਖਿ ਛੁਟੀਐ, ਹਰਿ ਪ੍ਰੀਤਮ ਸਿਉ ਸੰਗੁ ॥੭॥ ਮੇਰਾ ਦਿਲ (ਇਸੇ ਕਰਕੇ) ਸੰਸਿਆਂ ਵਿਚ ਪਿਆ ਹੋਇਆ ਹੈ ਕਿਉਂਕਿ ਮੈਨੂੰ (ਕਾਲ ਤੇ ਨਰਕ ਤੋਂ) ਬਚਣ ਦਾ ਹੋਰ ਕੋਈ ਢੰਗ ਨਹੀਂ ਸੁੱਝਦਾ।ਗੁਰੂ ਜੀ ਆਖਦੇ ਹਨ ਕਿ ਗੁਰੂ ਰਾਹੀ (ਕਾਲ ਤੇ ਨਰਕ ਤੋਂ) ਬਚਿਆ ਜਾ ਸਕਦਾ ਹੈ (ਪਰ ਜੇ) ਹਰੀ ਪ੍ਰੀਤਮ ਨਾਲ ਮੇਲ ਹੋ ਜਾਵੇ।੭।

ਪਦਾਰਥ = ਰੇ ਮਨ–ਹੇ ਮਨ!।ਡੀਗਿ–ਵਿੰਗੇ ਰਸਤੇ ਤੇ।ਨ ਡੋਲੀਐ–ਨਹੀ ਫਿਰਨਾ ਚਾਹੀਦਾ; (ਡੀਗਿ ਨ ਡੋਲੀਐ–ਡਾਵਾਂ ਡੋਲ ਜਾਂ ਭਟਕਣਾ ਨਹੀ ਚਾਹੀਦਾ)।ਸੀਧੈ ਮਾਰਗਿ–ਸਿੱਧੇ ਰਸਤੇ ਤੇ।ਧਾਉ–ਚੱਲ; ਤੁਰ।ਪਾਛੈ–ਪਿਛੇ (ਸੰਸਾਰ ਵਿਚ)।ਬਾਘੁ–ਕਾਲ ਰੂਪ ਸ਼ੇਰ।ਆਗੈ–ਅੱਗੇ (ਪ੍ਰਲੋਕ ਵਿਚ)।ਅਗਨਿ ਤਲਾਉ–ਨਰਕਾਂ; ਗਰਭ; ਚਿਖਾ ਦੀ ਅੱਗ ਦਾ ਕੁੰਡ।ਸਹਸੈ–ਸੰਸਿਆਂ ਵਿਚ।ਜੀਅਰਾ–ਜਿੰਦ।ਪਰਿ ਰਹਿਓ–ਪਿਆ ਹੋਇਆ ਹੈ।ਮਾ ਕਉ–ਮੈਨੂੰ।ਅਵਰੁ–ਹੋਰ।ਢੰਗੁ–ਤਰੀਕਾ; ਸਬੱਬ।ਗੁਰਮੁਖਿ–ਗੁਰੂ ਦੁਆਰਾ।ਛੁਟੀਐ–ਬਚ ਸਕੀਦਾ ਹੈ।ਹਰਿ ਪ੍ਰੀਤਮ ਸਿਉ–ਪਿਆਰੇ ਹਰੀ ਨਾਲ।ਸੰਗੁ–ਮਿਲਾਪ।੭।

ਬਾਘੁ ਮਰੈ ਮਨੁ ਮਾਰੀਐ, ਜਿਸੁ ਸਤਿਗੁਰ ਦੀਖਿਆ ਹੋਇ ॥ (ਹੇ ਭਾਈ! ਜੇ ਅਪਣੇ) ਮਨ ਨੂੰ ਮਾਰ ਲਈਏ ਤਾਂ ਕਾਲ ਰੂਪ ਸ਼ੇਰ ਮਰ ਜਾਂਦਾ ਹੈ, (ਮਨ ਉਸਦਾ ਮਰਦਾ ਹੈ) ਜਿਸ ਨੂੰ ਸੱਤਗੁਰੂ ਦੀ ਸਿਖਿਆ ਪ੍ਰਾਪਤ ਹੁੰਦੀ ਹੈ।

ਆਪੁ ਪਛਾਣੈ ਹਰਿ ਮਿਲੈ, ਬਹੁੜਿ ਨ ਮਰਣਾ ਹੋਇ ॥ (ਜਿਹੜਾ ਮਨੁੱਖ) ਅਪਣੇ ਆਪ ਨੂੰ ਪਛਾਣ ਲੈਂਦਾ (ਸ੍ਵੈ ਪੜਚੋਲ ਕਰਦਾ) ਹੈ, ਉਸਨੂੰ ਹਰੀ ਮਿਲਦਾ ਹੈ ਅਤੇ ਮੁੜ (ਦੁਬਾਰਾ ਜਨਮ) ਮਰਣ ਨਹੀ ਹੁੰਦਾ।

ਅੰਗ ੧੪੧੧ = ਕੀਚੜਿ ਹਾਥੁ ਨ ਬੂਡਈ, ਏਕਾ ਨਦਰਿ ਨਿਹਾਲਿ ॥ (ਉਸ ਮਨੁੱਖ ਦਾ) ਮਨ ਰੂਪ ਹੱਥ ਵਿਸ਼ਿਆਂ ਦੇ ਚਿੱਕੜ ਵਿਚ ਨਹੀ ਡੁਬਦਾ (ਲਿਬੜਦਾ, ਕਿਉਂਕ ਉਸ ਨੂੰ) ਇਕ ਨਿਰੰਕਾਰ ਮੇਹਰ ਦੀ ਨਜਰ ਨਾਲ ਦੇਖਦਾ ਹੈ।

ਨਾਨਕ ਗੁਰਮੁਖਿ ਉਬਰੇ, ਗੁਰੁ ਸਰਵਰੁ ਸਚੀ ਪਾਲਿ ॥੮॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਸੰਸਾਰ ਸਰੋਵਰ ਉਤੇ ਗੁਰੂ ਸਦਾ ਥਿਰ ਰਹਿਣ (ਨਾ ਢਹਿਣ) ਵਾਲਾ ਬੰਨ੍ਹ ਹੈ, ਜਿਸ ਦੇ ਆਸਰੇ ਗੁਰੂ ਅਨੁਸਾਰੀ ਮਨੁੱਖ (ਸੰਸਾਰ ਸਰੋਵਰ ਵਿਚ ਡੁਬਣ ਤੋਂ) ਬਚ ਜਾਂਦੇ ਹਨ; ਗੁਰੂ ਸਰੋਵਰ ਹੈ ਜਿਸਦੀ ਪਾਲ (ਵੱਟ) ਸੱਚ ਦੀ ਹੈ, ਜੋ ਇਸ ਨਾਲ ਲੱਗੇ ਹਨ, ਬਚ ਗਏ ਹਨ (ਸ਼ਬਦਾਰਥ) ਭਾਵ ਜਿਹੜੇ ਗੁਰਮੁਖ ਸਚ ਰੂਪ ਵੱਟ ਤੇ ਚਲਦੇ ਹਨ ਉਹ (ਵਿਸ਼ਿਆਂ ਦੇ ਚਿੱਕੜ ਵਿਚ ਲਿਬੜਨ ਤੋਂ) ਬਚ ਜਾਂਦੇ ਹਨ।ਤਲਾ ਦੇ ਕੰਢੇ ਤੇ ਚਿੱਕੜ ਹੁੰਦਾ ਹੈ, ਚਿਕੜ ਵਿਚ ਲਿਬੜਨ ਤੋਂ ਬਚਣ ਲਈ ਇਕ ਬੰਨ੍ਹ ਲਗਾ ਦਿਤਾ ਜਾਂਦਾ ਹੈ, ਜਿਹੜੇ ਮਨੁੱਖ ਬੰਨ੍ਹ ਦੇ ਆਸਰੇ ਲੰਘ ਜਾਂਦੇ ਹਨ ਉਹ ਚਿੱਕੜ ਵਿਚ ਨਹੀਂ ਲਿਬੜਦੇ;ਸੰਸਾਰ ਸਮੁੰਦਰ ਤੇ ਗੁਰੂ ਸਦਾ ਕਾਇਮ ਰਹਿਣ ਵਾਲਾ ਪੁਲ ਹੈ, ਗੁਰਮੁਖ (ਇਸ ਪੁਲ ਰਾਹੀਂ ਸੰਸਾਰ ਸਮੁੰਦਰ ਤੋਂ) ਪਾਰ ਹੋ ਜਾਂਦੇ ਹਨ।੮।

ਪਦਾਰਥ = ਬਾਘੁ–ਕਾਲ ਰੂਪ ਬਘਿਆੜ (ਜਾਂ ਸ਼ੇਰ)।ਮਨੁ ਮਾਰੀਐ–ਬੁਰੇ ਮਨ ਨੂੰ ਮਾਰ ਲਈਏ।ਦੀਖਿਆ–ਸਿਖਿਆ।ਆਪੁ

ਪਛਾਣੈ–ਅਪਣੇ ਆਪ ਨੂੰ ਪਛਾਣੇ।ਬਹੁੜਿ–ਮੁੜ (ਦੁਬਾਰਾ)।ਕੀਚੜਿ–ਚਿੱਕੜ ਵਿਚ।ਨ ਬੁਡਈ–ਨਹੀ ਡੁਬਦਾ।ਏਕਾ–ਇਕ ਵਾਹਿਗੁਰੂ।ਨਦਰਿ ਨਿਹਾਲਿ–ਮੇਹਰ ਦੀ ਨਜਰ ਨਾਲ ਦੇਖਦਾ ਹੈ।ਉਬਰੇ–ਪਾਰ ਹੋ ਜਾਂਦੇ ਹਨ; ਬਚ ਜਾਂਦੇ ਹਨ।ਸਰਵਰੁ–ਸੰਸਾਰ ਸਮੁੰਦਰ।ਸਚੀ–ਸਦਾ ਥਿਰ (ਕਦੇ ਨਾ ਢਹਿਣ ਵਾਲਾ)।ਪਾਲਿ–ਬੰਨ੍ਹ; ਪੁਲ; ਵੱਟ।੮।

ਵਿਆਖਿਆ = ਮਨੁੱਖ ਦੇ ਮਨ ਦੀ ਹਾਲਤ ਡਾਵਾਂਡੋਲ ਵਾਲੀ ਰਹਿੰਦੀ ਹੈ, ਕਿਉਂਕਿ ਇਹ ਪੁੱਠੇ ਰਸਤੇ ਪਿਆ ਹੋਇਆ ਹੈ।ਇਸੇ ਕਰਕੇ ਮਨੁੱਖ ਨੂੰ ਖਾਣ ਲਈ ਮੌਤ ਮੂੰਹ ਅੱਡੀ ਬੈਠੀ ਹੈ, ਫਿਰ ਮਰ ਕੇ ਵੀ ਨਰਕਾਂ ਦੀ ਅੱਗ ਵਿਚ ਸੜਦਾ ਹੈ।ਪਰ ਜੇ ਗੁਰੂ ਦੇ ਉਪਦੇਸ਼ ਰਾਹੀਂ ਮਨ ਦੇ ਬੁਰੇ ਸੁਭਾਵ ਨੂੰ ਮਾਰ ਲਵੇ ਤਾਂ ਕਾਲ ਰੂਪ ਸ਼ੇਰ ਮਰ ਜਾਂਦਾ ਹੈ।ਅਮਰ ਹੋ ਜਾਂਦਾ ਹੈ, ਵਾਹਿਗੁਰੂ ਦੀ ਕ੍ਰਿਪਾ ਦ੍ਰਿਸਟੀ ਨਾਲ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ।੮।

ਅਗਨਿ ਮਰੈ ਜਲੁ ਲੋੜਿ ਲਹੁ, ਵਿਣੁ ਗੁਰ ਨਿਧਿ ਜਲੁ ਨਾਹਿ ॥ ਜਨਮਿ ਮਰੈ ਭਰਮਾਈਐ, ਜੇ ਲਖ ਕਰਮ ਕਮਾਹਿ ॥ (ਹੇ ਭਾਈ! ਜੇ ਉਪਰ ਦੱਸੀ) ਨਰਕਾਂ ਦੀ ਅੱਗ ਬੁਝਾਉਣੀ ਹੈ ਤਾਂ ਨਾਮ ਰੂਪ ਜਲ ਲੱਭ ਲਵੋ, ਪਰ ਇਹ ਸਮੁੰਦਰ ਦਾ (ਨਾ ਮੁੱਕਣ ਵਾਲਾ) ਜਲ, ਗੁਰੂ ਬਿਨਾ ਨਹੀ ਮਿਲਦਾ; (ਨਾਮ) ਜਲ ਗੁਰੂ ਸਮੁੰਦਰ ਤੋਂ ਬਿਨਾ ਨਹੀਂ ਲੱਭਦਾ (ਡਾ. ਤਾਰਨ ਸਿੰਘ)।(ਨਾਮ ਸਿਮਰਨ ਬਿਨਾ) ਜੇ ਲੱਖਾਂ ਕਰਮ ਕਮਾਏ ਜਾਣ (ਤਾਂ ਵੀ ਮਨੁੱਖ) ਜੰਮਦਾ ਮਰਦਾ ਰਹਿੰਦਾ ਹੈ ਅਤੇ ਅਨੇਕਾਂ ਜੂਨਾਂ ਵਿਚ ਫਿਰਾਇਆ ਜਾਂਦਾ ਹੈ।

ਜਮੁ ਜਾਗਾਤਿ ਨ ਲਗਈ, ਜੇ ਚਲੈ ਸਤਿਗੁਰ ਭਾਇ ॥ (ਪਰ ਮਨੁੱਖ) ਜੇ ਗੁਰੂ ਦੇ ਭਾਣੇ ਵਿਚ ਚਲਦਾ ਰਹੇ, ਤਾਂ ਟੈਕਸ ਲੈਣ ਵਾਲਾ ਜਮ ਨੇੜੇ ਨਹੀਂ ਲਗਦਾ; ਜਮ ਟੈਕਸ ਨਹੀਂ ਲਾਉਂਦਾ (ਦੰਡ ਨਹੀਂ ਦਿੰਦਾ)।

ਨਾਨਕ ਨਿਰਮਲੁ ਅਮਰ ਪਦੁ, ਗੁਰੁ ਹਰਿ ਮੇਲੈ ਮੇਲਾਇ ॥੯॥ ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਗੁਰੂ ਮਨੁੱਖ ਨੂੰ ਪਵਿਤ੍ਰ ਅਮਰ ਪਦਵੀ ਬਖਸ਼ਦਾ ਹੈ, (ਗੁਰੂ ਪਹਿਲਾਂ) ਅਪਣੇ ਨਾਲ ਮਿਲਾ ਕੇ (ਫਿਰ) ਹਰੀ ਨਾਲ ਮਿਲਾ ਦੇਂਦਾ ਹੈ।੯।

ਪਦਾਰਥ = ਅਗਨਿ–ਨਰਕਾਂ ਦੀ ਅੱਗ (ਟਕਸਾਲ); ਤ੍ਰਿਸ਼ਨਾ ਦੀ ਅੱਗ (ਸਭ ਨੇ ਇਹੀ ਅਰਥ ਕੀਤਾ ਹੈ)।ਮਰੈ–ਮਰ (ਬੁਝ) ਜਾਂਦੀ ਹੈ।ਜਲੁ–ਨਾਮ ਜਲ।ਲੋੜਿ ਲਹੁ–ਲੱਭ ਲਵੋ।ਵਿਣੁ–ਬਿਨਾ।ਨਿਧਿ ਜਲੁ–ਸਮੁੰਦਰ ਦਾ ਜਲ।ਭਰਮਾਈਐ–ਫਿਰਾਇਆ ਜਾਂਦਾ ਹੈ।ਕਰਮ–(ਜਪ ਤਪ ਪੁੰਨ ਦਾਨ ਆਦਿ) ਕਰਮ।ਜਮੁ ਜਾਗਾਤਿ–ਟੈਕਸ ਲੈਣ ਵਾਲਾ ਜਮ।ਭਾਇ–ਭਾਣੇ ਵਿਚ।ਨਿਰਮਲੁ–ਪਵਿਤ੍ਰ।ਅਮਰ ਪਦੁ–ਮ੍ਰਿਤੂ ਤੋਂ ਰਹਿਤ ਪਦਵੀ; ਮੋਕਸ਼ ਪਦ।੯।

ਕਲਰ ਕੇਰੀ ਛਪੜੀ, ਕਊਆ ਮਲਿ ਮਲਿ ਨਾਇ ॥ ਮਨੁ ਤਨੁ ਮੈਲਾ ਅਵਗੁਣੀ, ਚਿੰਜੁ ਭਰੀ ਗੰਧੀ ਆਇ ॥ ਹੇ ਭਾਈ! ਕਾਂ ਰੂਪ ਵਿਕਾਰੀ ਮਨੁੱਖ, ਕੁਸੰਗਤ ਰੂਪ ਕਲਰ ਦੀ ਛੱਪੜੀ ਵਿਚ ਮਲ ਮਲ ਕੇ ਨ੍ਹਾਉਂਦਾ (ਬੜੀ ਖੁਸ਼ੀ ਨਾਲ ਵਿਸ਼ੇ ਭੋਗਦਾ) ਹੈ।(ਉਸ ਦਾ) ਮਨ ਅਤੇ ਤਨ ਅਉਗਣਾਂ ਕਰ ਕੇ ਮੈਲਾ ਹੋਇਆ ਹੁੰਦਾ ਹੈ ਅਤੇ (ਗੰਦ ਨਾਲ) ਭਰੇ ਮੂੰਹ ਵਿਚੋਂ (ਝੂਠ ਬੋਲਣ ਦੀ) ਬਦਬੋ ਆਉਂਦੀ ਹੈ; ਕੁਸੰਗਤ ਰੂਪ ਛੱਪੜੀ ਤੇ ਆ ਕੇ ਝੂਠ ਅਤੇ ਪਰਾਈ ਨਿੰਦਿਆ ਰੂਪ ਗੰਦਗੀ ਨਾਲ ਚੁੰਜ (ਮੂੰਹ) ਭਰ ਲੈਂਦਾ ਹੈ (ਜਿਵੇਂ ਕਾਂ ਦੀ ਚੁੰਜ ਗੰਦ ਨਾਲ ਭਰੀ ਰਹਿੰਦੀ ਹੈ, ਇਸੇ ਤਰ੍ਹਾਂ ਕੁਸੰਗ ਵਿਚ ਆਏ ਵਿਕਾਰੀ ਮਨੁੱਖ ਦਾ ਮੂੰਹ ਝੂਠ, ਨਿੰਦਿਆ ਅਤੇ ਬਕਵਾਸ ਨਾਲ ਭਰਿਆ ਰਹਿੰਦਾ ਹੈ)।

ਸਰਵਰੁ ਹੰਸਿ ਨ ਜਾਣਿਆ, ਕਾਗ ਕੁਪੰਖੀ ਸੰਗਿ ॥ ਜਿਵੇਂ ਹੰਸ ਨੇ ਖੋਟੇ ਪੰਛੀ ਕਾਵਾਂ ਦੀ ਸੰਗਤ ਕਰਕੇ ਮਾਨ ਸਰੋਵਰ ਤੇ ਰਹਿਣਾ (ਚੰਗਾ) ਨਾ ਸਮਝਿਆ, ਤਿਵੇਂ ਮਨੁੱਖ ਨੇ ਮਨਮੁਖਾਂ ਦੀ ਸੰਗਤ ਕਰਕੇ ਗੁਰੂ ਸਰੋਵਰ ਨੂੰ ਨਹੀਂ ਪਛਾਣਿਆ ਭਾਵ ਕਦਰ ਨਹੀ ਜਾਣੀ।

ਸਾਕਤ ਸਿਉ ਐਸੀ ਪ੍ਰੀਤਿ ਹੈ, ਬੂਝਹੁ ਗਿਆਨੀ ਰੰਗਿ ॥ ਸੰਤ ਸਭਾ ਜੈਕਾਰੁ ਕਰਿ, ਗੁਰਮੁਖਿ ਕਰਮ ਕਮਾਉ ॥ ਸਾਕਤਾਂ ਨਾਲ ਪ੍ਰੀਤ ਕਰਨੀ ਇਹੋ ਜਿਹੀ ਹੀ (ਦੁਖਦਾਈ) ਹੁੰਦੀ ਹੈ, ਹੇ ਗਿਆਨਵਾਨ ਪੁਰਖ! (ਇਸ ਸਿਖਿਆ ਨੂੰ) ਪ੍ਰੇਮ ਨਾਲ ਸਮਝੋ।ਸੰਤਾਂ ਦੀ ਸੰਗਤ ਨੂੰ ਨਮਸ਼ਕਾਰ (ਸੰਤਾਂ ਦੀ ਸੰਗਤ ਵਿਚ ਹਰੀ ਦੀ ਵਡਿਆਈ) ਕਰਕੇ ਗੁਰਮੁਖਾਂ ਵਾਲੇ ਕਰਮ ਕਮਾਵੋ; ਗੁਰੂ ਰਾਹੀਂ ਨਾਮ ਜਪਣ ਰੂਪ ਕਰਮ ਕਮਾਵੋ।

ਨਿਰਮਲੁ ਨ੍ਾਵਣੁ ਨਾਨਕਾ, ਗੁਰੁ ਤੀਰਥੁ ਦਰੀਆਉ ॥੧੦॥ ਗੁਰੂ ਜੀ ਆਖਦੇ ਹਨ ਕਿ ਗੁਰੂ ਚਲਦੇ ਦਰਿਆ ਵਾਂਙ (ਸਭ ਥਾਂਵਾਂ ਤੇ ਜਾ ਕੇ ਨਾਮ ਸਿਮਰਨ ਰਾਹੀਂ ਪਵਿਤ੍ਰ ਕਰਨ ਵਾਲੇ) ਤੀਰਥ ਹਨ, ਉਸ ਵਿਚ ਕੀਤਾ ਇਸ਼ਨਾਨ ਹੀ ਪਵਿਤ੍ਰ ਹੈ।੧੦।

ਪਦਾਰਥ = ਕਲਰ ਕੇਰੀ–(ਕੁਸੰਗਤ ਰੂਪ) ਕੱਲਰ ਦੀ (ਕੱਲਰ ਵਾਲੀ ਜਮੀਨ ਵਿਚ ਕੁਛ ਪੈਦਾ ਨਹੀ ਹੁੰਦਾ, ਇਸੇ ਤਰ੍ਹਾਂ ਕੁਸੰਗਤ ਵਿਚ ਕੋਈ ਸ਼ੁੱਭ ਗੁਣ ਰੂਪ ਖੇਤੀ ਪੈਦਾ ਨਹੀਂ ਹੁੰਦੀ)।ਕਊਆ–ਕਾਂ (ਕਾਲੇ ਮਨ ਵਾਲਾ ਵਿਕਾਰੀ ਮਨੁੱਖ)।ਮਲਿ ਮਲਿ–ਮਲ ਮਲ ਕੇ (ਖੁਸ਼ੀ; ਸ਼ੌਕ ਨਾਲ ਵਿਸ਼ੇ ਭੋਗਦਾ ਹੈ)।ਨਾਇ–ਨ੍ਹਾਉਂਦਾ ਹੈ।ਅਵਗੁਣੀ–ਔਗੁਣਾਂ (ਪਾਪਾਂ) ਕਰਕੇ।ਚਿੰਜੁ–ਮੂੰਹ।ਗੰਧੀ–ਗੰਦਗੀ ਜਾਂ ਬਦਬੂ ਨਾਲ; ਆਇ–ਆ ਕੇ (ਗੰਧੀਆਇ ਪਾਠ ਜੁੜਤ ਵੀ ਕੀਤਾ ਜਾਂਦਾ ਹੈ, ਅਰਥ ਓਹੀ ਹੈ)।ਸਰਵਰੁ–ਮਾਨ ਸਰੋਵਰ।ਹੰਸਿ–ਹੰਸ ਨੇ।ਨ ਜਾਣਿਆ–ਨਹੀਂ ਸਮਝਿਆ; ਕਦਰ ਨਹੀ ਜਾਣੀ।ਕਾਗ–ਕਾਵਾਂ ਦੀ।ਕੁਪੰਖੀ–ਖੋਟਾ ਪੰਛੀ।ਸਾਕਤ–ਵਾਹਿਗੁਰੂ ਤੋਂ ਬੇਮੁੱਖ ਹੋਇਆ ਮਨੁੱਖ।ਸਿਉ–ਨਾਲ।ਬੂਝਹੁ–ਸਮਝੋ।ਗਿਆਨੀ–ਹੇ ਗਿਆਨ ਵਾਨ ਪੁਰਖ।ਰੰਗਿ–ਪ੍ਰੇਮ ਨਾਲ।ਸੰਤ ਸਭਾ–ਸੰਤਾਂ ਦੀ ਸੰਗਤ।ਜੈਕਾਰੁ–

ਨਮਸ਼ਕਾਰ; ਵਡਿਆਈ।ਗੁਰਮੁਖਿ-ਗੁਰਮੁਖਾਂ ਵਾਲੇ।ਕਰਮ-ਧਾਰਮਿਕ ਕਰਮ।ਨਿਰਮਲੁ-ਮੈਲ ਰਹਿਤ (ਪਵਿੱਤਰ)।ਨਾਵਣੁ-ਇਸ਼ਨਾਨ।ਤੀਰਥੁ ਦਰੀਆਉ-ਦਰਿਆ ਦੇ ਵਹਾਉ ਵਾਂਗ ਚਲਦਾ ਤੀਰਥ।

ਵਿਆਖਿਆ = ਇਕ ਕਾਂ ਭੁੱਲ ਕੇ ਮਾਨ ਸਰੋਵਰ ਤੇ ਜਾ ਪੁੱਜਾ, ਪਾਣੀ ਪੀਤਾ ਤੇ ਕੁਛ ਦਿਨ ਠਹਿਰਿਆ।ਹੰਸ ਨੂੰ ਮਿਤ੍ਰ ਬਣਾ ਕੇ ਅਪਣਾ ਦੇਸ਼ ਦਿਖਾਉਣ ਲਈ ਲੈ ਆਇਆ।ਕਰੰਗ ਦੇ ਲਾਗੇ ਕਾਂ ਦਾ ਆਲ੍ਹਣਾ ਗੰਦਾ ਦੇਖ ਕੇ ਹੰਸ ਨੂੰ ਪਸੰਦ ਨਹੀ ਆਇਆ।ਚਲਾਕ ਕਾਂ ਹੁਸ਼ਿਆਰੀ ਨਾਲ ਮੌਕਾ ਸੰਭਾਲ ਕੇ ਆਖਣ ਲੱਗਾ ਇਹ ਤਾਂ ਐਵੇਂ ਕੁਛ ਆਰਾਮ ਕਰਨ ਲਈ ਆਰਜੀ ਪੜਾਉ ਸੀ।ਉਡ ਕੇ ਰਾਜਾ ਭੋਜ ਦੇ ਬਾਗ ਵਿਚ ਲੈ ਗਿਆ, ਸੁੰਦਰ ਰਮਣੀਕ ਜਗ੍ਹਾ ਦੇਖ ਕੇ ਹੰਸ ਬੜਾ ਖੁਸ਼ ਹੋਇਆ।ਬਾਗ ਵਿਚ ਰਾਜੇ ਨੇ ਸਭਾ ਲਗਾਈ ਹੋਈ ਸੀ।ਦਰੱਖਤ ਤੇ ਬੈਠੇ ਕਾਂ ਨੇ ਰਾਜੇ ਉਤੇ ਬਿੱਠ ਕਰ ਦਿਤੀ, ਰਾਜੇ ਦੇ ਨੌਕਰ ਨੇ ਕਾਂ ਨੂੰ ਗਲੇਲਾ ਮਾਰਿਆ।ਕਾਂ ਤਾਂ ਝੱਟ ਉਡ ਗਿਆ ਪਰ ਗੁਲੇਲਾ ਹੰਸ ਨੂੰ ਵੱਜਾ, ਜਿਸ ਨਾਲ ਹੰਸ ਬੇ ਹੋਸ਼ ਹੋ ਕੇ ਭੁੰਞੇ ਡਿਗ ਪਿਆ।ਹੋਸ਼ ਆਈ ਤੇ ਹੰਸ ਨੇ ਜਾਣ ਲਿਆ ਕਿ ਭੈੜੇ ਕਾਂ ਦੀ ਸੰਗਤ ਦਾ ਇਹ ਦੁਖ ਭੋਗਣਾ ਪਿਆ ਹੈ।ਧਰਮੀ ਰਾਜੇ ਨੇ ਹੰਸ ਦਾ ਇਲਾਜ ਕਰਕੇ ਛਡ ਦਿਤਾ ਅਤੇ ਹੰਸ ਮਾਨ ਸਰੋਵਰ ਨੂੰ ਚਲਾ ਗਿਆ।ਐਸੇ ਕਾਂ ਰੂਪ ਭੈੜੇ ਪੁਰਖਾਂ ਦੀ ਸੰਗਤ ਵਿਚ ਰਹਿ ਕੇ ਦੁਖ ਹੀ ਮਿਲਦਾ ਹੈ।ਖੜਾ ਪਾਣੀ ਖਰਾਬ ਵੀ ਹੋ ਜਾਂਦਾ ਹੈ, ਪਰ ਦਰਿਆ ਦਾ ਚਲਦਾ ਪਾਣੀ ਨਿਰਮਲ ਰਹਿੰਦਾ ਹੈ।ਗੁਰੂ ਦਰਿਆ ਵਾਂਗ ਤੀਰਥ ਹਨ ਜਿਨ੍ਹਾਂ ਵਿਚ ਪਵਿਤ੍ਰ ਨਾਮ ਰੂਪ ਜਲ ਹੈ। ਇਸ ਤੀਰਥ ਦੇ ਜਲ ਵਿਚ ਇਸ਼ਨਾਨ ਕਰਨ ਨਾਲ ਮਨੁੱਖ ਪਵਿਤ੍ਰ ਹੋ ਜਾਂਦਾ ਹੈ।੧੦।

ਜਨਮੇ ਕਾ ਫਲੁ ਕਿਆ ਗਣੀ, ਜਾਂ ਹਰਿ ਭਗਤਿ ਨ ਭਾਉ ॥ ਪੈਧਾ ਖਾਧਾ ਬਾਦਿ ਹੈ, ਜਾਂ ਮਨਿ ਦੂਜਾ ਭਾਉ ॥ (ਮਨੁੱਖ ਦੇ) ਜੰਮਣ ਦਾ ਕੀ ਫਲ ਗਿਣੀਏ (ਜਾਣੀਏ), ਜੇ ਮਨੁੱਖ ਦੇ ਹਿਰਦੇ ਵਿਚ ਨਾ ਹਰੀ ਦੀ ਭਗਤੀ ਹੈ ਤੇ ਨਾ ਹੀ ਹਰੀ ਦਾ ਪ੍ਰੇਮ ਹੈ (ਜਨਮ ਨਿਸਫਲ ਹੈ)।(ਉਸਦੇ ਸੁੰਦਰ ਬਸਤ੍ਰ) ਪਹਿਨੇ ਹੋਏ ਤੇ (ਮਨ ਭਾਉਂਦੇ ਭੋਜਨ) ਖਾਧੇ ਹੋਏ ਸਭ ਵਿਅਰਥ ਹਨ ਜੇ ਮਨ ਵਿਚ ਦੂਜਾ ਪ੍ਰੇਮ (ਹਰੀ ਤੋਂ ਬਿਨਾ ਕਿਸੇ ਹੋਰ ਇਸਟ ਦਾ ਪ੍ਰੇਮ) ਹੈ।

ਵੇਖਣੁ ਸੁਨਣਾ ਝੂਠੁ ਹੈ, ਮੁਖਿ ਝੂਠਾ ਆਲਾਉ ॥ ਨਾਨਕ ਨਾਮੁ ਸਲਾਹਿ ਤੂ, ਹੋਰੁ ਹਉਮੈ ਆਵਉ ਜਾਉ ॥੧੧॥ (ਐਸੇ ਮਨੁੱਖਾਂ ਦਾ) ਵੇਖਣਾ ਤੇ ਸੁਣਨਾ ਝੂਠ ਹੈ ਤੇ ਮੂੰਹ ਨਾਲ ਬੋਲਣਾ ਵੀ ਝੂਠਾ ਹੈ ।ਗੁਰੂ ਜੀ ਆਖਦੇ ਹਨ, ਹੇ ਭਾਈ! ਤੂੰ ਨਾਮ ਨੂੰ ਸਲਾਹੁੰਦਾ ਰਹਿ, (ਨਾਮ ਤੋਂ ਬਿਨਾ) ਹੋਰ ਹਉਮੈ ਦੇ ਕਾਰਣ ਆਵਾ ਗੌਣ ਬਣਿਆ ਰਹਿੰਦਾ ਹੈ।੧੧।

ਪਦਾਰਥ = ਜਨਮੇ ਕਾ-ਜੰਮਣ (ਮਨੁੱਖਾ ਜਨਮ) ਦਾ।ਫਲੁ-ਲਾਭ।ਕਿਆ ਗਣੀ-ਕੀ ਗਿਣੀਏ?।ਜਾਂ-ਜੇ; ਜਦੋਂ।ਭਾਉ-ਪ੍ਰੇਮ।ਪੈਧਾ - ਪਹਿਨਣਾ।ਬਾਦਿ-ਵਿਅਰਥ।ਮਨਿ-ਮਨ ਵਿਚ।ਦੂਜਾ ਭਾਉ-ਦ੍ਵੈਤ ਭਾਵ; ਹਰੀ ਨੂੰ ਛਡ ਕੇ ਹੋਰ ਇਸਟ ਨਾਲ ਪ੍ਰੇਮ ਕਰਨਾ।ਆਲਾਉ-ਬੋਲ; ਬਚਨ।ਸਾਲਾਹਿ-ਸਲਾਹੁੰਦਾ ਰਹਿ।ਆਵਉ ਜਾਉ-ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ।੧੧।

ਵਿਆਖਿਆ = ਮਨੁਖਾ ਜਨਮ ਲੈ ਕੇ ਬੇਸ਼ਕ ਉਚੀ ਪਦਵੀ ਤੇ ਪੁਜ ਜਾਵੇ, ਰਾਜਾ ਬਣ ਜਾਵੇ, ਅਮੀਰ ਹੋ ਜਾਵੇ।ਜਿਵੇਂ ਕੋਈ ਦਰੱਖਤ ਉਚਾ ਲੰਬਾ ਹੋਵੇ, ਸੋਹਣੇ ਪੱਤੇ ਤੇ ਫੁੱਲ ਵੀ ਲੱਗੇ ਹੋਵਣ, ਛਾਂ ਵੀ ਚੰਗੀ ਦਿੰਦਾ ਹੋਵੇ, ਪਰ ਜੇ ਫਲਦਾ ਨਹੀ ਤਾਂ ਨਿਸਫਲ ਹੈ।ਬੱਚੇ ਤਾਂ ਪਸ਼ੂ ਪੰਛੀ ਵੀ ਪੈਦਾ ਕਰ ਲੈਂਦੇ ਹਨ, ਭਾਵ ਬਹੁਤਾ ਪ੍ਰਵਾਰ ਬਣਾ ਲਿਆ ਤੇ ਸੁਖ ਭੋਗ ਲਿਆ ਪਰ ਵਾਹਿਗੁਰੂ ਦੀ ਭਗਤੀ ਤੋਂ ਬਿਨਾ ਜੀਵਨ ਨਿਸਫਲ ਹੈ।ਅਮੀਰਾਂ ਦੇ ਕੁੱਤਿਆਂ ਤੇ ਮਖਮਲੀ ਝੁੱਗੀਆਂ ਪਾਈਆਂ ਹੁੰਦੀਆਂ ਹਨ ਤੇ ਪੰਲਘਾਂ ਤੇ ਬਿਠਾਉਂਦੇ ਹਨ।ਉਨ੍ਹਾਂ ਕੁਤਿਆਂ ਦੇ ਖਾਣ ਲਈ ਵੀ ਚੰਗੇ ਚੰਗੇ ਪਦਾਰਥ ਹੁੰਦੇ ਹਨ, ਇਹ ਪਦਾਰਥ ਤਾਂ ਹੋਰ ਜੂਨਾਂ ਵਿਚ ਵੀ ਮਿਲ ਜਾਂਦੇ ਹਨ।ਪਤੰਗਾ ਦੀਵੇ ਦੀ ਲਾਟ ਨੂੰ ਦੇਖਦਾ ਦੇਖਦਾ ਸੜ ਜਾਂਦਾ ਹੈ, ਬਿਗਾਨੇ ਰੂਪਾਂ, ਨਾਟਕ ਖੇਲ ਤਮਾਸ਼ਿਆਂ ਨੂੰ ਦੇਖਣ ਦਾ ਅਤੇ ਗੰਦੇ ਗੀਤ ਸੁਣਨ ਦਾ ਕੀ ਲਾਭ ਹੈ? ਗੁਰੂ ਜੀ ਦਾ ਭਾਵ ਹੈ ਕਿ ਇਹ ਸਭ ਫਜ਼ੂਲ ਗੱਲਾਂ ਨੂੰ ਛੱਡ ਕੇ ਵਾਹਿਗੁਰੂ ਦੇ ਨਾਮ ਨੂੰ ਸਲਾਹ।ਖਾਧਾ ਪੈਧਾ ਵੇਖਣ ਸੁਣਨ ਬੋਲਣ ਆਦਿ ਦੀ ਹਉਮੈ ਕਰਕੇ ਮਨੁਖ ਚੁਰਾਸੀ ਦੇ ਗੇੜ ਵਿਚ ਪਿਆ ਰਹਿੰਦਾ ਹੈ।੧੧।

ਹੈਨਿ ਵਿਰਲੇ ਨਾਹੀ ਘਣੇ, ਫੈਲ ਫਕੜੁ ਸੰਸਾਰੁ ॥੧੨॥ ਹੇ ਭਾਈ! ਵਾਹਿਗੁਰੂ ਦਾ ਨਾਮ ਜਪਣ ਵਾਲੇ ਬੰਦੇ ਵਿਰਲੇ ਹਨ, ਬਹੁਤੇ ਨਹੀਂ {ਜੋ ਤੁਧੁ ਸਚੁ ਧਿਆਇਦੇ, ਸੇ ਵਿਰਲੇ ਥੋੜੇ ੩੦੬}, (ਬਾਕੀ ਦਾ ਸਾਰਾ) ਸੰਸਾਰ ਬਦ ਫੈਲੀਆਂ ਅਤੇ ਗੰਦ ਮੰਦ ਬੋਲਣ ਵਾਲਾ ਹੈ; ਬਾਕੀ ਸੰਸਾਰ ਨਿਰਾ ਦਿਖਾਵਾ ਤੇ ਬਕਬਾਦ ਹੈ (ਸ਼ਬਦਾਰਥ); ਬਾਕੀ ਦਾ ਸੰਸਾਰ ਖਰਾਬੀ ਫੈਲਾ ਰਿਹਾ ਹੈ।੧੨।

ਪਦਾਰਥ = ਹੈਨਿ-ਹਨ।ਵਿਰਲੇ-ਟਾਂਵੇਂ ਟਾਂਵੇਂ।ਘਣੇ-ਬਹੁਤੇ।ਫੈਲ-ਦਿਖਾਵਾ; ਬਦ ਫੈਲੀਆਂ; ਫੈਲਾ ਰਿਹਾ ਹੈ।ਫਕੜੁ-ਬਕਬਾਦ; ਗਪੌੜ ਬਾਜ; ਖਰਾਬੀ; ਨਿਕੰਮੇ।੧੨।

ਨਾਨਕ ਲਗੀ ਤੁਰਿ ਮਰੈ, ਜੀਵਣ ਨਾਹੀ ਤਾਣੁ ॥ ਚੋਟੈ ਸੇਤੀ ਜੋ ਮਰੈ, ਲਗੀ ਸਾ ਪਰਵਾਣੁ ॥ ਗੁਰੂ ਜੀ ਆਖਦੇ ਹਨ, ਜਿਸ ਮਨੁੱਖ ਨੂੰ ਪ੍ਰੇਮ ਦੀ ਚੋਟ ਲੱਗਦੀ ਹੈ, ਉਹ ਤੁਰੰਤ ਜੀਵਤ ਭਾਵ ਤੋਂ ਮਰ ਜਾਂਦਾ ਹੈ, (ਉਸ ਵਿਚ ਫਿਰ ਆਪਾ ਭਾਵ ਜਾਂ ਸੁਆਰਥ) ਵਾਲੇ ਜੀਵਨ ਜਿਉਣ ਦਾ ਬਲ ਨਹੀਂ ਰਹਿੰਦਾ।ਜਿਸ (ਪ੍ਰੇਮ ਦੀ) ਚੋਟ ਨਾਲ (ਮਨੁੱਖ ਜੀਵਤ ਭਾਵ ਤੋਂ) ਮਰ ਜਾਵੇ, ਉਹੀ ਚੋਟ ਲੱਗੀ ਹੋਈ (ਹਰੀ ਦਰ ਤੇ ਸਫਲ) ਪ੍ਰਵਾਨ ਹੁੰਦੀ ਹੈ।

ਜਿਸਨੋ ਲਾਏ ਤਿਸੁ ਲਗੈ, ਲਗੀ ਤਾ ਪਰਵਾਣੁ ॥ ਪਿਰਮ ਪੈਕਾਮੁ ਨ ਨਿਕਲੈ, ਲਾਇਆ ਤਿਨਿ ਸੁਜਾਣਿ ॥੧੩॥ ਜਿਸਨੂੰ (ਹਰੀ ਆਪ ਪ੍ਰੇਮ ਦੀ) ਚੋਟ ਲਾਉਂਦਾ ਹੈ, ਉਸ ਨੂੰ ਹੀ ਲਗਦੀ ਹੈ, (ਜੇ ਚੋਟ ਹਰੀ ਲਗਾਵੇ) ਤਾਂ ਹੀ ਚੋਟ ਲੱਗੀ ਹੋਈ ਪ੍ਰਵਾਨ ਹੁੰਦੀ ਹੈ। ਪ੍ਰੇਮ ਦਾ ਲਗਿਆ ਹੋਇਆ ਤੀਰ ਮੁੜ ਨਿਕਲਦਾ ਨਹੀਂ ਹੈ, ਕਿਉਂਕਿ ਉਸ ਸਿਆਣੇ ਪ੍ਰਭੂ ਨੇ (ਪ੍ਰੇਮ ਰੂਪ ਤੀਰ ਆਪ) ਲਾਇਆ ਹੁੰਦਾ ਹੈ।੧੩।

ਪਦਾਰਥ = ਲਗੀ-ਲਗਦੀ ਹੈ। ਤੁਰਿ-ਤੁਰੰਤ; ਛੇਤੀ। ਮਰੈ-ਜੀਵਤ ਭਾਵ ਤੋਂ ਮਰ ਜਾਂਦਾ ਹੈ। ਜੀਵਣ-ਜਿਉਣ ਦਾ। ਤਾਣੁ-ਬਲ। ਚੋਟੈ ਸੇਤੀ-ਚੋਟ ਨਾਲ। ਸਾ-ਉਹ। ਪਰਵਾਣੁ-ਪ੍ਰਵਾਣ; ਕਬੂਲ। ਤਾ-ਤਾਂ ਹੀ; ਤਦ ਹੀ। ਪਿਰਮ-ਪ੍ਰੇਮ ਦਾ। ਪੈਕਾਮੁ-ਤੀਰ। ਤਿਨਿ-ਉਸ (ਹਰੀ) ਨੇ। ਸੁਜਾਣਿ-ਸਿਆਣੇ (ਤੀਰ ਅੰਦਾਜ ਹਰੀ) ਨੇ।੧੩।

ਭਾਂਡਾ ਧੋਵੈ ਕਉਣੁ, ਜਿ ਕਚਾ ਸਾਜਿਆ ॥ ਧਾਤੂ ਪੰਜਿ ਰਲਾਇ, ਕੂੜਾ ਪਾਜਿਆ ॥ (ਸਰੀਰ ਰੂਪ) ਭਾਂਡੇ ਨੂੰ ਕੌਣ ਧੋ ਸਕਦਾ ਹੈ? ਜਿਹੜਾ ਹਰੀ ਨੇ ਕੱਚਾ ਹੀ ਬਣਾਇਆ ਹੈ? (ਤੀਰਥਾਂ ਤੇ ਸ਼ਨਾਨ ਅਤੇ ਨੇਤੀ ਧੋਤੀ ਕਰਮ ਕਰਨ ਨਾਲ ਸਰੀਰ ਸ਼ੁੱਧ ਨਹੀ ਹੁੰਦਾ। ਹਰੀ ਨੇ) ਪੰਜ ਤੱਤਾਂ ਨੂੰ ਰਲਾ ਕੇ ਨਾਸ਼ਵੰਤ (ਸਰੀਰ) ਬਣਾਇਆ ਹੈ; ਝੂਠਾ ਦਿਖਾਵੇ ਮਾਤ੍ਰ ਹੀ ਹੈ।

ਭਾਂਡਾ ਆਣਗੁ ਰਾਸਿ, ਜਾਂ ਤਿਸੁ ਭਾਵਸੀ ॥ ਪਰਮ ਜੋਤਿ ਜਾਗਾਇ, ਵਾਜਾ ਵਾਵਸੀ ॥੧੪॥ ਸਰੀਰ ਰੂਪ ਭਾਂਡਾ ਸੂਤ (ਤਦ ਠੀਕ) ਆਇਗਾ (ਪਵਿੱਤ੍ਰ ਹੋਵੇਗਾ), ਜਦ ਉਸ (ਹਰੀ) ਨੂੰ ਇਹ ਪਸੰਦ ਆ ਜਾਵੇਗਾ (ਪਸੰਦ ਤਾਂ ਆਏਗਾ ਜੇ ਗੁਰੂ ਦੀ ਸ਼ਰਣ ਵਿਚ ਜਾ ਕੇ ਹਰੀ ਨੂੰ ਜਪੇਗਾ। ਤਦੋਂ ਗੁਰੂ ਇਸਦੇ ਅੰਦਰ) ਮਹਾਨ ਰੱਬੀ ਜੋਤ ਜਗਾ ਕੇ (ਵਾਹਿਗੁਰੂ ਸਿਮਰਨ ਦਾ) ਵਾਜਾ ਵਜਾ ਦੇਵੇਗਾ (ਸਿਮਰਨ ਨਾਲ ਰੱਬੀ ਜੋਤ ਪ੍ਰਗਟ ਹੋ ਕੇ ਕੱਚਾ ਭਾਂਡਾ ਸੁੱਧ ਹੋ ਸਕਦਾ ਹੈ)।

ਪਦਾਰਥ = ਭਾਂਡਾ-ਸਰੀਰ ਰੂਪ ਭਾਂਡਾ। ਜਿ-ਜਿਹੜਾ। ਕਚਾ-ਜੋ ਪੱਕਾ ਨਹੀਂ (ਛੇਤੀ ਖੁਰ ਜਾਣ ਵਾਲਾ)। ਸਾਜਿਆ-ਬਣਾਇਆ। ਧਾਤੂ ਪੰਜਿ-ਪੰਜ ਤੱਤ (ਅਕਾਸ਼ ਹਵਾ ਪੌਣ ਮਿੱਟੀ ਤੇ ਅੱਗ)। ਰਲਾਇ-ਰਲਾ (ਮਿਲਾ) ਕੇ। ਕੂੜਾ-ਨਾਸ਼ਵੰਤ। ਪਾਜਿਆ-ਬਣਾ ਦਿਤਾ; ਦਿਖਾਵੇ ਮਾਤ੍ਰ। ਆਣਗੁ-ਆਵੇਗਾ। ਰਾਸਿ-(ਠੀਕ ਆ ਸਕਦਾ ਹੈ) ਸੂਤ; ਠੀਕ; ਸਹੀ। ਜਾਂ-ਜਦ। ਤਿਸੁ-ਉਸ (ਹਰੀ) ਨੂੰ। ਭਾਵਸੀ-ਚੰਗਾ ਲੱਗੇਗਾ; ਪਸੰਦ ਆ ਜਾਏਗਾ; ਭਾਵੇਗਾ। ਪਰਮ ਜੋਤਿ-ਮਹਾਨ ਇਲਾਹੀ ਜੋਤ। ਵਾਜਾ-ਸਿਮਰਣ ਦਾ ਵਾਜਾ। ਵਾਵਸੀ-ਵਜਾਏਗਾ।੧੪।

ਵਿਆਖਿਆ = ਹਰੀ ਨੇ ਪੰਜ ਤੱਤਾਂ ਨੂੰ ਮੇਲ ਕੇ ਸਰੀਰ ਰੂਪ ਭਾਂਡਾ ਬਣਾਇਆ ਹੈ ਜੋ ਕੱਚਾ (ਨਾਸ਼ਵੰਤ) ਹੈ। ਪਤਾ ਨਹੀ ਕਦੋਂ ਖੁਰ ਜਾਂ ਫੁੱਟ ਜਾਣਾ ਹੈ, ਇਹ ਪੱਕ ਤਾਂ ਸਕਦਾ ਹੈ ਜੇ ਗੁਰੂ ਦੇ ਗਿਆਨ ਦੇ ਆਵੇ (ਭੱਠੇ) ਵਿਚ ਆਪਣੇ ਆਪ ਨੂੰ ਪਕਾਵੇ। ਫਿਰ ਨੌਂ ਗੋਲਕਾਂ ਰਾਹੀ ਵਾਸ਼ਨਾਵਾਂ ਅੰਦਰ ਵੜ ਕੇ ਮਨ ਨੂੰ ਮੈਲਾ ਕਰੀ ਜਾਂਦੀਆਂ ਹਨ। ਬਾਹਰੋਂ ਧੋਣ ਨਾਲ ਇਹ ਭਾਂਡਾ ਸੁੱਚਾ ਨਹੀਂ ਹੋਣ ਲਗਾ {ਅੰਤਰਿ ਮੈਲੁ ਲਗੀ ਨਹੀ ਜਾਣੈ, ਬਾਹਰਹੁ ਮਲਿ ਮਲਿ ਧੋਵੈ ੧੩੯}। ਜੇ ਮਨੁੱਖ ਗੁਰੂ ਦੀ ਸ਼ਰਣ ਵਿਚ ਪੈ ਕੇ ਨਾਮ ਸਿਮਰੇ ਤਾਂ ਇਹ ਭਾਂਡਾ ਸ਼ੁੱਧ ਹੋ ਜਾਵੇਗਾ ਤੇ ਵਾਹਿਗੁਰੂ ਨੂੰ (ਚੰਗਾ ਲੱਗੇਗਾ) ਭਾ ਜਾਵੇਗਾ {ਭਾਂਡਾ ਹਛਾ ਸੋਇ, ਜੋ ਤਿਸੁ ਭਾਵਸੀ ੭੨੯}।੧੪।

(ਇਸ ਸਲੋਕ ਨਾਲ ੭੩੦ ਅੰਗ ਤੇ ੬ ਵੇਂ ਸ਼ਬਦ ਦਾ ਭਾਵ ਮਿਲਦਾ ਜੁਲਦਾ ਹੈ)।

ਮਨਹੁ ਜਿ ਅੰਧੇ ਘੂਪ, ਕਹਿਆ ਬਿਰਦੁ ਨ ਜਾਣਨੀ ॥ (ਹੇ ਭਾਈ!) ਜਿਹੜੇ ਮਨੁੱਖ ਮਨ ਤੋਂ ਘੋਰ ਅੰਨ੍ਹੇ (ਮਹਾਂ ਮੂਰਖ) ਹਨ, ਅਪਣੇ ਕਹੇ ਹੋਏ ਉਪਦੇਸ਼ ਦੀ ਲਾਜ ਨਹੀਂ ਪਾਲਦੇ (ਲੋਕਾਂ ਨੂੰ ਦਿਤੇ ਉਪਦੇਸ਼ ਤੇ ਆਪ ਨਹੀਂ ਚਲਦੇ) {ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ। ਅਪਨਾ ਕਹਿਆ ਆਪਿ ਨ ਕਮਾਵੈ ੮੯੭}; ਧਰਮ ਗ੍ਰੰਥਾਂ ਦਾ ਉਚਾਰਿਆ ਉਪਦੇਸ਼ ਨਹੀ ਜਾਣਦੇ; ਬਜੁਰਗਾਂ ਦਾ ਕਿਹਾ ਹੋਇਆ ਨਹੀ ਸਮਝਦੇ (ਸਭ ਨੇ ਇਨ੍ਹਾਂ ਨਾਲ ਮਿਲਦੇ ਅਰਥ ਕੀਤੇ ਹਨ)।

ਮਨਿ ਅੰਧੈ ਊਂਧੈ ਕਵਲ, ਦਿਸਨਿ ਖਰੇ ਕਰੂਪ ॥ ਮਨ ਦੇ ਅੰਨ੍ਹੇ ਹੋਣ ਕਰਕੇ (ਉਨ੍ਹਾਂ ਦੇ) ਹਿਰਦੇ ਮੂਧੇ (ਰੱਬ ਤੋਂ ਬੇਮੁਖ) ਹੋਏ ਹੋਏ ਹਨ {ਊਂਧੈ ਭਾਂਡੈ ਕਛੁ ਨ ਸਮਾਵੈ, ਸੀਧੈ ਅੰਮ੍ਰਿਤੁ ਪਰੈ ਨਿਹਾਰ ੫੦੪}, ਅਤੇ ਬਹੁਤ ਬਦ ਸ਼ਕਲ (ਡਰਾਉਣੇ) ਦਿਸਦੇ ਹਨ; ਉਹ ਦਿਸਦੇ ਤਾਂ ਖਰੇ ਹਨ ਪਰ ਅੰਦਰੋਂ ਕਰੂਪ ਹਨ (ਟਕਸਾਲ)।

ਇਕਿ ਕਹਿ ਜਾਣਨਿ, ਕਹਿਆ ਬੁਝਨਿ, ਤੇ ਨਰ ਸੁਘੜ ਸਰੂਪ ॥ ਕਈ (ਬਕਤੇ ਮਨੁੱਖ ਗੁਰੂ ਦੇ ਉਪਦੇਸ਼ ਨੂੰ) ਕਹਿਣਾ ਜਾਣਦੇ ਹਨ ਤੇ ਕਿਹਾ ਹੋਇਆ (ਉਪਦੇਸ਼) ਸਮਝਦੇ ਵੀ ਹਨ (ਲੋਕਾਂ ਨੂੰ ਦਿਤੀ ਸਿਖਿਆ ਤੇ ਖੁਦ ਵੀ ਚਲਦੇ ਹਨ); ਕਈ ਗੁਰੂ ਦੀ ਸਿਖਿਆ ਦੀ ਵਿਆਖਿਆ ਕਰਨ ਜਾਣਦੇ ਹਨ ਤੇ ਕਈ (ਸ੍ਰੋਤੇ) ਕਿਹਾ ਹੋਇਆ ਉਪਦੇਸ਼ (ਸੁਣ ਕੇ) ਸਮਝ ਲੈਂਦੇ ਹਨ, ਉਹ (ਦੋਵੇਂ ਤਰ੍ਹਾਂ ਦੇ) ਮਨੁੱਖ ਬਹੁਤ ਸਿਆਣੇ ਤੇ ਸੁੰਦਰ ਸਰੂਪ ਵਾਲੇ ਹਨ।

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ, ਰਸੁ ਕਸੁ ਨ ਜਾਣੰਤਿ ॥ ਇਕਨਾਂ ਨੂੰ ਨਾ ਨਾਦ (ਅੰਤ੍ਰੀਵ ਸ਼ਬਦ; ਪ੍ਰਾਣਾਂ ਦੀ ਗਤੀ ਭਾਵ ਜੋਗ ਮਾਰਗ) ਦਾ ਰਸ, ਨਾ ਧਰਮ ਗ੍ਰੰਥਾਂ ਦਾ ਗਿਆਨ (ਵਿਦਵਤਾ) ਅਤੇ ਨਾ ਰਾਗ ਵਿੱਦਿਆ ਦਾ ਰਸ ਹੈ (ਨਾ ਜੋਗੀ, ਨਾ ਵਿਦਵਾਨ ਤੇ ਨਾ ਹੀ ਸੰਗੀਤਕਾਰ ਹਨ, ਇਨ੍ਹਾਂ ਤਿੰਨਾਂ ਦੀ ਸੋਝੀ ਨਹੀਂ) ਅਤੇ ਰਸ ਕਸ (ਕੌੜਾ ਕਸੈਲਾ ਖੱਟਾ ਮਿਠਾ ਆਦਿ) ਰਸ ਨਹੀ ਜਾਣਦੇ (ਚੰਗਾ ਮੰਦਾ ਜਾਂ ਯੋਗ ਅਯੋਗ ਚੀਜ ਖਾਣ ਦੀ ਵੀ ਜਾਣਕਾਰੀ ਨਹੀ)।

ਇਕਨਾ ਸਿਧਿ ਨ ਬੁਧਿ, ਨ ਅਕਲਿ ਸਰ, ਅਖਰ ਕਾ ਭੇਉ ਨ ਲਹੰਤਿ ॥ ਕਈਆਂ (ਮਨੁੱਖਾਂ) ਕੋਲ ਨਾ ਕੋਈ ਰੁਹਾਨੀ ਸ਼ਕਤੀ ਹੈ, ਨਾ

(ਬਿਬੇਕ) ਬੁੱਧੀ, ਨਾ ਬਹੁਤੀ ਅਕਲ ਹੈ ਤੇ ਅੱਖਰ ਦਾ ਭੇਦ ਵੀ ਨਹੀਂ ਪ੍ਰਾਪਤ ਕਰ ਸਕਦੇ (ਊੜਾ ਵੀ ਨਹੀਂ ਜਾਣਦੇ ਭਾਵ ਅਨਪੜ੍ਹ ਹਨ)। ਨਾਨਕ ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥ ਗੁਰੂ ਜੀ ਫੁਰਮਾਉਂਦੇ ਹਨ, ਉਹ ਮਨੁੱਖ (ਅਸਲੀ) ਨਿਰੇ ਗਧੇ (ਮਹਾਂ ਮੂਰਖ) ਹਨ, ਜਿਹੜੇ ਬਿਨਾ ਗੁਣਾਂ ਤੋਂ (ਐਵੇਂ) ਹੰਕਾਰ ਕਰਦੇ ਹਨ।੧੫।

ਪਦਾਰਥ = ਮਨਹੁ–ਮਨ ਤੋਂ।ਜਿ–ਜਿਹੜੇ (ਮਨੁੱਖ)।ਅੰਧੇ–ਅੰਨ੍ਹੇ (ਅਗਿਆਨੀ)।ਘੂਪ–ਘੋਰ; ਸੰਘਣਾ; ਬਹੁਤ (ਜਿਨ੍ਹਾਂ ਦੇ ਮਨ ਵਿਚ ਅਗਿਆਨ ਦਾ ਘੁੱਪ ਹਨ੍ਹੇਰਾ ਹੈ)।ਕਹਿਆ–ਕਿਹਾ ਹੋਇਆ।ਬਿਰਦੁ–ਉਪਦੇਸ਼; ਨਿਤਨੇਮ (ਰੋਜ ਦਾ ਧਾਰਮਕ ਕਰਮ); ਬਜ਼ੁਰਗ; ਧਰਮ ਦਾ ਚਿੰਨ੍ਹ; ਮਹਾਤਮਾ ਦਾ।ਮਨਿ ਅੰਧੈ–ਮਨ ਕਰਕੇ ਅੰਨ੍ਹੇ (ਅਗਿਆਨੀ)।ਊਂਧੈ–ਮੂਧੇ; ਪੁੱਠੇ।ਕਵਲ–ਹਿਰਦਾ।ਖਰੇ ਕਰੂਪ–ਬਹੁਤ ਬਦ ਸ਼ਕਲ; ਚੰਗੇ ਭਲੇ ਦਿਸਦੇ ਹਨ ਪਰ ਮਨੋਂ ਕਰੂਪ ਹਨ।ਇਕਿ–ਕਈ।ਕਹਿ ਜਾਣਨਿ–ਵਿਆਖਿਆ ਕਰਨ ਜਾਣਦੇ ਹਨ।ਕਹਿਆ–ਕਥਨ ਕੀਤਾ (ਗੁਰੂ ਦਾ ਉਪਦੇਸ਼)।ਬੁਝਨਿ–ਸਮਝਦੇ ਹਨ।ਤੇ–ਉਹ।ਨਰ–ਮਨੁੱਖ।ਸੁਘੜ–ਸਿਆਣੇ।ਸਰੂਪ–ਸੁਨੱਖੇ; ਸੁੰਦਰ ਸਰੂਪ ਵਾਲੇ।ਇਕਨਾ–ਕਈਆਂ ਨੂੰ।ਨਾਦ–ਅੰਤ੍ਰੀਵ ਸ਼ਬਦ ਦਾ; ਜੋਗੀਆਂ ਦੇ ਨਾਦ (ਜੋਗ ਮੱਤ) ਦਾ।ਨ ਬੇਦੁ–ਧਰਮ ਗ੍ਰੰਥਾਂ ਦਾ ਗਿਆਨ।ਨ ਗੀਅ ਰਸੁ–ਰਾਗ ਵਿਦਿਆ ਦਾ ਰਸ।ਰਸੁ ਕਸੁ–ਮਿੱਠੇ ਕੌੜੇ ਕਸੈਲੇ ਆਦਿ ਰਸ; ਚੰਗਾ ਮੰਦਾ; ਯੋਗ ਅਯੋਗ (ਜੀਭ ਦੇ ਸੁਆਦ)।ਸਿਧਿ–ਰੁਹਾਨੀ ਸ਼ਕਤੀ; ਕਰਾਮਾਤੀ ਤਾਕਤ।ਬੁਧਿ–ਬਿਚਾਰ ਵਾਲੀ ਬੁਧੀ।ਅਕਲਿ ਸਰ–ਅਕਲ ਦਾ ਧਨੀ; ਸ੍ਰੇਸ਼ਟ ਅਕਲ; ਅਕਲ ਦਾ ਥਹੁ ਪਤਾ।ਅਖਰ–ਵਿਦਿਆ ਪੜ੍ਹਨ ਵਾਲੇ ਅਖਰ।ਭੇਉ–ਭੇਦ।ਨ ਲਹੰਤਿ–ਨਹੀ ਹਾਸਲ ਕਰਦੇ; ਨਹੀ ਸਮਝਦੇ।ਤੇ ਨਰ–ਉਹ ਮਨੁੱਖ ।ਅਸਲਿ ਖਰ–ਅਸਲੀ ਖੋਤੇ; ਮਹਾਂ ਮੂਰਖ।ਗਰਬੁ–ਹੰਕਾਰ।ਕਰੰਤਿ–ਕਰਦੇ ਹਨ।੧੫।

(ਇਹ ਸਲੋਕ ਸਾਰੰਗ ਦੀ ਵਾਰ ਵਿਚ ੧੨੪੫ – ੧੨੪੬ ਅੰਗ ਤੇ ਵੀ ਥੋੜ ਫਰਕ ਨਾਲ ਆਇਆ ਹੈ)।

ਸੋ ਬ੍ਰਹਮਣੁ ਜੋ ਬਿੰਦੈ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥ (ਹੇ ਭਾਈ!) ਉਹ ਅਸਲੀ ਬ੍ਰਹਮਣ ਹੈ ਜੋ ਬ੍ਰਹਮ (ਵਾਹਿਗੁਰੂ) ਨੂੰ ਜਾਣ ਲੈਂਦਾ ਹੈ {ਬ੍ਰਹਮੁ ਬਿੰਦੇ ਸੋ ਬ੍ਰਹਮਣੁ ਹੋਈ ੧੧੨੮}।(ਉਹ ਵਾਹਿਗੁਰੂ ਨੂੰ ਜਾਣਨਾ ਹੀ) ਜਪ ਤਪ ਤੇ ਸੰਜਮ ਆਦਿ ਕਰਮ ਕਮਾਉਂਦਾ ਹੈ; ਨਾਮ ਸਿਮਰਨ ਰੂਪ ਜਪ, ਗੁਰੂ ਦੀ ਸੇਵਾ ਰੂਪ ਤਪ {ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ ੪੨੩}, ਮਨ ਨੂੰ ਵਾਸ਼ਨਾਵਾਂ ਵਲ ਜਾਣ ਤੋਂ ਰੋਕਣਾ ਆਦਿ ਕਰਮ ਕਰਦਾ ਹੈ।

ਸੀਲ ਸੰਤਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥ ਸ਼ਾਂਤ ਸੁਭਾਓ ਤੇ ਸੰਤੋਖ ਦਾ ਧਰਮ ਰਖਦਾ ਹੈ {ਬ੍ਰਹਮਣ ਚੁਲੀ ਸੰਤੋਖ ਕੀ.... ੧੨੪੦}।(ਅਜੇਹਾ ਬ੍ਰਹਮਣ) ਮਾਯਾ ਦੇ ਮੋਹ ਦੇ ਬੰਧਨ ਤੋੜ ਕੇ ਮੁਕਤ ਹੁੰਦਾ ਹੈ।

ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥ ਉਹ ਹੀ ਬ੍ਰਹਮਣ ਪੂਜਣ (ਸਨਮਾਨ) ਯੋਗ ਹੈ।

ਪਦਾਰਥ = ਸੋ–ਉਹ।ਬਿੰਦੈ–ਜਾਣਦਾ ਹੈ।ਬ੍ਰਹਮੁ–ਵਾਹਿਗੁਰੂ ਨੂੰ।ਸੰਜਮੁ–ਇੰਦ੍ਰੀਆਂ ਨੂੰ ਕਾਬੂ ਕਰਨਾ।ਸੀਲ–ਸ਼ਾਤ ਸੁਭਾਓ।ਸੰਤੋਖ ਕਾ–ਸਬਰ ਦਾ; ਲੋਭ ਦਾ ਤਿਆਗ।ਬੰਧਨ–ਮਾਯਾ ਦੇ ਮੋਹ ਦੀਆਂ ਫਾਹੀਆਂ।ਸੋਈ–ਉਹ ਹੀ।ਪੂਜਣ ਜੁਗਤੁ–ਪੂਜਣ (ਆਦਰ) ਯੋਗ।੧੬

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥ ਹੇ ਭਾਈ! ਅਸਲੀ ਖਤ੍ਰੀ ਉਹ ਮਨੁੱਖ ਹੈ, ਜੋ (ਲੋਕ ਭਲਾਈ) ਕਰਮਾਂ ਨੂੰ ਕਰਨ ਦਾ ਸੂਰਵੀਰ ਹੈ।(ਅਤੇ) ਅਪਣੇ ਸਰੀਰ ਨੂੰ ਪੁੰਨ ਦਾਨ ਦਾ ਰੂਪ ਬਣਾ ਲਵੇ {ਪੁੰਨ ਦਾਨ ਕਾ ਕਰੇ ਸਰੀਰੁ।ਸੋ ਗਿਰਹੀ ਗੰਗਾ ਕਾ ਨੀਰੁ ੯੫੨}।

ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥ ਅਧਿਕਾਰੀ ਪੁਰਸ਼ ਨੂੰ ਪਛਾਣਦਾ ਹੈ, ਤੇ ਦਾਨ ਰੂਪ ਬੀਜ ਬੀਜਦਾ ਹੈ (ਤਾਂ ਬਹੁਤ ਫਲ ਦੀ ਪ੍ਰਾਪਤੀ ਹੁੰਦੀ ਹੈ)।ਉਹ ਖਤ੍ਰੀ ਹਰੀ ਦੀ ਦਰਗਾਹ ਵਿਚ ਪ੍ਰਵਾਣ ਹੁੰਦਾ ਹੈ।

ਲਬੁ ਲੋਭੁ ਜੇ ਕੂੜੁ ਕਮਾਵੈ ॥ ਅਪਨਾ ਕੀਤਾ ਆਪੇ ਪਾਵੈ ॥੧੭॥ (ਜਿਹੜਾ ਖਤ੍ਰੀ ਖਾਣ ਦਾ) ਲਾਲਚ, (ਮਾਇਆ ਦਾ) ਲੋਭ ਤੇ ਝੂਠੇ (ਹੇਰਾ ਫੇਰੀ ਦੇ) ਕਰਮ ਕਮਾਉਂਦਾ ਹੈ।ਉਹ ਅਪਣੇ ਕੀਤੇ ਕਰਮਾਂ ਦਾ ਫਲ ਆਪ ਹੀ ਪਾਉਂਦਾ (ਭੁਗਤਦਾ) ਹੈ।੧੭।

ਪਦਾਰਥ = ਖਤ੍ਰੀ–ਚਾਰ ਵਰਣਾਂ ਵਿਚੋਂ ਦੂਜਾ ਵਰਣ, ਜੋ ਪਰਜਾ ਦੀ ਰੱਖਿਆ ਕਰਦਾ ਹੈ, ਪੁਰਾਣਾਂ ਵਿਚ ਖਤ੍ਰੀਆਂ ਦੇ ਦੋ ਵੰਸ਼ ਲਿਖੇ ਮਿਲਦੇ ਹਨ, ਸੂਰਜ ਤੇ ਚੰਦ੍ਰ ਵੰਸ।ਸੋ–ਉਹ।ਜੁ–ਜੋ।ਸੂਰੁ–ਸੂਰਮਾ; ਬਹਾਦਰ।ਪੁੰਨ ਦਾਨ–ਭਲੇ ਕਰਮ ਤੇ ਲੋੜਵੰਦਾਂ ਦੀ ਮੱਦਤ।ਖੇਤੁ–ਯੋਗ ਪਾਤ੍ਰ; ਅਧਿਕਾਰੀ।ਬੀਜੈ ਦਾਨੁ–ਦਾਨ ਬੀਜਦਾ (ਦੇਂਦਾ) ਹੈ।ਪਰਵਾਣੁ–ਕਬੂਲ; ਮਨਜੂਰ।੧੭।

ਵਿਆਖਿਆ = ਖਤ੍ਰੀ ਦਾ ਧਰਮ ਹਿੰਦੂ ਧਰਮ ਅਨੁਸਾਰ ਦੇਸ਼ ਅਤੇ ਲੋਕਾਂ ਦੀ ਰੱਖਿਆ ਕਰਨਾ ਹੈ, ਅਸਲੀ ਖਤ੍ਰੀ ਉਹ ਹੈ ਜਿਹੜਾ ਦੇਸ਼ ਦੇ ਵੈਰੀਆ ਤੇ ਕਾਮਾਦਿਕਾਂ ਨਾਲ ਲੜਨ ਵਾਲਾ ਸੂਰਵੀਰ ਹੋਵੇ, ਜੁੱਧ ਵਿਚ ਪਿਠ ਨਾ ਦਿਖਾਵੇ।ਦੇਸ਼ ਦੀ ਰਖਿਆ ਕਰਨ ਵਾਸਤੇ ਅਪਣੇ ਸਰੀਰ ਦਾ ਦਾਨ ਕਰ ਦੇਵੇ, ਏਹੀ ਮਾਨਵ ਜਾਤੀ ਲਈ ਦਿਤਾ ਬਲੀਦਾਨ ਸਭ ਤੋਂ ਵੱਡਾ ਪੁੰਨ ਹੈ {ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ (ਪਾ.੧੦)}।ਆਮ ਤੌਰ ਤੇ ਖਤ੍ਰੀਆਂ ਦਾ ਪੇਸ਼ਾ ਖੇਤੀ ਬਾੜੀ ਤੇ ਸੈਨਾ ਵਿਚ ਨੌਕਰੀ ਕਰਨੀ ਹੁੰਦਾ ਹੈ।ਜਿਸ ਤਰ੍ਹਾਂ ਖੇਤ ਨੂੰ ਪਛਾਣ ਕੇ ਦਾਣੇ ਬੀਜੇ ਜਾਣ ਤਾਂ ਝਾੜ ਬਹੁਤਾ ਜਿਆਦਾ ਮਿਲਦਾ ਹੈ, ਇਸੇ ਤਰ੍ਹਾਂ ਦਾਨ ਕਰਨ ਵੇਲੇ ਯੋਗ ਅਯੋਗ ਬੰਦਾ

ਪਰਖ ਲਿਆ ਜਾਵੇ ਤਾਂ ਦਾਨ ਕੀਤੇ ਦਾ ਫਲ ਜਿਆਦਾ ਮਿਲਦਾ ਹੈ। ਕਿਸੇ ਲੋੜਵੰਦ ਦੁਖੀ ਦੀ ਮੱਦਤ ਕਰਨੀ ਮਹਾਂ ਪੁੰਨ ਹੈ। ਜਿਸਨੇ ਦਾਨ ਦੇ ਪੈਸਿਆਂ ਨਾਲ ਸ਼ਰਾਬ ਪੀਣੀ ਹੈ, ਨਸ਼ੇ ਕਰਨੇ ਹਨ ਜਾਂ ਅਯਾਸ਼ੀ ਵਿਚ ਪੈਸਾ ਖਰਚ ਕਰਨਾ ਹੈ, ਐਸੇ ਬੰਦੇ ਨੂੰ ਦਾਨ ਦਿਤੇ ਦਾ ਕੀ ਲਾਭ? ਜੇ ਮਾਯਾ ਦਾ ਲੋਭੀ ਹੋ ਕੇ ਝੂਠ ਦੀ ਖੱਟੀ ਖਾਂਦਾ ਹੈ ਤਾਂ ਕੀਤੇ ਕਰਮਾਂ ਦਾ ਲੇਖਾ ਹਰੀ ਦੇ ਦਰਬਾਰ ਵਿਚ ਦੇਣਾ ਹੀ ਪਵੇਗਾ।੧੭। ਬੀਜ ਬੋਵਸ ਭੋਗ ਭੋਗਹਿ, ਕੀਆ ਅਪਣਾ ਪਾਵਏ।(੭੦੫)

ਤਨੁ ਨ ਤਪਾਇ ਤਨੂਰ ਜਿਉ, ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ, ਅੰਦਰਿ ਪਿਰੀ ਸਮ੍ਾਲਿ ॥੧੮॥ ਹੇ ਭਾਈ! ਸਰੀਰ ਨੂੰ (ਧੂਣੀਆਂ ਨਾਲ) ਤੰਦੂਰ ਵਾਂਙ ਨਾ ਤਪਾ ਅਤੇ ਹੱਡਾਂ ਨੂੰ (ਲੱਕੜਾਂ ਦੀ ਜਗ੍ਹਾ) ਬਾਲਣ ਬਣਾ ਕੇ (ਧੂਣੀਆਂ ਨਾਲ) ਨਾ ਸਾੜ (ਸਰੀਰ ਨੂੰ ਤਪਾਂ ਨਾਲ ਇੰਨਾ ਕਸ਼ਟ ਦੇ ਕੇ ਰੱਬ ਨਹੀਂ ਮਿਲਦਾ)। ਸਿਰ ਤੇ ਪੈਰਾਂ (ਸਰੀਰ) ਨੇ ਤੇਰਾ ਕੀ ਵਿਗਾੜਿਆ ਹੈ, ਅਪਣੇ ਹਿਰਦੇ ਵਿਚ ਹੀ ਪਿਆਰੇ ਰੱਬ ਨੂੰ ਯਾਦ ਕਰ (ਬ੍ਰਿਤੀ ਅੰਤਰ ਮੁਖੀ ਕਰ, ਏਹੀ ਸੌਖਾ ਤਰੀਕਾ ਹੈ ਰੱਬ ਨੂੰ ਮਿਲਣ ਦਾ)।

ਪਦਾਰਥ = ਤਨੁ–ਸਰੀਰ ਨੂੰ। ਨ ਤਪਾਇ–(ਧੂਣੀਆਂ ਨਾਲ) ਨਾ ਤਪਾ। ਤਨੂਰ–ਭੱਠੀ; ਤੰਦੂਰ। ਜਿਉ–ਵਾਂਙ। ਬਾਲਣੁ–ਈਂਧਨ। ਨ ਬਾਲਿ–ਨਾ ਸਾੜ। ਸਿਰਿ ਪੈਰੀ–ਸਿਰ ਤੇ ਪੈਰਾਂ ਨੇ। ਫੇੜਿਆ–ਵਿਗਾੜਿਆ। ਅੰਦਰਿ–ਹਿਰਦੇ ਵਿਚ। ਪਿਰੀ–ਪਿਆਰੇ ਰੱਬ ਨੂੰ। ਸਮ੍ਾਲਿ–ਯਾਦ ਕਰ; ਸਾਂਭ ਕੇ ਰੱਖ।੧੮।

ਵਿਆਖਿਆ = ੧੩੮੪ ਅੰਗ ਤੇ ਗੁਰੂ ਨਾਨਕ ਦੇਵ ਜੀ ਦਾ ਇਹ ੧੨੦ ਵਾਂ ਸਲੋਕ, ਬਾਬਾ ਫਰੀਦ ਜੀ ਦੇ ੧੧੯ ਵੇਂ ਸਲੋਕ "ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਿ" ਦੇ ਉਤਰ ਵਿਚ ਵੀ ਉਚਾਰਿਆ ਹੋਇਆ ਹੈ। ਧੂਣੀਆਂ ਤਾਪਣੀਆਂ, ਖੂਹ ਵਿਚ ਪੁੱਠੇ ਲਟਕ ਕੇ ਤਪ ਕਰਨਾ ਆਦਿ ਸਰੀਰ ਨੂੰ ਕਸ਼ਟ ਦੇਣੇ ਗੁਰੂ ਨਾਨਕ ਦੇਵ ਜੀ ਦਾ ਮੱਤ ਨਹੀ ਹੈ। ਨਾਮ ਸਿਮਰਣ ਦੁਆਰਾ ਬ੍ਰਿਤੀ ਅੰਤਰ ਮੁਖੀ ਕਰਨ ਨਾਲ ਰੱਬ ਨੂੰ ਅੰਦਰੋਂ ਹੀ ਪਾਇਆ ਜਾ ਸਕਦਾ ਹੈ।੧੮

ਅੰਗ ੧੪੧੨ = ਸਭਨੀ ਘਟੀ ਸਹੁ ਵਸੈ, ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ, ਜਿਨ੍ਾ ਗੁਰਮੁਖਿ ਪਰਗਟੁ ਹੋਇ ॥੧੯॥ ਹੇ ਭਾਈ! ਸਾਰੇ ਸਰੀਰਾਂ ਵਿਚ ਮਾਲਕ ਪ੍ਰਭੂ ਵਸਦਾ ਹੈ, ਮਾਲਕ ਪ੍ਰਭੂ ਤੋਂ ਬਿਨਾ ਕੋਈ ਸਰੀਰ ਨਹੀਂ ਹੈ (ਪਰ ਗੁਪਤ ਵਸਦਾ ਹੈ)। ਗੁਰੂ ਜੀ ਆਖਦੇ ਹਨ, ਉਹ (ਜੀਵ ਰੂਪ) ਇਸਤ੍ਰੀਆਂ ਸੁਹਾਗਣਾਂ ਹਨ ਜਿਨ੍ਹਾਂ ਨੂੰ ਗੁਰੂ ਦੁਆਰਾ ਮਾਲਕ ਪ੍ਰਭੂ (ਅੰਦਰੋਂ) ਪ੍ਰਗਟ ਹੋ ਜਾਂਦਾ ਹੈ (ਪ੍ਰਭੂ ਸਭ ਦੇ ਅੰਦਰ ਗੁਪਤ ਵਸਦਾ ਹੈ, ਪਰ ਗੁਰਮੁਖਾਂ ਦੇ ਅੰਦਰ ਪ੍ਰਤੱਖ ਪ੍ਰਗਟ ਹੋ ਜਾਂਦਾ ਹੈ)।੧੯।

ਪਦਾਰਥ = ਸਭਨੀ ਘਟੀ–ਸਾਰੇ ਸਰੀਰਾਂ (ਹਿਰਦਿਆਂ) ਵਿਚ। ਸਹੁ–ਮਾਲਕ ਪ੍ਰਭੂ। ਸਹ–ਮਾਲਕ ਪ੍ਰਭੂ। ਤੇ–ਉਹ (ਇਸਤ੍ਰੀਆਂ)। ਸੋਹਾਗਣੀ–ਉਹ ਜਿਉਂਦੇ ਪਤੀ ਵਾਲੀ ਇਸਤ੍ਰੀ (ਪ੍ਰਭੂ ਦਾ ਉਪਾਸ਼ਕ ਗੁਰਮੁਖ)। ਜਿਨ੍ਾ–ਜਿਨ੍ਹਾਂ ਨੂੰ। ਗੁਰਮੁਖਿ–ਗੁਰੂ ਦੁਆਰਾ।੧੯।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ॥ ਹੇ ਭਾਈ! ਜੇ ਤੈਨੂੰ (ਪ੍ਰਭੂ ਦੇ) ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ। ਤਾਂ ਅਪਣੇ ਸਿਰ ਨੂੰ ਤਲੀ ਤੇ ਧਰ ਕੇ ਮੇਰੀ (ਸ਼ਰਣ ਰੂਪ) ਗਲੀ ਵਿਚ ਆ (ਗੁਰੂ ਨੂੰ ਆਪਾ ਸਮਰਪਣ ਕਰ ਦੇ) {ਨਾਨਕ ਸੇਵਕੁ ਸੋਈ ਆਖੀਐ, ਜੋ ਸਿਰੁ ਧਰੇ ਉਤਾਰਿ ੧੨੪੭}।

ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ, ਕਾਣਿ ਨ ਕੀਜੈ ॥੨੦॥ ਇਸ (ਸੱਤ ਸੰਗਤ ਦੇ) ਰਸਤੇ ਤੇ ਪੈਰ ਧਰਨਾ ਚਾਹੀਦਾ ਹੈ। ਸਿਰ ਦੇ ਦੇਣ ਲੱਗਿਆਂ ਕੋਈ ਅਹਿਸਾਨ ਨਹੀ ਕਰੀਦਾ ਕਿ ਮੈਂ ਸਿਰ ਦੇ ਰਿਹਾ ਹਾਂ; ਕੋਈ ਸ਼ਰਮ ਨਹੀਂ ਕਰਨੀ ਚਾਹੀਦੀ (ਪਿੱਛੇ ਨਹੀ ਹਟਣਾ ਚਾਹੀਦਾ)।੨੦।

ਪਦਾਰਥ= ਜਉ–ਜੇ। ਤਉ–ਤੈਨੂੰ। ਪ੍ਰੇਮ ਖੇਲਣ–ਪ੍ਰੇਮ ਦੀ ਖੇਡ ਖੇਲਣ ਦਾ। ਚਾਉ–ਉਤਸ਼ਾਹ। ਧਰਿ–ਧਰ (ਰੱਖ) ਕੇ। ਤਲੀ–ਹੱਥ ਦੀ ਹਥੇਲੀ। ਗਲੀ–ਬੀਹੀ (ਮਕਾਨਾਂ ਦੇ ਵਿਚਾਲੇ ਦਾ ਰਸਤਾ)। ਇਤੁ–ਇਸ। ਮਾਰਗਿ–ਰਸਤੇ ਤੇ। ਧਰੀਜੈ–ਧਰਨਾ (ਰੱਖਣਾ) ਚਾਹੀਦਾ ਹੈ। ਕਾਣਿ–ਸ਼ਰਮ; ਝਿਝਕ; ਅਹਿਸਾਨ; ਬਹਾਨਾ।੨੦।

ਵਿਆਖਿਆ = ਬਾਬਾ ਲਹਿਣਾ ਜੀ ਪ੍ਰਤੀ ਉਪਦੇਸ਼ ਹੈ ਜਦੋਂ ਉਹ ਗੁਰੂ ਨਾਨਕ ਦੇਵ ਜੀ ਦੀ ਸ਼ਰਣ ਵਿਚ ਆਏ ਸਨ। ਜੇ ਤੈਨੂੰ ਵਾਹਿਗੁਰੂ ਨਾਲ ਪ੍ਰੇਮ ਦੀ ਖੇਡ ਖੇਲਣ ਦਾ ਚਾਉ ਹੈ ਤਾਂ ਹੰਕਾਰ ਨੂੰ ਬੁੱਧੀ ਰੂਪ ਤਲੀ ਤੇ ਰੱਖ ਕੇ ਮੇਰੀ ਸ਼ਰਣ ਰੂਪ ਗਲੀ ਵਿਚ ਆ ਜਾਹ। ਗੁਰਮਤ ਮਾਰਗ ਤੇ ਸੰਕਲਪ ਰੂਪ ਪੈਰ ਰਖਣੇ ਚਾਹੀਦੇ ਹਨ। ਫਿਰ ਹੰਕਾਰ ਛਡ ਕੇ (ਗੁਰੂ ਨੂੰ ਭੇਟਾ ਕਰਕੇ) ਅਹਿਸਾਨ ਨਹੀ ਕਰੀਦਾ ਕਿ ਮੈਂ ਹੰਕਾਰ ਛਡ ਦਿਤਾ ਹੈ; ਗੁਰੂ ਦੀ ਸ਼ਰਣ ਵਿਚ ਆਉਣ ਤੋਂ ਪਿੱਛੇ ਨਹੀ ਹਟਣਾ ਚਾਹੀਦਾ (ਟਕਸਾਲ)।੨੦।

ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ ॥ ਮਰਣੁ ਨ ਜਾਪੈ ਮੂਲਿਆ, ਆਵੈ ਕਿਤੈ ਥਾਇ ॥੨੧॥ ਹੇ ਭਾਈ! (ਮਾਯਾ ਨਾਲ ਪਿਆਰ ਕਰਨ ਵਾਲੇ) ਬਾਣੀਏ ਨਾਲ ਮਿਤ੍ਰਤਾ ਕਰਨੀ (ਚੰਗੀ ਨਹੀਂ, ਕਿਉਂਕਿ) ਝੂਠਿਆਂ ਦੀ ਝੂਠੀ ਹੀ ਸੋਭਾ ਹੁੰਦੀ ਹੈ (ਮਾਇਆ ਕਰਕੇ ਹੀ ਇਜਤ ਹੈ); ਕੂੜ ਦੇ ਕਾਰਣ (ਮਿਤ੍ਰਤਾ ਦੀ) ਬੁਨਿਆਦ ਵੀ ਕੂੜੀ (ਕੱਚੀ) ਹੁੰਦੀ ਹੈ। ਹੇ ਮੂਲੇ! (ਘਰ ਦੇ ਮੋਹ ਕਰਕੇ ਤੈਂ) ਮੌਤ ਨੂੰ ਜਾਣਿਆਂ ਨਹੀ; ਹੇ ਜੀਵ! ਪਤਾ ਨਹੀਂ, ਮੌਤ ਕਿਸ ਥਾਂ ਆ ਜਾਣੀ ਹੈ?।੨੧।

ਪਦਾਰਥ = ਕਿਰਾੜਾ–ਬਾਣੀਏ; ਮਾਇਆ ਦੇ ਲੋਭੀ ਮਨੁੱਖ; ਬਪਾਰੀ (ਪਹਿਲਾਂ ਇਹ ਲਫਜ਼ ਮਹਾਜਨਾਂ, ਬਾਣੀਆਂ ਲਈ ਵਰਤਿਆ

ਜਾਂਦਾ ਸੀ;ਮੁਸਲਮਾਨ ਨਫਰਤ ਨਾਲ ਪਿੰਡਾਂ ਦੇ ਹੱਟੀ ਕਰਨ ਵਾਲਿਆਂ ਨੂੰ ਕਿਰਾੜ ਕਹਿੰਦੇ ਸਨ।ਮਾਇਆ ਦੇ ਲੋਭ ਨੇ ਇਨ੍ਹਾਂ ਨੂੰ ਡਰਪੋਕ ਤੇ ਕਠੋਰ ਦਿਲ ਬਣਾ ਦਿਤਾ (ਭਾ.ਵੀਰ ਸਿੰਘ)।ਕੂੜੈ–ਝੂਠਿਆਂ ਦੀ; ਕੂੜ ਕਰਕੇ।ਪਾਇ–ਸੋਭਾ; ਇਜਤ; ਬੁਨਿਆਦ।ਮਰਣੁ–ਮੌਤ।ਨ ਜਾਪੈ–ਨਹੀ ਪਤਾ; ਨਹੀਂ ਜਾਣਿਆ।ਮੁਲਿਆ–ਹੇ ਮੂਲੇ!।ਆਵੈ ਕਿਤੈ ਥਾਇ–ਕਿਸ ਥਾਂ ਤੇ ਆ ਜਾਵੇਗੀ।੨੧।

ਵਿਆਖਿਆ = ਸਿਆਲਕੋਟ ਦਾ ਰਹਿਣ ਵਾਲਾ ਮੂਲਾ ਖਤ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਬਣਿਆ।ਇਹ ਗੁਰੂ ਜੀ ਨਾਲ ਕਾਫੀ ਦੇਰ ਰਿਹਾ, ਗੁਰੂ ਜੀ ਤੋਂ ਛੁੱਟੀ ਲੈ ਕੇ ਘਰ ਆਏ ਨੂੰ ਪਤਨੀ ਨੇ ਮੁੜ ਗੁਰੂ ਜੀ ਕੋਲ ਨਾ ਜਾਣ ਦਿਤਾ।ਜਦ ਗੁਰੂ ਜੀ ਇਸ ਨੂੰ ਲੈਣ ਆਏ ਤਾਂ ਨਾਲ ਜਾਣ ਤੋਂ ਰੋਕਣ ਲਈ ਪਤਨੀ ਨੇ ਅੰਦਰ ਪਾਥੀਆਂ ਦੇ ਗੁਹਾਰੇ ਵਿਚ ਲੁਕਾ ਦਿਤਾ ਅਤੇ ਕਹਿ ਦਿਤਾ ਕਿ ਉਹ ਘਰ ਨਹੀ ਹੈ।ਕਰਤਾਰ ਦਾ ਭਾਣਾ ਐਸਾ ਹੋਇਆ ਕਿ ਗੁਹਾਰੇ ਵਿਚੋਂ ਸੱਪ ਲੜ ਕੇ ਮੂਲਾ ਮਰ ਗਿਆ।ਉਸ ਮੂਲੇ ਪਰਥਾਇ ਇਹ ਸਲੋਕ ਉਚਾਰਿਆ ਹੈ।ਅਮੀਰਾਂ ਦੀ ਲੋਕ ਮਾਇਆ ਕਰਕੇ ਹੀ ਇਜਤ ਕਰਦੇ ਹਨ, ਉਸਦੇ ਚੰਗੇ ਆਚਰਣ ਕਰਕੇ ਨਹੀ।ਉਸਦੀ ਸੋਭਾ ਵੀ ਪੈਸੇ ਕਰਕੇ ਹੀ ਹੁੰਦੀ ਹੈ।ਜਿਸਦਾ ਪਿਆਰ ਪੈਸੇ ਵਿਚ ਹੈ, ਉਹ ਪੈਸੇ ਤੋਂ ਬਿਨਾ ਦੂਜੇ ਨਾਲ ਪਿਆਰ ਨਹੀ ਨਿਭਾ ਸਕਦਾ।ਪੈਸੇ ਵਿਚ ਅੰਨ੍ਹੇ ਹੋਏ ਨੂੰ ਅਪਣੀ ਮੌਤ ਵੀ ਯਾਦ ਨਹੀਂ ਕਿ ਕਦੋਂ, ਕਿਥੇ ਤੇ ਕਿਸ ਵੇਲੇ ਆ ਜਾਣੀ ਹੈ? ਗੁਰੂ ਤੋਂ ਬੇਮੁਖ ਨਹੀ ਹੋਣਾ ਚਾਹੀਦਾ।੨੧।

ਗਿਆਨ ਹੀਣੰ ਅਗਿਆਨ ਪੂਜਾ ॥ ਅੰਧ ਵਰਤਾਵਾ ਭਾਉ ਦੂਜਾ ॥੨੨॥ ਗਿਆਨ ਤੋਂ ਖਾਲੀ ਮਨੁੱਖ, ਅਗਿਆਨਤਾ ਦੀ ਪੂਜਾ ਕਰਦੇ ਹਨ (ਕੋਈ ਪਖੰਡੀ ਸਾਧਾਂ ਨੂੰ ਪੂਜੀ ਜਾਂਦਾ ਹੈ, ਕੋਈ ਮੂਰਤੀਆਂ, ਬੁੱਤਾਂ, ਮੜ੍ਹੀਆਂ, ਕਬਰਾਂ ਤੇ ਦੇਵੀ ਦੇਵਤਿਆਂ ਨੂੰ ਪੂਜੀ ਜਾਂਦਾ ਹੈ)।ਹਿਰਦੇ ਵਿਚ ਦ੍ਵੈਤ ਭਾਵ ਹੋਣ ਕਰਕੇ ਉਨ੍ਹਾਂ ਦਾ ਵਰਤ ਵਿਹਾਰ ਵੀ ਅਗਿਆਨਤਾ ਵਾਲਾ ਹੁੰਦਾ ਹੈ।੨੨।

ਪਦਾਰਥ = ਗਿਆਨ ਹੀਣੰ–ਗਿਆਨ ਤੋਂ ਖਾਲੀ।ਅੰਧ–ਅਗਿਆਨਤਾ ਵਾਲਾ।ਵਰਤਾਵਾ–ਵਰਤ ਵਿਹਾਰ।ਭਾਉ ਦੂਜਾ–ਦੂਜੇ ਦਾ ਪਿਆਰ (ਵਾਹਿਗੁਰੂ ਨੂੰ ਛਡ ਕੇ ਹੋਰ ਨਾਲ ਪਿਆਰ)।੨੨।

ਗੁਰ ਬਿਨੁ ਗਿਆਨੁ, ਧਰਮ ਬਿਨੁ ਧਿਆਨੁ ॥ ਹੇ ਭਾਈ! (ਸੱਚੇ) ਗੁਰੂ ਤੋਂ ਬਿਨਾ ਗਿਆਨ ਅਤੇ ਧਰਮ ਤੋਂ ਬਿਨਾ (ਵਾਹਿਗੁਰੂ ਦਾ) ਧਿਆਨ ਨਹੀ ਪ੍ਰਾਪਤ ਹੁੰਦਾ; (ਕਲਜੁਗ ਵਿਚ) ਗੁਰੂ ਤੋਂ ਬਿਨਾ (ਨਿਗੁਰੇ ਲੋਕ) ਗਿਆਨ ਕਥਨ ਕਰਦੇ ਹਨ ਤੇ ਧਰਮ ਤੋਂ ਬਿਨਾ ਹੀ ਬਗਲੇ ਵਾਂਙ ਝੂਠਾ ਧਿਆਨ ਲਾਉਂਦੇ ਹਨ (ਜਿਸਦਾ ਕੋਈ ਧਰਮ ਹੀ ਨਹੀਂ, ਉਸਦਾ ਹਰੀ ਵਿਚ ਧਿਆਨ ਕਿਵੇਂ ਲਗ ਸਕਦਾ ਹੈ?)।

ਸਚ ਬਿਨੁ ਸਾਖੀ, ਮੂਲੋ ਨ ਬਾਕੀ ॥੨੩॥ ਸੱਚ ਤੋਂ ਬਿਨਾ (ਸੱਖਣੀ) ਸਿਖਿਆ ਦੇਣ ਦਾ ਅਸਰ ਕੁਛ ਬਾਕੀ ਨਹੀਂ ਰਹਿੰਦਾ (ਸ਼ਬਦਾਰਥ); ਸੱਚ ਤੋਂ ਬਿਨਾ (ਝੂਠੀ) ਗਵਾਹੀ ਦੇਣ ਨਾਲ ਮਨੁੱਖ ਦੀ ਕਦਰ ਕੀਮਤ ਉਕਾ ਹੀ ਬਾਕੀ ਨਹੀ ਰਹਿੰਦੀ (ਮੇਰਾ ਖਿਆਲ); ਮੂਲ ਰੂਪ ਸੁਆਸਾਂ ਤੋਂ ਬਿਨਾ ਬਾਕੀ ਜੀਵਨ ਕਾਹਦਾ? ਜਿਸ ਕੋਲ ਸੱਚ ਰੂਪ ਮੂਲ ਹੀ ਨਹੀ,ਉਸ ਨੂੰ ਬਾਕੀ ਸ਼ੁਭ ਕਰਮਾਂ ਦਾ ਫਲ ਕੀ ਮਿਲਣਾ ਹੈ? (ਦੋਵੇਂ ਅਰਥ ਟਕਸਾਲ ਦੇ ਹਨ)।੨੩।

ਪਦਾਰਥ = ਗਿਆਨ–ਆਤਮਕ ਸੂਝ ਬੂਝ; ਪ੍ਰਭੂ ਬਾਰੇ ਜਾਣਕਾਰੀ।ਸਾਖੀ–ਸਿਖਿਆ; ਗਵਾਹੀ।ਮੂਲੋ–ਕੀਮਤ; ਕਦਰ; ਮੁੱਲ; ਉੱਕਾ ਹੀ।ਨ ਬਾਕੀ–ਬਾਕੀ ਨਹੀਂ ਰਹਿੰਦੀ।੨੩।

ਮਾਣੂ ਘਲੈ ਉਠੀ ਚਲੈ ॥ ਸਾਦੁ ਨਾਹੀ ਇਵੇਹੀ ਗਲੈ ॥੨੪॥ (ਨਿਰੰਕਾਰ) ਮਨੁੱਖ ਨੂੰ ਸੰਸਾਰ ਵਿਚ (ਨਾਮ ਜਪ ਕੇ ਜੀਵਨ ਸਫਲ ਕਰਨ ਲਈ) ਭੇਜਦਾ ਹੈ, ਪਰ ਮਨੁੱਖ (ਬਿਨਾ ਕੁੱਛ ਖੱਟਿਆਂ ਇਥੋਂ) ਉਠ ਕੇ ਚਲਾ ਜਾਂਦਾ ਹੈ {ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ ੧੨੩੯}।ਇਹੋ ਜਿਹੀਆਂ ਗਲਾਂ ਵਿਚ (ਮਨੁੱਖ ਨੂੰ ਆਤਮਕ) ਅਨੰਦ ਨਹੀ ਮਿਲਦਾ।੨੪।

ਪਦਾਰਥ = ਮਾਣੂ–ਮਨੁੱਖ।ਘਲੈ–ਭੇਜਦਾ ਹੈ।ਉਠੀ–ਉਠ ਕੇ।ਚਲੈ–ਚਲੇ ਜਾਂਦਾ ਹੈ।ਸਾਦੁ–(ਆਤਮਕ) ਅਨੰਦ; ਸੁਆਦ।ਇਵੇਹੀ–ਇਹੋ ਜਿਹੀਆਂ।ਗਲੈ–(ਗੱਲੈ ਬੋਲੋ) ਗੱਲਾਂ ਵਿਚ।੨੪।

ਵਿਆਖਿਆ = ਜੇ ਕੋਈ ਕਹੇ ਕਿ ਗੁਰੂ ਬਿਨਾ ਗਿਆਨ ਹੋ ਸਕਦਾ ਹੈ, ਧਰਮ ਧਾਰੇ ਬਿਨਾ ਧਿਆਨ ਲਗ ਸਕਦਾ ਹੈ, ਸੱਚ ਪੱਲੇ ਹੋਣ ਤੋਂ ਬਿਨਾ ਸਿਖਿਆ ਦਿਤੀ ਜਾ ਸਕਦੀ ਹੈ ਜਾਂ ਗਵਾਹੀ ਦਿਤੀ ਜਾ ਸਕਦੀ ਹੈ, ਮੂਲ ਤਾਂ ਹੈ ਨਹੀਂ ਬਾਕੀ ਨਿਕਲ ਸਕਦੀ ਹੈ, ਇਸ ਤਰ੍ਹਾਂ ਦੀਆਂ ਅਣ ਹੋਣੀਆਂ ਗੱਲਾਂ ਕਰਨ ਨਾਲ ਆਤਮਕ ਅਨੰਦ ਨਹੀ ਮਿਲ ਸਕਦਾ।ਸੰਸਾਰ ਵਿਚ ਮਨੁੱਖ ਨੂੰ ਹਰੀ ਭੇਜਦਾ ਹੈ ਤੇ ਉਮਰ ਪੂਰੀ ਹੋਣ ਤੇ ਹਰੀ ਦੇ ਹੁਕਮ ਅਨੁਸਾਰ ਮਨੁੱਖ ਸੰਸਾਰ ਤੋਂ ਉਠ ਕੇ ਤੁਰ ਜਾਂਦਾ ਹੈ।ਸੰਸਾਰ ਵਿਚ ਕੁਛ ਲਾਹਾ ਖੱਟੇ ਤੋਂ ਬਿਨਾ ਜੀਵਨ ਜਿਉਣ ਦਾ ਕੋਈ ਆਤਮਕ ਅਨੰਦ ਨਹੀ ਹੈ।੨੪।

ਰਾਮ ਝੁਰੈ ਦਲ ਮੇਲਵੈ, ਅੰਤਰਿ ਬਲੁ ਅਧਿਕਾਰ ॥ ਬੰਤਰ ਕੀ ਸੈਨਾ ਸੇਵੀਐ, ਮਨਿ ਤਨਿ ਜੁਝੁ ਅਪਾਰੁ ॥ ਰਾਮ ਚੰਦਰ ਜੀ ਦੁਖੀ ਹੋ ਰਹੇ ਹਨ, ਭਾਵੇਂ ਉਹ ਸੈਨਾ ਇਕੱਠੀ ਕਰਦੇ ਹਨ, ਅੰਦਰ ਬਲ ਵੀ ਅਧਿਕ ਹੈ; ਹਕੂਮਤ ਦਾ ਬਲ ਹੈ; ਅਪਣੇ ਅਧਿਕਾਰਾਂ ਦਾ ਬਲ ਵੀ ਹੈ (ਵਿਸ਼ਨੂੰ ਦੇ ੧੪ ਕਲਾ ਅਵਤਾਰ ਸਨ, ਅਵਤਾਰੀ ਤਾਕਤ ਵਰਤਣ ਦਾ ਅਧਿਕਾਰ ਹੈ)।ਬਾਂਦਰਾਂ ਦੀ ਸੈਨਾ (ਰਾਮ ਜੀ ਦੀ) ਸੇਵਾ ਕਰ ਰਹੀ ਹੈ, ਮਨ ਤੇ ਤਨ ਵਿਚ ਜੁੱਧ ਦਾ ਚਾਉ ਵੀ ਬਹੁਤ ਹੈ।

ਸੀਤਾ ਲੈ ਗਇਆ ਦਹਸਿਰੋ, ਲਛਮਣੁ ਮੂਓ ਸਰਾਪਿ ॥ ਨਾਨਕ ਕਰਤਾ ਕਰਣਹਾਰੁ, ਕਰਿ ਵੇਖੈ ਥਾਪਿ ਉਥਾਪਿ ॥੨੫॥ (ਰਾਮ ਜੀ ਦੁਖੀ ਇਸ ਲਈ ਹਨ ਕਿਉਂਕਿ) ਸੀਤਾ ਨੂੰ ਰਾਵਣ ਚੁੱਕ ਕੇ ਲੈ ਗਿਆ ਅਤੇ ਲਛਮਣ ਸਰਾਪ ਨਾਲ ਮਰ ਗਿਆ। ਗੁਰੂ ਜੀ ਆਖਦੇ ਹਨ, ਉਹ ਕਰਤਾਰ ਸਭ ਕੁਝ ਕਰਨ ਵਾਲਾ (ਸਰਬ ਸ਼ਕਤੀ ਵਾਨ) ਹੈ, ਸ੍ਰਿਸਟੀ ਨੂੰ ਪੈਦਾ ਕਰਕੇ ਫਿਰ ਨਾਸ਼ ਕਰਕੇ (ਅਪਣਾ ਖੇਲ) ਦੇਖਦਾ ਹੈ; ਉਹ ਆਪ ਹੀ ਪੈਦਾ ਕਰਕੇ ਪਾਲਣਾ ਕਰਦਾ ਹੈ, ਫਿਰ ਆਪ ਹੀ ਨਾਸ਼ ਕਰਦਾ ਹੈ।੨੫।

ਪਦਾਰਥ = ਰਾਮ-ਰਾਮ ਚੰਦਰ (ਰਾਜਾ ਦਸਰਥ ਦਾ ਪੁਤ੍ਰ)। ਝੁਰੈ-ਦੁਖੀ ਹੁੰਦੇ ਹਨ। ਦਲ-ਸੈਨਾ। ਮੇਲਵੈ-ਇਕੱਠੀ ਕਰਦੇ ਹਨ। ਅੰਤਰਿ-(ਸਰੀਰ ਦੇ) ਅੰਦਰ। ਬਲੁ-(ਅਵਤਾਰੀ) ਤਾਕਤ। ਬੰਤਰ ਕੀ-ਬਾਂਦਰਾਂ ਦੀ। ਅਧਿਕਾਰ-ਅਧਿਕ; ਬਹੁਤ; ਹਕੂਮਤ; ਅਧਿਕਾਰਾਂ ਦਾ। ਸੇਵੀਐ-ਸੇਵਾ ਵਿਚ; ਸੇਵਾ ਕਰ ਰਹੀ ਹੈ। ਜੁਝੁ-ਜੁੱਧ (ਕਰਨ ਦਾ ਚਾਉ)। ਅਪਾਰੁ-ਬਹੁਤ। ਸੀਤਾ-ਰਾਜਾ ਜਨਕ ਦੀ ਪੁਤਰੀ ਜੋ ਰਾਮ ਨਾਲ ਵਿਆਹੀ ਸੀ। ਲੈ ਗਇਆ-ਚੁੱਕ ਕੇ ਲੈ ਗਿਆ। ਦਹਸਿਰੋ-ਦਸਾਂ ਸਿਰਾਂ ਵਾਲਾ ਰਾਵਣ। ਲਛਮਣੁ-ਰਾਮ ਦਾ ਛੋਟਾ ਮਿਤ੍ਰੇਆ ਭਰਾ ਜੋ ਰਾਜਾ ਦਸਰਥ ਦੀ ਰਾਣੀ ਸੁਮਿਤ੍ਰਾ ਦੇ ਪੇਟੋਂ ਜਨਮਿਆ ਅਤੇ ਜਨਕ ਦੀ ਪੁਤ੍ਰੀ ਉਰਮਿਲਾ ਨਾਲ ਵਿਆਹਿਆ ਸੀ, ਅੰਗਦ ਤੇ ਚੰਦ੍ਰਕੇਤੁ ਦੋ ਪੁਤ੍ਰ ਸਨ। ਮੂਓ-ਮਰਨ ਤੁੱਲ ਮੂਰਛਤ ਹੋਇਆ। ਸਰਾਪਿ-ਸਰਾਪ ਨਾਲ। ਕਰਤਾ-ਕਰਤਾਰ। ਕਰਣਹਾਰ-ਰਚਨਹਾਰ; ਕਰਨ ਵਾਲਾ। ਕਰਿ ਵੇਖੈ-ਕਰਕੇ ਦੇਖਦਾ ਹੈ; ਪਾਲਦਾ ਹੈ। ਥਾਪਿ-ਪੈਦਾ ਕਰਕੇ। ਉਥਾਪਿ-ਨਾਸ਼ ਕਰਕੇ।੨੫।

ਵਿਆਖਿਆ = ਅਕਾਲ ਪੁਰਖ ਕਰਣ ਕਾਰਣ ਸਮਰੱਥ ਹੈ, ਉਹ ਅਪਣੀ ਸ਼ਕਤੀ ਦੇ ਕੇ ਸੰਸਾਰ ਦੀ ਭਲਾਈ ਵਾਸਤੇ ਅਵਤਾਰਾਂ ਨੂੰ ਭੇਜਦਾ ਹੈ ਭਾਵ ਅਵਤਾਰਾਂ ਵਿਚ ਵੀ ਉਸ ਵਾਹਿਗੁਰੂ ਦੀ ਤਾਕਤ ਕੰਮ ਕਰਦੀ ਹੁੰਦੀ ਹੈ। ਅਵਤਾਰਾਂ ਨੂੰ ਭਗਵਾਨ ਜਾਣਨਾ ਯੋਗ ਨਹੀਂ, ਕਿਉਂਕਿ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਤਾਂ ਅਵਤਾਰ ਵੀ ਭੋਗਦੇ ਹਨ {ਅੰਧੁਲੈ ਦਹਸਿਰਿ ਮੂੰਡੁ ਕਟਾਇਆ, ਰਾਵਣੁ ਮਾਰਿ ਕਿਆ ਵਡਾ ਭਇਆ ੩੫੦}। ਪਰ ਵਾਹਿਗੁਰੂ ਦੁਖ ਸੁਖ, ਖੁਸ਼ੀ ਗਮੀ ਤੇ ਕਰਮ ਭੋਗਣ ਤੋਂ ਮੁਕਤ ਹੈ। ਭਗਵਾਨ ਵਾਸਤੇ ਰਾਵਣ ਨੂੰ ਮਾਰਨਾ ਕਿਹੜੀ ਵੱਡੀ ਗਲ ਸੀ, ਇੰਨੀ ਵੱਡੀ ਸੈਨਾ ਕੱਠੀ ਕਰਕੇ ਲਿਜਾਣ ਦੀ ਕੀ ਲੋੜ ਸੀ? ਭਗਵਾਨ ਤਾਂ ਦ੍ਰਿਸਟੀ ਨਾਲ ਹੀ ਮਾਰ ਸਕਦਾ ਸੀ। ਰਾਵਣ ਦੀ ਬਰਛੀ ਨਾਲ ਲਛਮਣ ਬੇਹੋਸ਼ ਹੋ ਗਿਆ, ਕਿਹਾ ਜਾਂਦਾ ਹੈ ਕਿ ਲਛਮਣ ਦੀ ਇਹ ਹਾਲਤ ਭੀਲਣੀ ਦੇ ਬਚਨਾਂ ਕਾਰਣ ਹੋਈ ਸੀ। ਜਦ ਰਾਮ ਨੇ ਭੀਲਣੀ ਦੇ ਜੂਠੇ ਬੇਰ ਖਾਧੇ ਸਨ ਤਾਂ ਲਛਮਣ ਨੇ ਕੁਝ ਸ਼ੰਕਾ ਕੀਤੀ ਸੀ, ਜਿਸ ਤੇ ਭੀਲਣੀ ਦੇ ਮੂਹੋਂ ਇਹ ਵਾਕ ਨਿਕਲੇ ਕਿ ਜਿਵੇਂ ਲਛਮਣ ਦੇ ਵਾਕਾਂ ਨੇ ਮੇਰੇ ਦਿਲ ਵਿਚ ਬਰਛੀ ਵਾਂਗ ਚੋਟ ਮਾਰੀ ਹੈ, ਤਿਵੇਂ ਇਹ ਵੀ ਬਰਛੀ ਦੀ ਚੋਟ ਨਾਲ ਪੀੜਤ ਹੋਵੇਗਾ। ਲਛਮਣ ਦੀ ਮਰਨ ਤੁੱਲ ਬੇਹੋਸ਼ੀ ਤੇ ਸੀਤਾ ਦੇ ਵਿਛੋੜੇ ਨੇ ਰਾਮ ਚੰਦਰ ਨੂੰ ਬੜਾ ਦੁਖੀ ਕੀਤਾ, ਲੰਕਾ ਦੇ ਸੁਖੈਨ ਵੈਦ ਨੇ ਲਛਮਣ ਨੂੰ ਰਾਜੀ ਕੀਤਾ।੨੫।

ਮਨ ਮਹਿ ਝੂਰੈ ਰਾਮਚੰਦੁ, ਸੀਤਾ ਲਛਮਣ ਜੋਗੁ ॥ ਰਾਮ ਚੰਦਰ ਜੀ ਮਨ ਵਿਚ ਸੀਤਾ ਅਤੇ ਲਛਮਣ ਵਾਸਤੇ ਝੁਰਦੇ ਹਨ; ਸੀਤਾ ਲਛਮਣ ਦੇ ਵਿਯੋਗ ਕਰਕੇ ਮਨ ਵਿਚ ਦੁਖੀ ਹੋਏ। ਰੋਵੈ ਰਾਮੁ ਨਿਕਾਲਾ ਭਇਆ। ਸੀਤਾ ਲਖਮਣੁ ਵਿਛੜਿ ਗਇਆ। (੯੫੩)

ਹਣਵੰਤਰੁ ਆਰਾਧਿਆ, ਆਇਆ ਕਰਿ ਸੰਜੋਗੁ ॥ (ਰਾਮ ਚੰਦਰ ਜੀ ਨੇ) ਹਨੂਮਾਨ ਨੂੰ ਯਾਦ ਕੀਤਾ ਜੋ (ਕੁਦਰਤੀ ਪਿਛਲੇ ਜਨਮਾਂ ਦੇ) ਸੰਜੋਗ ਕਰਕੇ ਆ ਗਿਆ; (ਹਨੂਮਾਨ ਨੇ ਸੰਜੀਵਨੀ ਬੂਟੀ ਲਿਆ ਕੇ ਲਛਮਣ ਨੂੰ ਰਾਜੀ ਕੀਤਾ ਤੇ ਰਾਵਣ ਦੇ ਮਾਰੇ ਜਾਣ ਤੇ ਅਸੋਕ ਬਾਗ ਵਿਚੋਂ ਸੀਤਾ ਨੂੰ) ਲੈ ਕੇ ਆਇਆ (ਤੇ ਰਾਮ ਚੰਦਰ ਨਾਲ ਦੋਹਾਂ ਦਾ) ਮੇਲ ਕਰਾਇਆ।

ਭੂਲਾ ਦੈਤੁ ਨ ਸਮਝਈ, ਤਿਨਿ ਪ੍ਰਭ ਕੀਏ ਕਾਮ ॥ ਨਾਨਕ ਵੇਪਰਵਾਹੁ ਸੋ, ਕਿਰਤੁ ਨ ਮਿਟਈ ਰਾਮ ॥੨੬॥ ਪ੍ਰਭੂ ਤੋਂ ਭੁਲਿਆ ਹੋਇਆ ਦੈਂਤ ਰਾਵਣ ਸਮਝ ਨਹੀ ਰਿਹਾ ਕਿ ਇਹ ਸਾਰੇ ਕੌਤਕ ਪ੍ਰਭੂ ਦੇ ਆਪ ਹੀ ਕੀਤੇ ਹੋਏ ਹਨ (ਪ੍ਰਭੂ ਦੇ ਰਚੇ ਕੌਤਕਾਂ ਨੂੰ ਰਾਵਣ ਨਹੀ ਸਮਝਦਾ) {ਤੈਥੋ ਹੀ ਬਲੁ ਰਾਮ ਲੈ, ਨਾਲ ਬਾਣਾ ਰਾਵਣੁ ਘਾਇਆ (ਚੰਡੀ ਦੀ ਵਾਰ)}। ਗੁਰੂ ਜੀ ਆਖਦੇ ਹਨ, ਉਹ ਅਕਾਲ ਪੁਰਖ ਵੇਪ੍ਰਵਾਹ ਹੈ, (ਉਸ ਦੇ ਹੁਕਮ ਅੰਦਰ) ਰਾਮ ਚੰਦਰ ਜੀ ਦਾ (ਪਿਛਲੇ ਜਨਮ ਦਾ) ਕੀਤਾ ਕਰਮ ਨਹੀ ਮਿਟ ਸਕਿਆ (ਕੀਤੇ ਕਰਮਾਂ ਦਾ ਫਲ; ਨਾਰਦ ਦਾ ਦਿਤਾ ਸਰਾਪ ਭੋਗਣਾ ਪਿਆ)।੨੬।

ਪਦਾਰਥ = ਝੂਰੈ-ਦੁਖੀ ਹੁੰਦਾ ਹੈ। ਜੋਗੁ-ਵਾਸਤੇ; ਵਿਯੋਗ। ਹਣਵੰਤਰੁ-ਹਨੂਮਾਨ ਨੂੰ। ਆਰਾਧਿਆ-ਯਾਦ ਕੀਤਾ। ਕਰਿ ਸੰਜੋਗ-ਸੰਜੋਗ ਕਰਕੇ; ਮਿਲਾਪ ਕਰਾ ਦਿਤਾ। ਦੈਂਤ-ਰਾਵਣ ਦੈਂਤ। ਨ ਸਮਝਈ-ਨਹੀ ਸਮਝਦਾ। ਤਿਨਿ ਪ੍ਰਭ-ਉਸ ਪ੍ਰਭੂ ਨੇ। ਕਾਮ-ਕੰਮ; ਕੌਤਕ। ਸੋ -ਉਹ। ਕਿਰਤੁ-ਪਿਛਲੇ ਜਨਮ ਦੇ ਕੀਤੇ ਹੋਏ ਕਰਮ। ਰਾਮ-ਰਾਮ ਚੰਦਰ ਜੀ ਦਾ।੨੬।

ਵਿਆਖਿਆ = ਨਾਰਦ ਮੁਨੀ ਬ੍ਰਹਮਾ, ਸ਼ਿਵ ਤੇ ਵਿਸ਼ਨੂੰ ਕੋਲ ਵਾਰੋ ਵਾਰੀ ਜਾ ਕੇ ਕਹਿਣ ਲੱਗਾ ਕਿ ਮੈਂ ਕਾਮ ਜਿਤ ਲਿਆ ਹੈ, ਜਿਹੜਾ ਤੁਹਾਥੋਂ ਤੇ ਹੋਰ ਦੇਵਤਿਆਂ ਤੋਂ ਵੀ ਨਹੀ ਸੀ ਜਿਤਿਆ ਗਿਆ। ਵਿਸ਼ਨੂੰ ਨੇ ਨਾਰਦ ਦਾ ਹੰਕਾਰ ਤੋੜਨ ਲਈ ਅਪਣੀ ਮਾਯਾ ਦੁਆਰਾ ਇਕ ਸੁੰਦਰ ਨਗਰ ਦੀ ਰਚਨਾ ਕੀਤੀ। ਇਸ ਨਗਰ ਦੀ ਸੋਭਾ ਸੁਣ ਕੇ ਨਾਰਦ ਵੀ ਦੇਖਣ ਚਲਾ ਗਿਆ ਅਤੇ ਘੁੰਮਦਾ ਫਿਰਦਾ ਰਾਜੇ ਦੇ ਮਹਿਲਾਂ ਵਿਚ ਜਾ ਪੁਜਾ ਜਿਥੇ ਵਿਸ਼ਨੂੰ ਰਾਜੇ ਦੇ ਰੂਪ ਵਿਚ ਬੈਠਾ ਸੀ। ਰਾਜੇ (ਵਿਸ਼ਨੂੰ) ਨੇ ਨਾਰਦ ਨੂੰ ਪੁਛਿਆ, ਰਿਸ਼ੀ ਜੀ! ਮੇਰੀ ਕੰਨਿਆ ਲਈ ਕੁਛ ਦਿਨਾਂ ਤਕ ਸੁਅੰਬਰ ਦਾ ਦਿਨ ਨੀਯਤ ਕੀਤਾ ਹੋਇਆ ਹੈ, ਹੱਥ ਦੇਖ ਕੇ ਦੱਸੋ ਵਰ ਕੈਸਾ ਮਿਲੇਗਾ? ਜਦ ਨਾਰਦ

ਨੇ ਕੰਨਿਆ ਦਾ ਹੱਥ ਫੜ ਕੇ ਦੇਖਿਆ ਤਾ ਮਨ ਤੇ ਕਾਬੂ ਨਾ ਰਿਹਾ, ਕਾਮ ਨੇ ਜੋਰ ਪਾ ਲਿਆ। ਫਿਰ ਸੋਚਣ ਲੱਗਾ ਕਿਉਂ ਨਾ ਇਸ ਕੰਨਿਆ ਨੂੰ ਮੈਂ ਵਰ ਲਵਾਂ? ਰਾਜੇ ਨੂੰ ਆਖਣ ਲੱਗਾ ਇਸ ਕੰਨਿਆ ਨੂੰ ਵਿਸ਼ਨੂੰ ਵਰੇਗਾ। ਰਾਜੇ ਕੋਲੋਂ ਵਿਦਾ ਹੋ ਕੇ ਨਾਰਦ ਸਿੱਧਾ ਵਿਸ਼ਨ ਪੁਰੀ ਵਿਚ ਵਿਸ਼ਨੂੰ ਕੋਲ ਜਾ ਪੁੱਜਾ। ਜਿਥੇ ਵਿਸ਼ਨੂੰ ਪਹਿਲਾਂ ਹੀ ਆ ਬੈਠਾ ਸੀ, ਨਾਰਦ ਨੇ ਵਿਸ਼ਨੂੰ ਤੋਂ ਸੁਅੰਬਰ ਸਮੇਂ ਵਿਸ਼ਨੂੰ ਦਾ ਰੂਪ ਹੋਣ ਦਾ ਵਰ ਮੰਗਿਆ। ਪਰ ਵਿਸ਼ਨੂੰ ਨੇ ਨਾਰਦ ਨੂੰ ਬਾਂਦਰ ਦਾ ਰੂਪ ਦੇ ਦਿਤਾ। ਸੁਅੰਬਰ ਸਮੇਂ ਨਾਰਦ ਵੀ ਹੋਰ ਦੇਸ਼ਾਂ ਦੇ ਰਾਜ ਕੁਮਾਰਾਂ ਵਾਂਗ ਜਾ ਪੁੱਜਾ। ਜਦ ਰਾਜ ਕੰਨਿਆ ਜੈ ਮਾਲਾ ਫੜ ਕੇ ਸੁਅੰਬਰ ਦੇ ਪੰਡਾਲ ਵਿਚ ਆਈ ਤਾਂ ਨਾਰਦ ਉਛਲ ਉਛਲ ਕੇ ਰਾਜ ਕੁਮਾਰੀ ਦੇ ਅੱਗੇ ਅਪਣਾ ਮੂੰਹ ਕਰੀ ਜਾਵੇ, ਪਰ ਰਾਜ ਕੁਮਾਰੀ ਨਫਰਤ ਨਾਲ ਦੇਖ ਕੇ ਅੱਗੇ ਲੰਘ ਗਈ। ਜਦ ਨਾਰਦ ਫਿਰ ਦੁਬਾਰਾ ਅੱਗੇ ਹੋਣ ਦੀ ਕੋਸ਼ਿਸ ਕਰਨ ਲੱਗਾ ਤਾਂ ਕੋਲ ਬੈਠੇ ਰਾਜ ਕੁਮਾਰਾਂ ਨੇ ਨਾਰਦ ਨੂੰ ਕਿਹਾ ਕਿ ਅਪਣਾ ਮੂੰਹ ਤਾਂ ਪਹਿਲਾਂ ਦੇਖ। ਜਦ ਸ਼ੀਸ਼ੇ ਵਿਚ ਨਾਰਦ ਨੇ ਬਾਂਦਰ ਵਾਲਾ ਮੂੰਹ ਦੇਖਿਆ ਤਾਂ ਬੜਾ ਗੁੱਸੇ ਹੋਇਆ। ਜਦ ਦੇਖਿਆ ਕਿ ਵਿਸ਼ਨੂੰ ਨੇ ਸੁੰਦਰ ਕੰਨਿਆ ਨੂੰ ਵਰ ਲਿਆ ਤਾਂ ਵਿਸ਼ਨੂੰ ਨੂੰ ਸਰਾਪ ਦਿਤਾ ਕਿ ਤੂੰ ਵੀ ਬਾਂਦਰਾਂ ਤੋਂ ਮੱਦਤ ਲਵੇਂਗਾ ਅਤੇ ਇਸਤ੍ਰੀ ਵਿਯੋਗ ਵਿਚ ਦੁਖੀ ਹੋਵੇਂਗਾ, ਜਿਵੇ ਕੰਨਿਆ ਦੇ ਵਿਯੋਗ ਵਿਚ ਮੈਨੂੰ ਦੁਖੀ ਕੀਤਾ ਹੈ। ਸੋ ਉਸ ਸਰਾਪ ਕਰਕੇ ਵਿਸ਼ਨੂੰ ਦੇ ਅਵਤਾਰ ਰਾਮ ਜੀ ਝੂਰਦੇ ਰਹੇ।੨੬।

ਲਾਹੌਰ ਸਹਰੁ ,ਜਹਰੁ ਕਹਰੁ ਸਵਾ ਪਹਰੁ ॥੨੭॥ ਹੇ ਭਾਈ! ਲਹੌਰ ਸ਼ਹਿਰ ਜਹਿਰ ਰੂਪ ਬਣਿਆ ਪਿਆ ਹੈ, ਕਿਉਕਿ ਸਵਾ ਪਹਿਰ ਦਿਨ ਚੜ੍ਹੇ ਤਕ ਇਥੇ ਕਹਿਰ ਵਾਪਰਦਾ ਰਹਿੰਦਾ ਹੈ (ਸੰ.ਸ.; ਦਰਪਣ; ਫ.ਸ.; ਨਿਰਣੈ ਨੇ ਇਸਦੇ ਨਾਲ ਹੀ ਮਿਲਦੇ ਜੁਲਦੇ ਅਰਥ ਕੀਤੇ ਹਨ)।੨੭।

ਪਦਾਰਥ = ਸਹਰ-ਸ਼ਹਿਰ। ਜਹਰੁ-ਜਹਿਰ ਰੂਪ; ਜਹਿਰੀਲਾ। ਕਹਰੁ-ਜੁਲਮ।੨੭।

ਵਿਆਖਿਆ = ਮੁਸਲਮਾਨਾਂ ਦੇ ਰਾਜ ਦੇ ਸਮੇਂ ਪੰਜਾਬ ਦੀ ਰਾਜਧਾਨੀ ਲਹੌਰ ਹੁੰਦੀ ਸੀ। ਵਪਾਰ ਦੀ ਬਹੁਤ ਵੱਡੀ ਮੰਡੀ ਸੀ, ਵੱਡੇ ਵੱਡੇ ਵਜੀਰ, ਅਫਸਰ, ਦੀਵਾਨ ਇਥੇ ਰਹਿੰਦੇ ਸਨ। ਰੱਬ ਦੀ ਯਾਦ ਨੂੰ ਭੁੱਲ ਕੇ ਲੋਕ ਅਯਾਸ਼ੀ ਬਣ ਗਏ ਸਨ। ਅਯਾਸ਼ੀ ਲੋਕ ਰਾਤ ਨੂੰ ਦੇਰ ਨਾਲ ਸੌਂਦੇ ਹਨ ਤੇ ਦਿਨ ਚੜ੍ਹੇ ਜਾਗਦੇ ਹਨ। ਪੁਨਾ ਸਵੇਰੇ ਵੇਲੇ ਪਸ਼ੂਆਂ ਦੀ ਕਟਾ ਵੱਢੀ ਹੋਣ ਕਰਕੇ ਵੀ ਇਕ ਤਰ੍ਹਾਂ ਦਾ ਜਾਨਵਰਾਂ ਤੇ ਜਹਿਰ ਕਹਿਰ ਵਾਪਰਦਾ ਸੀ। ਗੁਰੂ ਨਾਨਕ ਦੇਵ ਜੀ ਜਦ ਲਹੌਰ ਆਏ, ਲੋਕਾਂ ਨੂੰ ਰੱਬ ਤੋਂ ਬੇਮੁਖ ਅਤੇ ਕੁਕਰਮ ਕਰਦੇ ਦੇਖਿਆ ਤਾਂ ਇਹ ਵਾਕ ਉਚਾਰੇ। ਸੱਤਗੁਰੂ ਜੀ ਦੀ ਪੇਸ਼ੀਨ ਗੋਈ ਸੱਚ ਸਾਬਤ ਹੋਈ ਜਦ ੧੫੨੪ ਈ. ਵਿਚ ਬਾਬਰ ਨੇ ਲਹੌਰ ਤੇ ਹਮਲਾ ਕਰਕੇ ਸ਼ਹਿਰ ਨੂੰ ਅੱਗਾਂ ਲਾਈਆਂ, ਬਹੁਤ ਲੁੱਟ ਮਚਾਈ ਤੇ ਲੋਕਾਂ ਦਾ ਕਤਲਿਆਮ ਕੀਤਾ। ਇਹ ਗੱਲ ਤੌਜਕ ਬਾਬਰੀ ਅਤੇ ਮੁਹੰਮਦ ਲਤੀਫ ਦੀ ਤ੍ਵਾਰੀਖ ਲਹੌਰ ਵਿਚ ਲਿਖੀ ਮਿਲਦੀ ਹੈ।੨੭।

ਮਹਲਾ ੩ ॥ ਲਾਹੌਰ ਸਹਰੁ ,ਅੰਮ੍ਰਿਤਸਰੁ ਸਿਫਤੀ ਦਾ ਘਰੁ ॥੨੮॥ ਹੇ ਭਾਈ! ਲਹੌਰ ਸ਼ਹਿਰ ਹੁਣ ਅੰਮ੍ਰਿਤ ਦਾ ਸਰੋਵਰ ਅਤੇ ਰੱਬ ਦੀ ਸਿਫਤ ਸਲਾਹ ਦਾ ਘਰ ਬਣ ਗਿਆ ਹੈ (ਕਿਉਂਕਿ ਇਥੇ ਵਾਹਿਗੁਰੂ ਦੇ ਪਿਆਰੇ ਭਗਤ (ਗੁਰੂ) ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ ਹੈ (ਸ਼ਬਦਾਰਥ ਤੇ ਦਰਪਣ); ਲਹੌਰ ਸ਼ਹਿਰ ਪਹਿਲਾਂ ਵਾਂਗ ਹੀ ਆਬਾਦ ਰਹੇਗਾ, ਕਿਉਂਕਿ ਇਸ ਦੇ ਲਾਗੇ ਵਾਹਿਗੁਰੂ ਦੀ ਸਿਫਤਾਂ ਦਾ ਘਰ ਅੰਮ੍ਰਿਤਸਰ ਵਸੇਗਾ (ਸੰ. ਸ.; ਟਕਸਾਲ; ਫ. ਸ.)।੨੮।

ਵਿਆਖਿਆ = ਲਹੌਰ ਦੇ ਹਾਕਮ ਰੱਬ ਤੋਂ ਬੇਮੁੱਖ ਸਨ, ਕੁਕਰਮ ਕਰਦੇ ਤੇ ਲੋਕਾਂ ਤੇ ਜੁਲਮ ਢਾਹੁੰਦੇ ਸਨ। ਪੂਰੀ ਤਰ੍ਹਾਂ ਅਯਾਸ਼ ਬਣੇ ਹੋਏ ਸਨ, ਇਹ ਕੁਝ ਦੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਖਿਆ ਸੀ ਕਿ ਲਹੌਰ ਸ਼ਹਿਰ ਤੇ ਜਹਿਰ ਵਾਲਾ ਕਹਿਰ ਹੁੰਦਾ ਰਹੇਗਾ। ਗੁਰੂ ਨਾਨਕ ਦੇਵ ਜੀ ਇਥੇ ਸੰਗਤਾਂ ਕਾਇਮ ਕਰ ਗਏ ਸਨ ਜੋ ਅੰਮ੍ਰਿਤ ਵੇਲੇ ਜਾਗ ਕੇ ਆਸਾ ਦੀ ਵਾਰ ਦਾ ਕੀਰਤਨ ਕਰਦੇ, ਬਾਣੀ ਪੜ੍ਹਦੇ ਤੇ ਧਰਮ ਦੀ ਕਿਰਤ ਕਰਨ ਲੱਗ ਪਏ ਸਨ। ਐਸੇ ਗੁਰਸਿੱਖਾਂ ਨੇ ਲਹੌਰ ਨੂੰ ਭਾਗ ਲਾ ਦਿਤੇ, ਐਸੇ ਗੁਰ ਸਿਖ ਦੇ ਘਰ ਵਿਚ ਹੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਹੋਇਆ। ਗੁਰੂ ਅਮਰਦਾਸ ਜੀ ਜਦ ਲਹੌਰ ਆਏ ਤਾਂ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਨੂੰ ਲਹੌਰੀਆਂ ਨੂੰ ਬਖਸ਼ ਦਿਓ। ਗੁਰੂ ਅਮਰਦਾਸ ਜੀ ਕਹਿਣ ਲੱਗੇ, ਹੇ ਭਾਈ! ਹੁਣ ਲਹੌਰ ਸ਼ਹਿਰ ਜਹਿਰ ਕਹਿਰ ਵਾਲਾ ਨਹੀ ਰਿਹਾ, ਇਥੇ ਗੁਰਬਾਣੀ ਦਾ ਪਾਠ ਪਠਨ, ਕੀਰਤਨ ਤੇ ਕਥਾ ਹੋਣ ਕਰਕੇ ਅੰਮ੍ਰਿਤ ਦਾ ਸਰੋਵਰ ਬਣ ਗਿਆ ਹੈ। ਵਹਿਗੁਰੂ ਦੀ ਸਿਫਤਾਂ ਕਰਨ ਵਾਲਿਆਂ ਦਾ ਘਰ ਬਣ ਗਿਆ ਹੈ। ਤੁਹਾਡੇ ਕਰਕੇ ਬਹੁਤ ਸਾਰੇ ਲੋਕ ਬਖਸ਼ੇ ਜਾਣਗੇ ਅਤੇ ਤਰ ਜਾਣਗੇ। ਗੁਰੂ ਰਾਮਦਾਸ ਜੀ ਨੇ ਇਸਦਾ ਜਿਕਰ ਗਉੜੀ ਦੀ ਵਾਰ ਵਿਚ ਕੀਤਾ ਹੈ।੨੮। ਧੁਰਿ ਮਾਰੇ ਪੂਰੈ ਸਤਿਗੁਰੂ ,ਸੇਈ ਹੁਣਿ ਸਤਿਗੁਰਿ ਮਾਰੇ।(੩੦੭)

ਮਹਲਾ ੧ ॥ ਉਦੋਸਾਹੈ ਕਿਆ ਨੀਸਾਨੀ, ਤੋਟਿ ਨ ਆਵੈ ਅੰਨੀ ॥ ਹੇ ਭਾਈ! ਉਦੋ ਸ਼ਾਹ ਦੀ ਕੀ ਨਿਸ਼ਾਨੀ ਹੈ?; ਜਿਸਦੀ ਸ਼ਾਹੀ ਉਦੇ ਹੋ ਰਹੀ (ਜਿਸਦਾ ਅਮੀਰ ਹੋਣਾ ਮਸ਼ਹੂਰ ਹੋ ਰਿਹਾ) ਹੈ, ਉਸਦੀ ਕੀ ਨਿਸ਼ਾਨੀ ਹੈ? (ਨਿਸ਼ਾਨੀ ਇਹ ਹੈ ਕਿ ਉਹ ਸਦਾ ਮਾਇਆ ਲਈ ਦੌੜ ਭੱਜ ਕਰਦਾ ਰਹਿੰਦਾ ਹੈ, ਇਸ ਕਰਕੇ) ਉਸਦੇ ਘਰ ਵਿਚ ਅੰਨ ਧਨ ਦੀ ਕੋਈ ਕਮੀ ਨਹੀਂ ਆਉਂਦੀ।

ਉਦੋਸੀਅ ਘਰੇ ਹੀ ਵੁਠੀ, ਕੁੜਿਈਂ ਰੰਨੀ ਧੰਮੀ ॥ ਉਦੋ ਦੇ ਘਰ ਵਿਚ ਅਮੀਰੀ ਵਸੀ ਹੋਈ ਹੈ, (ਘਰ ਵਿਚ) ਕੁੜੀਆਂ ਤੇ ਵਹੁਟੀਆਂ (ਬਹੁਤ ਹੋਣ) ਕਰਕੇ ਧਮੱਚੜਾ (ਸ਼ੋਰ ਸ਼ਰਾਬਾ) ਪਿਆ ਰਹਿੰਦਾ ਹੈ (ਘਰ ਵਿਚ ਅਮੀਰੀ ਜਰੂਰ ਹੈ, ਪਰ ਮਾਯਾ ਲਈ ਦੌੜ ਭੱਜ ਘਰ

ਵਿਚ ਸ਼ੋਰ ਸ਼ਰਾਬੇ ਦਾ ਹੀ ਕਾਰਣ ਬਣਦੀ ਹੈ, ਸ਼ਾਂਤੀ ਨਹੀ ਮਿਲਦੀ)।

ਸਤੀ ਰੰਨੀ ਘਰੇ ਸਿਆਪਾ, ਰੋਵਨਿ ਕੂੜੀ ਕੰਮੀ ॥ (ਉਦੋ ਦੀਆਂ) ਸੱਤ ਵਹੁਟੀਆਂ ਹੋਣ ਕਰਕੇ ਘਰ ਵਿਚ ਸਿਆਪਾ ਪਿਆ ਰਹਿੰਦਾ ਹੈ (ਸੋਕਣਾਂ ਦੀ ਆਪਸ ਵਿਚ ਬਣਦੀ ਨਹੀਂ) ਤੇ ਝੂਠੇ ਕੰਮਾਂ (ਦੇ ਝਗੜਿਆਂ) ਤੋਂ ਰੋਂਦੀਆਂ ਰਹਿੰਦੀਆਂ ਹਨ।

ਜੋ ਲੇਵੈ ਸੋ ਦੇਵੈ ਨਾਹੀ ,ਖਟੇ ਦੰਮ ਸਹੰਮੀ ॥੨੯॥ ਜੋ ਕੁਝ ਅਮਾਨਤ ਕਿਸੇ ਦੀ ਲੈਂਦਾ ਹੈ, ਉਹ ਵਾਪਸ ਨਹੀਂ ਦੇਂਦਾ (ਦਿਵਾਲਾ ਕੱਢਿਆ ਦਿਖਾ ਕੇ ਅਮਾਨਤ ਦੱਬ ਲੈਂਦਾ ਹੈ), ਅਨੱਰਥ ਕਰਕੇ; ਕਲੰਕ ਲਵਾ ਕੇ; ਲੋਕਾਂ ਨੂੰ ਦੁਖ ਦੇ ਕੇ ਧਨ ਕਮਾਉਂਦਾ ਹੈ; ਬੜਾ ਔਖਾ ਹੋਕੇ ਧਨ ਕਮਾਉਂਦਾ ਹੈ (ਸ਼ਬਦਾਰਥ; ਡਾ. ਤਾਰਨ ਸਿੰਘ)।੨੯।

ਅੰਤ੍ਰੀਵ ਭਾਵ = (ਪ੍ਰਸ਼ਨ) ਸਾਕਤਾਂ ਦਾ ਮਨ ਜੋ ਉਦੈ ਹੋ (ਵਿਸ਼ਿਆਂ ਵਿਚ ਲਗ) ਰਿਹਾ ਹੈ, ਉਸ ਦੀ ਕੀ ਪਛਾਣ ਹੈ? (ਉਤਰ) ਉਸਦੇ ਮਨ ਵਿਚ ਦ੍ਵੈਤ ਭਾਵ ਦੀ ਕਮੀ ਨਹੀ ਆਉਂਦੀ (ਮਨ ਵਿਚ ਦੁਐਤ ਜਮ੍ਹਾਂ ਹੁੰਦੀ ਰਹਿੰਦੀ ਹੈ।ਪਾਪਾਂ ਦੀ ਕਾਲਖ ਜਾਗ ਕੇ ਜਿਸਦੇ ਰਿਦੇ ਘਰ ਵਿਚ ਵਸੀ ਹੋਈ ਹੈ (;ਤਿੰਨ ਗੁਣਾਂ ਵਿਚ ਉਦੇ ਹੋਇਆ ਮਨ ਸੰਸਾਰ ਘਰ ਵਿਚ ਵਸਦਾ ਹੈ), ਕੂੜੀਆਂ ਵਾਸ਼ਨਾਵਾਂ ਅਤੇ ਇੰਦ੍ਰੀਆਂ ਦਾ (ਹਿਰਦੇ ਘਰ ਵਿਚ) ਰੌਲਾ ਪਿਆ ਰਹਿੰਦਾ ਹੈ।ਪੰਜ ਗਿਆਨ ਇੰਦ੍ਰੀਆਂ (ਨੱਕ, ਕੰਨ, ਅੱਖਾਂ, ਜੀਭ, ਚਮੜੀ) ਆਸਾ ਤੇ ਤ੍ਰਿਸ਼ਨਾ (ਸੱਤਾਂ ਰੰਨਾਂ) ਦਾ ਹਿਰਦੇ ਘਰ ਵਿਚ ਸਿਆਪਾ ਪਿਆ ਰਹਿੰਦਾ ਹੈ, (ਇੰਦ੍ਰੀਆਂ) ਝੂਠੇ ਕੰਮਾਂ (ਸੁਆਦਾਂ) ਲਈ ਰੋਂਦੀਆਂ ਰਹਿੰਦੀਆਂ ਹਨ।ਮਨੁੱਖ ਜੋ ਵੀ ਦਾਤ ਰੱਬ ਤੋਂ ਲੈਂਦਾ ਹੈ, ਮੁੜ ਵਾਹਿਗੁਰੂ ਨਮਿਤ ਕਿਸੇ ਲੋੜਵੰਦ ਨੂੰ ਦਾਨ ਨਹੀ ਕਰਦਾ, ਸਰੀਰ ਨੂੰ ਦੁੱਖ ਦੇ ਕੇ ਪਾਪਾਂ ਦੀ ਪੂੰਜੀ ਹੀ ਖਟਦਾ ਹੈ।

ਪਦਾਰਥ = ਉਦੋਸਾਹੈ–ਉਦੋ (ਮਾਯਾ ਕਮਾਉਣ ਲਈ ਦੌੜ ਭੱਜ ਕਰਨ ਵਾਲੇ ਹੰਕਾਰੀ) ਸ਼ਾਹ ਦੀ; ਪ੍ਰਗਟ ਹੋ ਰਹੀ ਹੈ ਜਿਸ ਦੀ ਅਮੀਰੀ।ਨੀਸਾਨੀ–ਪਛਾਣ।ਤੋਟਿ–ਕਮੀ; ਘਾਟਾ।ਅੰਨੀ–(ਅੰਨ੍ਹੀ ਪੜ੍ਹਨਾ ਅਸ਼ੁੱਧ ਹੈ) ਅਨਾਜ (ਪਦਾਰਥਾਂ) ਦੀ; ਦ੍ਵੈਤ ਦੀ।ਉਦੋਸੀਅ–ਉਦੋ ਦੀ ਅਮੀਰੀ (ਸ਼ਾਹੂਕਾਰੀ)।ਘਰੇ ਹੀ–ਘਰ ਵਿਚ ਹੀ।ਵੁਠੀ–ਵਸੀ; ਵਰਤਦੀ ਹੈ।ਕੁੜਿਈਂ ਰੰਨੀ–ਕੁੜੀਆਂ ਤੇ ਰੰਨਾਂ ਕਰਕੇ।ਧੰਮੀ–ਸ਼ੋਰ ਸ਼ਰਾਬਾ; ਧਮੱਚੜਾ; ਹਵੇਲੀਆਂ ਵਿਚ।ਸਤੀ ਰੰਨੀ–(ਸੱਤੀ ਬੋਲੋ, ਉਦੋ ਦੀਆਂ) ਸੱਤ ਰੰਨਾਂ; ਸੈਂਕੜੇ (ਬਹੁਤ) ਇਸਤ੍ਰੀਆਂ।ਰੋਵਨਿ–ਰੋਂਦੀਆਂ (ਰੌਲਾ ਪਾਉਂਦੀਆਂ) ਹਨ।ਕੂੜੀ ਕੰਮੀ–ਝੂਠੇ ਕੰਮਾਂ ਲਈ।ਲੇਵੈ–(ਕਿਸੇ ਦੀ ਅਮਾਨਤ) ਲੈਂਦਾ ਹੈ।ਦੇਵੈ ਨਾਹੀ–(ਮੋੜ ਕੇ) ਦੇਂਦਾ ਨਹੀਂ।ਖਟੇ ਦੰਮ–ਦਮੜੇ (ਦੌਲਤ) ਕਮਾਉਂਦਾ ਹੈ।ਸਹੰਮੀ–ਕਲੰਕ ਲੁਆ ਕੇ; ਅਨੱਰਥ ਕਰਕੇ; (ਲੋਕਾਂ ਨੂੰ) ਦੁਖ ਦੇ ਕੇ; ਧਨ ਖੱਟਦਾ ਤਾਂ ਹੈ ਪਰ (ਪਾਪ ਦੀ ਕਮਾਈ ਕਰਕੇ) ਸਹਿਮਿਆ ਰਹਿੰਦਾ ਹੈ।੨੯।

ਵਿਆਖਿਆ = ਗੁਰੂ ਨਾਨਕ ਦੇਵ ਜੀ ਲਹੌਰ ਗਏ, ਸਿੱਖਾਂ ਨੇ ਪੁਛਿਆ, ਮਹਾਰਾਜ! ਇਥੇ ਇਕ ਬੜਾ ਮਸ਼ਹੂਰ ਸ਼ਾਹੂਕਾਰ ਉਦੋ ਰਹਿੰਦਾ ਹੈ। ਕੀ ਤੁਸੀ ਉਸ ਨੂੰ ਜਾਣਦੇ ਹੋ, ਉਸਦੀ ਕੀ ਪਛਾਣ ਹੈ? ਤਾਂ ਗੁਰੂ ਜੀ ਇਸ ਸਲੋਕ ਰਾਹੀ ਉਦੋ ਦੇ ਘਰ ਦੇ ਹਾਲਾਤ ਦਸਦੇ ਹਨ।ਉਦੋ ਦੇ ਘਰ ਵਿਚ ਬੇਸ਼ੱਕ ਅੰਨ ਧਨ ਦੀ ਕੋਈ ਤੋਟ ਨਹੀਂ ਪਰ ਕੁੜੀਆਂ ਤੇ ਇਸਤ੍ਰੀਆਂ ਦਾ ਰੌਲਾ ਰੱਪਾ ਪਿਆ ਰਹਿੰਦਾ ਹੈ।ਉਦੋ ਦੀਆਂ ਸੱਤ ਤਾਂ ਵਹੁਟੀਆਂ ਸਨ, ਅੱਗੇ ਸੱਤਾਂ ਦੀ ਉਲਾਦ, ਧੀਆਂ, ਨੂਹਾਂ, ਨੌਕਰਾਣੀਆਂ ਅਤੇ ਹੋਰ ਮਿਲਣ ਆਈਆਂ ਗੁਆਢਣਾਂ ਦਾ ਮੇਲਾ ਲੱਗਾ ਰਹਿੰਦਾ ਸੀ ।ਇੰਨੀਆਂ ਔਰਤਾਂ ਕੱਠੀਆਂ ਹੋ ਕੇ ਭਲਾ ਲੜਨ ਕਿਉਂ ਨਾ? ਕਿਸੇ ਨਾ ਕਿਸੇ ਗੱਲੋਂ ਸੌਕਣਾਂ ਜਾਂ ਹੋਰ ਘਰ ਵਿਚ ਕੁੜੀਆਂ ਨੂਹਾਂ ਦਾ ਝਗੜਾ ਪਿਆ ਰਹਿੰਦਾ ਸੀ, ਝੂਠੇ ਕੰਮਾਂ ਲਈ ਰੋਂਦੀਆਂ ਹੀ ਰਹਿੰਦੀਆਂ ਸਨ (ਕਿਸੇ ਨਾ ਕਿਸੇ ਦੀ ਕੋਈ ਸ਼ਿਕਾਇਤ ਰਹਿੰਦੀ ਹੀ ਸੀ)।ਘਰ ਵਿਚ ਆਉਣ ਵਾਲੀਆਂ ਔਰਤਾਂ ਜਾਂ ਹੋਰ ਅਨਾਥ ਵਿਧਵਾਵਾਂ ਦੀ ਰੱਖੀ ਹੋਈ ਅਮਾਨਤ ਮੋੜਦਾ ਨਹੀਂ ਸੀ।ਦਿਵਾਲਾ ਕਢ ਦੇਂਦਾ ਸੀ, ਗਰੀਬ ਲੋਕਾਂ ਨੂੰ ਦੁੱਖ ਦੇ ਕੇ ਪੈਸਾ ਕਮਾਇਆ ਹੋਇਆ ਸੀ।ਉਹ ਗਰੀਬ ਔਰਤਾਂ ਉਦੋ ਦੇ ਘਰੇ ਆ ਕੇ ਸਿਆਪਾ ਕਰਦੀਆਂ ਰਹਿੰਦੀਆਂ ਸਨ।ਹੰਕਾਰੀ ਉਦੋ ਦਾ ਮਨੋਰਥ ਵਲ ਛਲ ਕਰਕੇ ਕੇਵਲ ਮਾਇਆ ਕਮਾਉਣਾ ਹੀ ਹੈ, ਇਸੇ ਲਈ ਘਰ ਵਿਚ ਸ਼ਾਂਤੀ ਨਹੀਂ।੨੯।

ਪਬਰ ਤੂੰ ਹਰੀਆਵਲਾ, ਕਵਲਾ ਕੰਚਨ ਵੰਨਿ ॥ ਕੈ ਦੋਖੜੈ ਸੜਿਓਹਿ, ਕਾਲੀ ਹੋਈਆ ਦੇਹੁਰੀ, ਨਾਨਕ ਮੈ ਤਨਿ ਭੰਗੁ ॥ ਹੇ ਸਰੋਵਰ! ਤੂੰ (ਪਹਿਲਾਂ) ਕੰਵਲਾਂ ਨਾਲ ਬੜਾ ਹਰਾ ਭਰਾ ਹੁੰਦਾ ਸੀ, ਅਰ ਸੋਨੇ ਦੇ ਰੰਗ (ਵਾਂਗ ਚਮਕਦਾ) ਸੀ (ਭਾ. ਵੀਰ ਸਿੰਘ); ਹੇ ਸੋਨੇ ਰੰਗੇ ਕੰਵਲ! ਤੂੰ ਬਹੁਤ ਸ੍ਰੇਸਟ ਤੇ ਹਰਿਆਵਲਾ ਸੀ (ਮ. ਕੋ.)।ਕਿਸ ਦੋਸ਼ ਦੇ ਕਾਰਣ ਤੂੰ ਸੜਿਆ ਹੈਂ ਤੇ ਤੇਰੀ ਦੇਹ ਕਾਲੀ ਹੋ ਗਈ ਹੈ? ਗੁਰੂ ਜੀ ਆਖਦੇ ਹਨ, (ਅੱਗੋਂ ਸਰੋਵਰ ਨੇ ਉਤਰ ਦਿਤਾ) ਮੇਰਾ ਸਰੀਰ (ਪਾਣੀ ਨਾਲੋਂ) ਟੁੱਟ ਗਿਆ ਹੈ (ਇਸ ਕਰਕੇ ਸੜਿਆ ਹਾਂ)।

ਜਾਣਾ ਪਾਣੀ ਨਾ ਲਹਾਂ, ਜੈ ਸੇਤੀ ਮੇਰਾ ਸੰਗੁ ॥ ਜਿਤੁ ਡਿਠੈ ਤਨੁ ਪਰਫੁੜੈ, ਚੜੈ ਚਵਗਣਿ ਵੰਨੁ ॥੩੦॥ ਮੈਂ ਜਾਣਿਆ ਹੈ ਕਿ ਮੈਨੂੰ ਪਾਣੀ ਨਹੀਂ ਮਿਲ ਰਿਹਾ, ਜਿਸ ਨਾਲ ਮੇਰਾ ਸਦਾ ਸੰਗ ਰਹਿੰਦਾ ਸੀ।ਜਿਸ ਪਾਣੀ ਨੂੰ ਦੇਖਿਆਂ ਮੇਰਾ ਤਨ ਖਿੜ ਜਾਂਦਾ ਹੈ ਤੇ ਚੌਗੁਣਾਂ ਰੰਗ ਚੜ੍ਹ ਜਾਂਦਾ ਹੈ।੩੦।

ਪਦਾਰਥ = ਪਬਰ–ਕੰਵਲਾਂ ਵਾਲੀ ਢਾਬ (ਸਰੋਵਰ); ਅਤੀ ਉਤਮ; ਬਹੁਤ ਸ੍ਰੇਸਟ (ਮ. ਕੋ.)।ਹਰੀਆਵਲਾ–ਹਰਾ ਭਰਾ; ਖਿੜਿਆ ਹੋਇਆ।ਕਵਲਾ–ਹੇ ਕੰਵਲ।ਕੰਚਨ ਵੰਨਿ–ਸੋਨੇ ਵਰਗਾ ਰੰਗ।ਕੈ–ਕਿਸ।ਦੋਖੜੈ–ਦੋਸ਼ ਕਾਰਣ।ਸੜਿਓਹਿ–ਸੜਿਆ ਹੈਂ।ਦੇਹੁਰੀ–

ਦੇਹ। ਭੰਗੁ–ਟੁੱਟ ਗਿਆ ਹੈ; ਵਿਘਨ। ਜਾਣਾ–ਮੈਂ ਜਾਣਿਆ ਹੈ। ਨਾ ਲਹਾਂ–ਨਹੀਂ ਮਿਲਿਆ। ਜੈ ਸੇਤੀ–ਜਿਸ ਨਾਲ। ਸੰਗੁ–ਸਾਥ। ਜਿਤੁ–ਜਿਸ ਨੂੰ। ਡਿਠੈ–ਦੇਖਿਆਂ। ਤਨੁ–ਸਰੀਰ। ਪਰਫੁੜੈ–ਖਿੜ ਜਾਂਦਾ ਹੈ। ਚੜੈ–ਚੜ੍ਹਦਾ ਹੈ। ਚਵਗਣਿ ਵੰਨੁ–ਚੌਗੁਣਾਂਰੰਗ। ੩੦।

ਵਿਆਖਿਆ = ਵਾਹਿਗੁਰੂ ਦਾ ਭਜਨ ਕਰਨ ਤੋਂ ਹਟੇ ਹੋਏ ਇਕ ਜਗਿਆਸੂ ਦੀ ਮਾਨਸਿਕ ਦਸ਼ਾ ਦੇਖ ਕੇ ਅਨੁਕਤੀ ਅਲੰਕਾਰ ਦੁਆਰਾ ਸਿਖਿਆ ਦੇਂਦੇ ਹਨ। ਗੁਰੂ ਨਾਨਕ ਦੇਵ ਜੀ ਤੁਰੇ ਜਾ ਰਹੇ ਸਨ, ਰਸਤੇ ਵਿਚ ਇਕ ਛੱਪੜ ਵਿਚ ਸੜੇ ਹੋਏ ਕੰਵਲ ਦੇਖ ਕੇ ਇਹ ਸਲੋਕ ਉਚਾਰਣ ਕੀਤਾ ਹੈ। ਹੇ ਜਗਿਆਸੂ ਰੂਪ ਸਰੋਵਰ! ਪਹਿਲਾਂ ਤੇਰਾ ਹਿਰਦਾ ਸ਼ੁੱਭ ਗੁਣਾਂ ਨਾਲ ਖਿੜਿਆ ਹੋਇਆ ਸੀ ਅਤੇ ਤੇਰਾ ਸੋਨੇ ਵਰਗਾ ਰੰਗ ਸੀ (ਖੁਸ਼ ਰਹਿੰਦਾ ਸੀ)। ਹੁਣ ਤੂੰ ਕਿਹੜੇ ਦੋਸ਼ਾਂ ਕਰਕੇ ਸੜ ਗਿਆ ਹੈਂ, ਤੇਰੀ ਬੁੱਧੀ ਰੂਪ ਦੇਹ ਕਾਲੀ ਹੋ ਗਈ ਹੈ (ਚੇਹਰੇ ਤੇ ਉਦਾਸੀ ਛਾਈ ਹੋਈ ਹੈ), ਗੁਰੂ ਜੀ ਆਖਦੇ ਹਨ ਕਿ ਅੱਗੋਂ ਜਗਿਆਸੂ ਨੇ ਉਤਰ ਦਿਤਾ ਕਿ ਮੇਰੇ ਸਰੀਰ ਵਿਚ ਹੰਕਾਰ ਨੇ ਵਿਘਨ ਪਾ ਦਿਤਾ ਹੈ। ਮੈਂ ਜਾਣਿਆ ਹੈ, ਗੁਰੂ ਦੀ ਸੰਗਤ ਰੂਪ ਸਰੋਵਰ ਵਿਚੋਂ ਨਾਮ ਜਲ ਮੈਨੂੰ ਮਿਲ ਨਹੀਂ ਰਿਹਾ (ਸਿਮਰਨਾ ਛੱਡ ਦਿਤਾ) ਜਿਸ ਨਾਲ ਮੇਰਾ ਸੰਗ ਸੀ। (ਜਗਿਆਸੂ ਰੂਪ ਛੋਟੇ ਸਰੋਵਰ ਵਿਚ ਸੱਤ ਸੰਗਤ ਦੇ ਵੱਡੇ ਸਰੋਵਰ ਤੋਂ ਜਲ ਆਉਂਦਾ ਹੈ)। ਜਿਸ (ਸੰਗਤ ਵਿਚ) ਨਾਮ ਜਪ ਕੇ ਵਾਹਿਗੁਰੂ ਦੇ ਦਰਸ਼ਨ ਹੋਣੇ ਸਨ ਅਤੇ ਚੌਗੁਣਾਂ ਅਨੰਦ ਰੂਪ ਰੰਗ ਚੜ੍ਹ ਜਾਣਾ ਸੀ। ਵਾਹਿਗੁਰੂ ਸਿਮਰਨ ਬਿਨਾ ਜੀਵਨ ਖੁਸ਼ਹਾਲ ਨਹੀਂ ਹੋ ਸਕਦਾ, ਦੁਖਾਂ ਵਿਚ ਸੜਿਆ ਰਹਿੰਦਾ ਹੈ। ੩੦।

ਰਜਿ ਨ ਕੋਈ ਜੀਵਿਆ, ਪਹੁਚਿ ਨ ਚਲਿਆ ਕੋਇ ॥ ਗਿਆਨੀ ਜੀਵੈ ਸਦਾ ਸਦਾ, ਸੁਰਤੀ ਹੀ ਪਤਿ ਹੋਇ ॥ ਹੇ ਭਾਈ! ਦੁਨੀਆ ਵਿਚ ਕੋਈ ਵੀ ਮਨੁੱਖ ਰੱਜ (ਲੰਬੀ ਉਮਰ ਭੋਗ) ਕੇ ਨਹੀ ਜੀਵਿਆ ਹੈ ਅਤੇ ਨਾ ਹੀ ਕੋਈ ਦੁਨਿਆਵੀ ਕੰਮਾਂ ਨੂੰ ਪੂਰੇ ਕਰਕੇ (ਇਸ ਦੁਨੀਆਂ ਤੋਂ) ਤੁਰਿਆ ਹੈ। ਗਿਆਨ ਵਾਨ ਪੁਰਸ਼ ਸਦਾ ਹੀ ਜਿਉਂਦਾ ਰਹਿੰਦਾ ਹੈ, (ਕਿਉਂਕਿ) ਵਾਹਿਗੁਰੂ ਵਿਚ ਸੁਰਤ ਜੋੜਨ ਕਰਕੇ (ਐਸੇ ਪੁਰਖ ਨੂੰ ਸੱਚਖੰਡ ਵਿਚ) ਆਦਰ ਮਿਲਦਾ ਹੈ।

ਸਰਫੈ ਸਰਫੈ ਸਦਾ ਸਦਾ, ਏਵੈ ਗਈ ਵਿਹਾਇ ॥ ਨਾਨਕ ਕਿਸਨੋ ਆਖੀਐ, ਵਿਣੁ ਪੁਛਿਆ ਹੀ ਲੈ ਜਾਇ ॥੩੧॥ (ਮਨਮੁਖਾਂ ਦੀ ਉਮਰ ਮਾਇਆ ਲਈ) ਸਦਾ ਹੀ ਸਰਫਾ ਕਰਦਿਆਂ (ਕੰਜੂਸੀ ਵਿਚ ਭਾਵ ਭਜਨ ਵਿਚ ਕੰਜੂਸੀ ਕਰਦਿਆਂ) ਐਵੇਂ ਵਿਅਰਥ ਲੰਘ ਗਈ ਹੈ। ਗੁਰੂ ਜੀ ਆਖਦੇ ਹਨ ਕਿ ਇਹ (ਦੁੱਖ) ਕਿਸ ਨੂੰ ਆਖੀਏ (ਕਿਉਂਕਿ) ਜਮ ਬਿਨਾ ਪੁਛਿਆਂ ਹੀ ਜਿੰਦ ਕੱਢ ਕੇ ਲੈ ਜਾਂਦਾ ਹੈ (ਇਸ ਸਮੇਂ ਕਿਸੇ ਦਾ ਕੋਈ ਚਾਰਾ ਨਹੀਂ ਚਲਦਾ)। ੩੧।

ਪਦਾਰਥ = ਰਜਿ–ਰੱਜ ਕੇ। ਪਹੁਚਿ–ਪਹੁੰਚ ਕੇ (ਸਾਰੇ ਕੰਮ ਮੁਕਾ ਕੇ)। ਗਿਆਨੀ–ਗਿਆਨਵਾਨ। ਸੁਰਤੀ ਹੀ–ਸੁਰਤ ਜੋੜਨ ਕਰਕੇ। ਪਤਿ–ਆਦਰ। ਏਵੈ–ਐਵੇਂ (ਇਸੇ ਤਰ੍ਹਾਂ) ਵਿਆਰਥ। ਸਰਫੈ–ਕਿਰਸ ਕਰਦਿਆਂ। ਗਈ ਵਿਹਾਇ–ਲੰਘ ਗਈ। ਵਿਣੁ–ਬਿਨਾ। ਲੈ ਜਾਇ–(ਜਿੰਦ ਕੱਢ ਕੇ) ਲੈ ਜਾਂਦਾ ਹੈ। ੩੧।

ਦੋਸੁ ਨ ਦੇਅਹੁ ਰਾਇ ਨੋ, ਮਤਿ ਚਲੈ ਜਾਂ ਬੁਢਾ ਹੋਵੈ ॥ ਗਲਾਂ ਕਰੇ ਘਣੇਰੀਆ, ਤਾਂ ਅੰਨ੍ਹੇ ਪਵਣਾ ਖਾਤੀ ਟੋਵੈ ॥੩੨॥ ਹੇ ਭਾਈ! ਅਮੀਰ ਮਨੁੱਖ ਨੂੰ ਦੋਸ਼ ਨਾ ਦੇਵੋ, ਜਦੋਂ ਇਹ ਬਿਰਧ (ਵੱਡਾ ਅਮੀਰ) ਹੋ ਜਾਂਦਾ ਹੈ ਤਾਂ ਅਕਲ (ਬਿਬੇਕ ਬੁੱਧੀ) ਚਲੇ ਜਾਂਦੀ ਹੈ। (ਧਰਮ ਕਰਮ ਦੀਆਂ ਗੱਲਾਂ ਛਡ ਕੇ) ਵਿਵਹਾਰਕ ਗੱਲਾਂ ਬਹੁਤ ਕਰਦਾ ਹੈ, ਐਸੇ ਅੰਨ੍ਹੇ (ਅਗਿਆਨੀ) ਪੁਰਖ ਨੇ ਨਰਕ ਰੂਪ ਖਾਤੇ ਤੇ ਗਰਭ ਰੂਪ ਟੋਏ ਵਿਚ ਹੀ ਪੈਣਾ ਹੁੰਦਾ ਹੈ (ਬੁਢੇਪੇ ਵਿਚ ਨਿਗ੍ਹਾ ਘਟ ਜਾਂਦੀ ਹੈ, ਠੇਡੇ ਖਾ ਕੇ ਟੋਇਆਂ ਵਿਚ ਡਿਗਦਾ ਹੈ)। ੩੨।

ਪਦਾਰਥ = ਨ ਦੇਅਹੁ–ਨਾ ਦੇਵੋ। ਰਾਇ ਨੋ–ਹੰਕਾਰੀ ਅਮੀਰ ਮਨੁੱਖ ਨੂੰ। ਮਤਿ–ਬਿਬੇਕ ਬੁਧੀ; ਪ੍ਰਮਾਰਥਕ ਸੂਝ ਬੂਝ। ਚਲੈ–ਚਲੇ ਜਾਂਦੀ ਹੈ; ਕੰਮ ਕਰਨੋਂ ਰਹਿ ਜਾਂਦੀ ਹੈ। ਜਾਂ–ਜਦੋਂ। ਬੁਢਾ–ਬਿਰਧ; ਮਾਯਾ ਕਰਕੇ ਵੱਡਾ। ਗਲਾਂ–ਮਾਇਕ ਗੱਲਾਂ। ਘਣੇਰੀਆ–ਬਹੁਤ। ਅੰਨ੍ਹੇ–ਅਗਿਆਨੀ ਮਨੁੱਖ ਨੇ। ਪਵਣਾ–ਪੈਣਾ; ਡਿਗਣਾ। ਖਾਤੀ ਟੋਵੈ–ਡੂੰਘੇ ਟੋਇਆਂ ਵਿਚ; ਨਰਕਾਂ ਵਿਚ; ਗਰਭ ਵਿਚ। ੩੨।

ਵਿਆਖਿਆ = ਮਾਇਆ ਵਿਚ ਫਸੇ ਮਨੁੱਖ ਦੀ ਸਿਮਰਨ ਵਾਲੇ ਪਾਸੇ ਲਗਣ ਵਾਲੀ ਅਕਲ ਚਲੇ ਜਾਂਦੀ ਹੈ। ਸਾਰਾ ਦਿਨ ਮਾਇਆ ਕਮਾਉਣ ਤੇ ਸੰਸਾਰੀ ਗੱਲਾਂ ਮਾਰਦਾ ਰਹਿੰਦਾ ਹੈ। ਬਿਰਧ ਹੋਏ ਤੋਂ ਸਾਰੇ ਇੰਦ੍ਰੇ ਕਮਜੋਰ ਹੋ ਜਾਂਦੇ ਹਨ, ਅੱਖਾਂ ਤੋਂ ਵੀ ਚੰਗੀ ਤਰ੍ਹਾਂ ਦਿਸਦਾ ਨਹੀ, ਟੋਇਆਂ ਵਿਚ ਜਾ ਡਿਗਦਾ ਹੈ। ਜਿਸ ਪ੍ਰਵਾਰ ਵਾਸਤੇ ਮਾਇਆ ਕਮਾਉਂਦਾ ਰਿਹਾ ਹੈ ਉਹ ਵੀ ਮੱਦਤ ਨਹੀ ਕਰਦਾ। ਸਾਰੀ ਉਮਰ ਪ੍ਰਮਾਰਥਕ ਸੂਝ ਬੂਝ ਤੋਂ ਖਾਲੀ ਹੋਣ ਕਰਕੇ ਅੰਤ ਮਰ ਕੇ ਨਰਕਾਂ ਵਿਚ ਜਾ ਡਿਗਦਾ ਹੈ। ੩੨।

ਪੂਰੇ ਕਾ ਕੀਆ ਸਭ ਕਿਛੁ ਪੂਰਾ, ਘਟਿ ਵਧਿ ਕਿਛੁ ਨਾਹੀ ॥ ਪੂਰਨ ਨਿਰੰਕਾਰ ਦੀ ਰਚੀ ਹੋਈ ਰਚਨਾ ਪੂਰੀ ਹੈ (ਉਸ ਵਿਚ) ਘਟ ਵੱਧ ਕੁੱਛ ਨਹੀਂ ਹੋ ਸਕਦਾ (ਉਸਦੀ ਇੱਛਾ ਅਨੁਸਾਰ ਜੋ ਕੁਛ ਹੋ ਚੁੱਕਾ ਹੈ ਉਹ ਪੂਰਾ ਹੈ, ਘਟ ਵਧ ਕੁਛ ਨਹੀ ਹੈ; ਰਚੀ ਹੋਈ ਰਚਨਾ ਵਿਚ ਇਕ ਸਮਾਨ ਪੂਰਨ ਹੋ ਰਿਹਾ ਹੈ, ਘਟ ਵੱਧ ਕੁਛ ਨਹੀਂ)।

ਨਾਨਕ ਗੁਰਮੁਖਿ ਐਸਾ ਜਾਣੈ, ਪੂਰੇ ਮਾਂਹਿ ਸਮਾਂਹੀ ॥੩੩॥ ਗੁਰੂ ਨਾਨਕ ਦੇਵ ਜੀ ਆਖਦੇ ਹਨ, ਗੁਰੂ ਅਨੁਸਾਰੀ ਮਨੁੱਖ ਹੀ ਅਜੇਹਾ ਜਾਣਦਾ ਹੈ ਕਿ ('ਪੂਰੇ ਕਾ ਕੀਆ ਸਭ ਕਿਛ ਪੂਰਾ' ਹੈ..), ਉਹ ਪੂਰਨ ਨਿਰੰਕਾਰ ਵਿਚ ਲੀਨ ਹੋ ਜਾਂਦਾ ਹੈ (ਨਿਰੰਕਾਰ ਵਿਚ ਲੀਨ ਹੋਏ ਗੁਰਮੁਖ ਨੂੰ ਕਿਤੇ ਕੋਈ ਉਕਾਈ ਨਹੀਂ ਦਿਸਦੀ। ਕਰਤੇ ਦੇ ਹੁਕਮ ਵਿਚ ਸਾਰੀ ਖੇਡ ਚਲਦੀ ਦਿਸਦੀ ਹੈ)। ੩੩।

ਪਦਾਰਥ = ਪੂਰੇ ਕਾ-ਪੂਰੇ ਨਿਰੰਕਾਰ ਦਾ।ਕੀਆ-ਪੈਦਾ ਕੀਤਾ (ਰਚੀ ਹੋਈ ਰਚਨਾ)।ਪੂਰਾ-ਪੂਰਨ।ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ।ਪੂਰੇ ਮਾਂਹਿ-ਪੂਰੇ ਨਿਰੰਕਾਰ ਵਿਚ।ਸਮਾਂਹੀ-ਲੀਨ ਹੋ ਜਾਂਦਾ ਹੈ।੩੩।

॥ਗੁਰੂ ਨਾਨਕ ਦੇਵ ਜੀ ਦੇ ਸਲੋਕ ਵਾਰਾਂ ਤੇ ਵਧੀਕ ਸੰਪੂਰਨ ਹੋ ਗਏ ਹਨ ॥

ਅੰਗ ੧੪੧੩ ॥ ਸਲੋਕ ਮਹਲਾ ੩ ੴ ਸਤਿਗੁਰ ਪ੍ਰਸਾਦਿ ॥

ਉਥਾਨਕਾ = ਇਕ ਕ੍ਰਿਸ਼ਨ ਭਗਤ ਮਾਈ ਦਾਸ ਵੈਰਾਗੀ ਸੁੱਚ ਪਵਿਤ੍ਰਤਾ ਨਾਲ ਅਪਣੇ ਹੱਥੀਂ ਭੋਜਨ ਤਿਆਰ ਕਰਨ ਵਾਲਾ ਸਾਧੂ ਗੋਇੰਦ ਵਾਲ ਆ ਗਿਆ।ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਸੀ, ਗੁਰੂ ਜੀ ਦਾ ਹੁਕਮ ਹਰ ਇਕ ਲਈ ਦਰਸ਼ਨਾਂ ਤੋਂ ਪਹਿਲਾਂ ਲੰਗਰ ਛਕਣ ਦਾ ਸੀ।ਸਭ ਨੂੰ ਇਕੋ ਪੰਗਤ ਵਿਚ ਲੰਗਰ ਛਕਦਿਆਂ ਦੇਖ ਕੇ ਮਾਈ ਦਾਸ ਨੇ ਸਿੱਖਾਂ ਨੂੰ ਕਿਹਾ ਕਿ ਮੈਂ ਤਾਂ ਬੜੀ ਸੁੱਚਮਤਾ ਨਾਲ ਆਪ ਖੁਦ ਭੋਜਨ ਬਣਾ ਕੇ ਖਾਂਦਾ ਹਾਂ।ਸਿੱਖਾਂ ਨੇ ਇਸ ਨੂੰ ਕੱਚੀ ਰਸਦ ਲਿਆ ਦਿਤੀ, ਜਿਸ ਵੇਲੇ ਮਾਈ ਦਾਸ ਨੇ ਚੁੱਲ੍ਹਾ ਬਣਾਉਣ ਲਈ ਜਮੀਨ ਪੁੱਟੀ ਤਾਂ ਥੱਲਿਓਂ ਹੱਡੀਆਂ ਨਿਕਲ ਆਈਆਂ।ਸੰਸਿਆਂ ਵਿਚ ਪਿਆ ਹੋਇਆ ਮਾਈ ਦਾਸ ਲੰਗਰ ਛਕੇ ਅਤੇ ਗੁਰੂ ਜੀ ਦੇ ਦਰਸ਼ਨ ਕੀਤੇ ਬਿਨਾ ਹੀ ਦੁਆਰਕਾ ਨੂੰ ਚਲਾ ਗਿਆ ਕਿ ਚਲੋ ਉਥੇ ਕ੍ਰਿਸ਼ਨ ਭਗਵਾਨ ਜੀ ਦੇ ਦਰਸ਼ਨ ਕਰਦੇ ਹਾਂ।ਜਦ ਦੁਆਰਕਾ ਲਾਗੇ ਆ ਕੇ ਕਿਸੇ ਤੋਂ ਕੱਚੀ ਰਸਦ ਲੈ ਕੇ ਭੋਜਨ ਤਿਆਰ ਕਰਨ ਲਈ ਜਮੀਨ ਪੁੱਟੀ ਤਾਂ ਫਿਰ ਹੱਡੀਆਂ ਨਿਕਲ ਆਈਆਂ।ਬੜਾ ਹੈਰਾਨ ਹੋਇਆ, ਕ੍ਰਿਸ਼ਨ ਜੀ ਅੱਗੇ ਬੇਨਤੀਆਂ ਕਰਨ ਲੱਗਾ, ਗੈਬੀ ਆਵਾਜ ਆਈ ਕਿ ਜੇ ਜਨਮ ਸੁਧਾਰਨਾ ਹੈ ਤਾਂ ਸੰਸਿਆਂ ਨੂੰ ਛੱਡ ਕੇ ਗੁਰੂ ਅਮਰਦਾਸ ਜੀ ਦੇ ਲੜ ਲਗ ਜਾ।ਗੁਰੂਆਂ ਦੇ ਦਰਸ਼ਨਾਂ ਲਈ ਅਪਣਾ ਨੇਮ ਨਹੀਂ ਅੱਗੇ ਰਖੀਦਾ।ਮਾਈ ਦਾਸ ਗੋਇੰਦ ਵਾਲ ਆਇਆ, ਲੰਗਰ ਛਕ ਕੇ ਗੁਰੂ ਜੀ ਦੀ ਚਰਨੀਂ ਲੱਗਾ, ਉਸ ਪ੍ਰਥਾਇ ਗੁਰੂ ਜੀ ਇਹ ਸਲੋਕ ਉਚਾਰਦੇ ਹਨ।

ਅਭਿਆਗਤ ਏਹ ਨ ਆਖੀਅਹਿ, ਜਿਨ ਕੈ ਮਨ ਮਹਿ ਭਰਮੁ ॥ ਤਿਨ ਕੇ ਦਿਤੇ ਨਾਨਕਾ, ਤੇਹੋ ਜਿਹਾ ਧਰਮੁ ॥੧॥ ਹੇ ਭਾਈ! ਇਹੋ ਜਿਹੇ ਮਨੁੱਖ ਤਿਆਗੀ ਸਾਧੂ ਨਹੀ ਆਖੇ ਜਾ ਸਕਦੇ, ਜਿਨ੍ਹਾਂ ਦੇ ਮਨ ਵਿਚ (ਸੁੱਚ ਭਿੱਟ ਆਦਿ ਦਾ) ਭਰਮ ਹੈ {ਚਉਕੇ ਉਪਰਿ ਕਿਸੈ ਨ ਜਾਣਾ।ਦੇ ਕੈ ਚਉਕਾ ਕਢੀ ਕਾਰ।ਉਪਰਿ ਆਇ ਬੈਠੇ ਕੂੜਿਆਰ ੪੭੨; ਲੀਪਿਐ ਥਾਇ ਨ ਸੁਚਿ ਹਰਿ ਮਾਨੈ ੧੧੫੧}।ਉਨ੍ਹਾਂ (ਭਰਮੀ ਸਾਧੂਆਂ) ਨੂੰ ਦਾਨ ਦਿਤੇ ਦਾ ਪੁੰਨ ਵੀ ਤਾਂ ਉਹੋ ਜਿਹਾ ਹੀ ਹੋਣਾ ਹੈ (ਕੋਈ ਫਲ ਨਹੀਂ ਮਿਲਦਾ)।੧।

ਪਦਾਰਥ = ਅਭਿਆਗਤ-ਤਿਆਗੀ ਸਾਧੂ; ਭਿਖਿਆ ਮੰਗਣ ਵਾਲੇ ਸਾਧੂ।ਏਹ-ਏਹੋ ਜਿਹੇ (ਮਨੁੱਖ)।ਨ ਆਖੀਅਹਿ-ਨਹੀਂ ਆਖੇ ਜਾ ਸਕਦੇ।ਜਿਨ ਕੈ-ਜਿਨ੍ਹਾਂ ਦੇ।ਮਨ ਮਨਿ-ਮਨ ਵਿਚ।ਭਰਮੁ-ਵਹਿਮ; ਸੰਸਾ।ਤਿਨ ਕੇ ਦਿਤੇ-ਉਨ੍ਹਾਂ ਨੂੰ ਦਾਨ ਦਿਤੇ ਦਾ।ਤੇਹੋ ਜੇਹਾ-ਉਹੋ ਜਿਹਾ।ਧਰਮੁ-ਪੁੰਨ।ਇਹ ਦੋਵੇਂ ਸਲੋਕ ਰਾਮਕਲੀ ਦੀ ਵਾਰ ਵਿਚ ੯੪੯ ਅੰਗ ਤੇ ਵੀ ਆਏ ਹਨ।੧।

ਅਭਿਆਗਤ ਏਹਿ ਨ ਆਖੀਅਨਿ, ਜਿ ਪਰ ਘਰਿ ਭੋਜਨੁ ਕਰੇਨਿ।ਉਦਰੈ ਕਾਰਣਿ ਆਪਣੇ, ਬਹਲੇ ਭੇਖਿ ਕਰੇਨਿ। (੯੪੯)

ਅਭੈ ਨਿਰੰਜਨ ਪਰਮ ਪਦੁ, ਤਾ ਕਾ ਭੀਖਕੁ ਹੋਇ ॥ ਤਿਸ ਕਾ ਭੋਜਨੁ ਨਾਨਕਾ, ਵਿਰਲਾ ਪਾਏ ਕੋਇ ॥੨॥ (ਹੇ ਭਾਈ! ਜੋ) ਭੈ ਤੋਂ ਰਹਿਤ ਅਤੇ ਮਾਇਆ ਦੇ ਮੋਹ ਦੀ ਕਾਲਖ ਤੋਂ ਨਿਰਲੇਪ ਉਚੀ ਪਦਵੀ ਵਾਲਾ ਵਾਹਿਗੁਰੂ ਹੈ, (ਜੋ ਪੁਰਖ) ਉਸਦਾ ਮੰਗਤਾ ਹੋ ਜਾਂਦਾ ਹੈ (ਵਾਹਿਗੁਰੂ ਨੂੰ ਮੰਗਦਾ ਹੈ)।ਗੁਰੂ ਜੀ ਆਖਦੇ ਹਨ, ਉਸ (ਮਹਾਂ ਪੁਰਖ) ਦਾ ਭੋਜਨ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ; ਉਸ ਵਾਹਿਗੁਰੂ ਦੇ ਨਾਮ ਭੋਜਨ ਨੂੰ ਕੋਈ ਵਿਰਲਾ ਪੁਰਖ ਹੀ ਪਾਉਂਦਾ ਹੈ।੨।

ਪਦਾਰਥ = ਅਭੈ-ਭੈ ਤੋਂ ਰਹਿਤ।ਨਿਰੰਜਨ-ਮਾਇਆ ਦੀ ਕਾਲਖ ਤੋਂ ਰਹਿਤ।ਪਰਮ ਪਦੁ-ਸਭ ਤੋਂ ਉਚੀ ਪਦਵੀ; ਤੁਰੀਆ ਪਦ।ਤਾ ਕਾ-ਉਸ ਦਾ।ਭੀਖਕੁ-ਭਿਖਾਰੀ।ਤਿਸ ਕਾ-ਉਸਦਾ (ਭਿਖਾਰੀ ਵਾਲਾ ਨਾਮ ਭੋਜਨ)।ਸਾਰ = ਜਿਹੜਾ ਮਨੁੱਖ ਪ੍ਰਮਾਤਮਾ ਦੇ ਨਾਮ ਦਾ ਮੰਗਤਾ ਹੈ, ਐਸੇ ਮਨੁੱਖ ਦਾ ਭੋਜਨ ਛਕਣਾ ਜਾਂ ਐਸੇ ਮਨੁੱਖ ਨੂੰ ਭੋਜਨ ਛਕਾਉਣਾ ਸਫਲ ਹੈ।੨।

ਹੋਵਾ ਪੰਡਿਤੁ ਜੋਤਕੀ, ਵੇਦ ਪੜਾ ਮੁਖਿ ਚਾਰਿ ॥ ਨਵਾ ਖੰਡਾ ਵਿਚਿ ਜਾਣੀਆ, ਅਪਨੇ ਚਜ ਵੀਚਾਰ ॥੩॥ ਹੇ ਭਾਈ! ਜੇ ਮੈਂ ਪੰਡਤ ਅਤੇ ਜੋਤਸ਼ੀ ਬਣ ਜਾਵਾਂ, ਮੂੰਹ ਦੁਆਰਾ ਚਾਰੇ ਵੇਦ ਬੀ ਪੜ੍ਹਦਾ ਰਹਾਂ।(ਧਰਤੀ ਦੇ) ਨੌਂ ਖੰਡਾਂ ਵਿਚ ਅਪਣੇ ਚੰਗੇ ਕੰਮਾਂ ਤੇ ਬਿਚਾਰਾਂ ਨਾਲ (ਪ੍ਰਸਿੱਧ ਹੋ ਕੇ) ਜਾਣਿਆ ਜਾਵਾਂ (ਪਰ ਨਾਮ ਜਪੇ ਬਿਨਾ ਸਭ ਨਿਸਫਲ ਹਨ)।੩।

ਪਦਾਰਥ = ਹੋਵਾ-ਹੋ (ਬਣ) ਜਾਵਾਂ।ਜੋਤਕੀ-ਜੋਤਸ਼ੀ।ਮੁਖਿ-ਮੂੰਹ ਦੁਆਰਾ।ਚਾਰਿ-ਚਾਰ ਬੇਦ।ਨਵਾ ਖੰਡਾ-ਧਰਤੀ ਦੇ ਨੌਂ ਖੰਡਾਂ (ਸਾਰੇ ਸੰਸਾਰ) ਵਿਚ।ਜਾਣੀਆ-ਜਾਣਿਆ (ਪ੍ਰਸਿੱਧ ਹੋ) ਜਾਵਾਂ।ਚਜ ਵੀਚਾਰ-ਕੰਮਾਂ ਅਤੇ ਵਿਚਾਰਾ ਕਰਕੇ।੩।ਇਹ ਸਲੋਕ ੧੦੯੦ ਤੇ ਮਾਰੂ ਦੀ ਵਾਰ ਵਿਚ ੧੧ ਵੀਂ ਪਉੜੀ ਨਾਲ ਵੀ ਆਇਆ ਹੈ।

ਬ੍ਰਹਮਣ ਕੈਲੀ ਘਾਤੁ ਕੰਞਕਾ, ਅਣਚਾਰੀ ਕਾ ਧਾਨੁ ॥ (ਹਿੰਦੂ ਧਰਮ ਵਿਚ) ਬ੍ਰਹਮਣ ਦਾ ਕਤਲ, ਗਊ ਅਤੇ ਕੰਨਿਆ ਦੀ ਹੱਤਿਆ (ਜਾਂ ਧੀ ਨੂੰ ਵੇਚ ਕੇ ਪੈਸਾ ਲੈਣਾ) ਅਤੇ ਕੁਕਰਮੀ ਦਾ ਅੰਨ ਖਾਣਾ (ਪੈਸਾ ਲੈਣਾ ਆਦਿ ਮਹਾਂ ਪਾਪ ਗਿਣੇ ਗਏ ਹਨ)।ਜਹਾਂ ਤਹਾਂ ਕਾ

ਖਾਇ ਪ੍ਰਸਾਦ। ਸੋ ਸਿਖ ਨਹੀ ਮੇਰਾ ਆਦਿ ਜੁਗਾਦਿ। (ਰਹਿਤਨਾਮਾ)

ਫਿਟਕ ਫਿਟਕਾ ਕੋੜੁ ਬਦੀਆ, ਸਦਾ ਸਦਾ ਅਭਿਮਾਨੁ ॥ (ਅਜੇਹੇ) ਖੋਟੇ ਕਰਮ ਕਰਨ ਵਾਲਿਆਂ ਨੂੰ (ਜਗਤ ਵੱਲੋਂ) ਲਾਹਣਤਾਂ ਹੀ ਪੈਂਦੀਆਂ ਹਨ, ਸਦਾ ਬਦੀਆਂ ਦਾ ਕੋੜ੍ਹ ਲੱਗਾ ਰਹਿੰਦਾ ਹੈ ਤੇ ਸਦਾ ਹੰਕਾਰੀ ਬਣੇ ਰਹਿੰਦੇ ਹਨ।

ਪਾਹਿ ਏਤੇ ਜਾਹਿ ਵੀਸਰਿ, ਨਾਨਕਾ ਇਕੁ ਨਾਮੁ ॥ ਸਭ ਬੁਧੀ ਜਾਲੀਅਹਿ, ਇਕੁ ਰਹੈ ਤਤੁ ਗਿਆਨੁ ॥੪॥ ਹੇ ਨਾਨਕ! ਇਤਨੇ ਹੀ (ਬ੍ਰਹਮ ਵੇਤਾ ਤੇ ਗਊ ਦਾ ਘਾਤ, ਧੀ ਤੇ ਵੇਸਵਾ ਦਾ ਧਾਨ ਖਾਣਾ, ਇਹ) ਪਾਪ ਉਨ੍ਹਾਂ ਵਿਚ ਆ ਪੈਂਦੇ ਹਨ, ਜਿਨ੍ਹਾਂ ਨੂੰ ਇਕ ਵਾਹਿਗੁਰੂ ਦਾ ਨਾਮ ਭੁਲ ਜਾਂਦਾ ਹੈ। ਹੋਰ ਸਭ ਅਕਲਾਂ ਸਾੜੀਆਂ (ਵਿਅਰਥ) ਜਾਂਦੀਆਂ ਹਨ, ਸਿਰਫ ਇਕ ਵਾਹਿਗੁਰੂ ਦਾ ਅਸਲੀ ਗਿਆਨ ਕਾਇਮ ਰਹਿੰਦਾ ਹੈ।੪।

ਪਦਾਰਥ = ਬ੍ਰਹਮਣ-ਬ੍ਰਹਮ ਗਿਆਨੀ। ਕੈਲੀ-ਕਪਿਲਾ ਗਊ (ਸਿਮ੍ਰਤੀਆਂ ਅਨੁਸਾਰ ਭੂਰਾ ਰੰਗ ਅਤੇ ਕਾਲੇ ਥਣਾਂ ਵਾਲੀ ਗਾਂ)। ਘਾਤੁ-ਕਤਲ। ਕੰਞਕਾ-ਕੁਆਰੀ ਕੁੜੀ। ਅਣਚਾਰੀ-ਦੁਰਾਚਾਰੀ; ਵੇਸਵਾ; ਪਾਪੀ। ਧਾਨੁ-ਅੰਨ ਖਾਣਾ; ਧਨ (ਪੈਸਾ) ਲੈਣਾ। ਫਿਟਕ ਫਿਟਕਾ-ਫਿਟਕਾਰਿਆਂ (ਬੁਰੇ ਕਰਮ ਕਰਨ ਵਾਲਿਆਂ)ਨੂੰ ਫਿਟਕਾਰਾਂ ਹੀ (ਪੈਂਦੀਆਂ ਹਨ)। ਕੋੜੁ-ਕੋੜ੍ਹ; ਕ੍ਰੋੜ (ਸੰ.ਸ.; ਫ.ਸ.; ਟਕਸਾਲ)। ਬਦੀਆ-(ਬੁਰਿਆਈਆਂ) ਬਦੀਆਂ। ਪਾਹਿ-ਆ ਪੈਂਦੇ ਹਨ। ਏਤੇ-ਇਤਨੇ। ਜਾਹਿ-ਜਿਨ੍ਹਾਂ ਨੂੰ। ਵੀਸਰਿ-ਭੁੱਲ ਜਾਂਦਾ ਹੈ। ਬੁਧੀ-ਅਕਲ; ਸਿਆਣਪਾਂ। ਜਾਲੀਅਹਿ-(ਕਿਸੇ ਕੰਮ ਨਹੀਂ ਆਉਂਦੀਆਂ) ਜਾਲੀਆਂ ਜਾਂਦੀਆਂ ਹਨ। ਇਕੁ-ਇਕ ਵਾਹਿਗੁਰੂ ਦਾ। ਰਹੈ-ਕਾਇਮ ਰਹਿੰਦਾ ਹੈ। ਤਤੁ ਗਿਆਨੁ-ਅਸਲੀ (ਯਥਾਰਥ ਦਾ) ਗਿਆਨ।੪।

ਵਿਆਖਿਆ = ਹਿੰਦੂ ਧਰਮ ਵਿਚ ਬ੍ਰਹਮਣ, ਗਾਂ, ਕੁਆਰੀ ਲੜਕੀ ਨੂੰ ਮਾਰਨਾ ਤੇ ਵੇਸਵਾ ਦਾ ਅੰਨ ਖਾਣਾ ਮਹਾਂ ਪਾਪ ਹਨ। ਕਿਸੇ ਬ੍ਰਹਮ ਵੇਤਾ (ਮਹਾਂ ਪੁਰਖ), ਗਊ ਗਰੀਬ ਲਾਚਾਰ ਮਨੁੱਖ ਦੀ ਹੱਤਿਆ ਕਰਨਾ, ਜੰਮਦੀ ਕੁੜੀ ਨੂੰ ਮਾਰਨਾ ਜਾਂ ਧੀ ਦੇ ਪੈਸੇ ਲੈ ਕੇ ਵਿਆਹ ਕਰਨਾ (ਧੀਆਂ ਨੂੰ ਵੇਚ ਕੇ ਪੈਸਾ ਖਾਣਾ) ਅਤੇ ਦੁਰਾਚਾਰੀ ਮਨੁੱਖ ਤੋਂ ਦਾਨ ਲੈਣਾ ਜਾਂ ਪਾਪੀ ਦਾ ਅੰਨ ਖਾਣਾ ਆਦਿ ਬੱਜਰ ਪਾਪ ਹਨ {ਵੇਦੀਨਾ ਕੀ ਦੋਸਤੀ, ਵੇਦੀਨਾ ਕਾ ਖਾਣੁ੭੯੦}। ਇਨ੍ਹਾਂ ਪਾਪਾਂ ਕਰਕੇ ਲੋਕ ਪ੍ਰਲੋਕ ਦੀਆਂ ਲਾਹਣਤਾਂ, ਬੁਰਿਆਈਆਂ ਤੇ ਹੰਕਾਰ ਦਾ ਮਾਨੋ ਮਨੁਖ ਨੂੰ ਸਦਾ ਕੋੜ੍ਹ ਲੱਗਾ ਰਹਿੰਦਾ ਹੈ। ਇਹ ਸਾਰੇ ਪਾਪ ਉਸ ਮਨੁੱਖ ਤੇ ਆ ਪੈਂਦੇ ਹਨ ਜੋ ਰੱਬ ਨੂੰ ਭੁੱਲ ਜਾਂਦੇ ਹਨ (ਰੱਬ ਨੂੰ ਭੁੱਲਣਾ ਮਹਾਂ ਪਾਪ ਹੈ)। ਸਭ ਸਿਆਣਪਾਂ ਕਿਸੇ ਕੰਮ ਨਹੀ ਆਉਂਦੀਆਂ, ਕੇਵਲ ਆਤਮ ਸਰੂਪ ਦਾ ਗਿਆਨ ਸਦਾ ਥਿਰ ਰਹਿਣ ਵਾਲਾ ਹੈ।੪।

ਮਾਥੈ ਜੋ ਧੁਰਿ ਲਿਖਿਆ, ਸੁ ਮੇਟਿ ਨ ਸਕੈ ਕੋਇ ॥ ਨਾਨਕ ਜੋ ਲਿਖਿਆ ਸੁ ਵਰਤਦਾ, ਸੋ ਬੂਝੈ ਜਿਸਨੋ ਨਦਰਿ ਹੋਇ ॥੫॥ (ਨਿਰੰਕਾਰ ਨੇ) ਜੋ ਲੇਖ ਮੱਥੇ ਤੇ ਧੁਰ ਤੋਂ ਲਿਖ ਦਿਤਾ ਹੈ, ਉਸ (ਲੇਖ) ਨੂੰ ਕੋਈ ਵੀ ਨਹੀਂ ਮੇਟ ਸਕਦਾ {ਧੁਰਿ ਲੇਖੁ ਲਿਖਿਆ ਸੁ ਕਮਾਵਣਾ, ਕੋਇ ਨ ਮੇਟਣਹਾਰੁ ੧੩੪੬}। ਗੁਰੂ ਜੀ ਆਖਦੇ ਹਨ ਕਿ ਜੋ (ਮੱਥੇ ਤੇ) ਲਿਖਿਆ ਹੋਇਆ ਹੈ, ਉਹ ਹੀ ਵਰਤਦਾ (ਵਾਪਰਦਾ) ਰਹਿੰਦਾ ਹੈ (ਪਰ ਇਸ ਗੱਲ ਨੂੰ) ਉਹ ਪੁਰਖ ਹੀ ਸਮਝਦਾ ਹੈ ਜਿਸ ਉਤੇ ਵਾਹਿਗੁਰੂ ਦੀ ਕ੍ਰਿਪਾ ਦ੍ਰਿਸਟੀ ਹੁੰਦੀ ਹੈ।

ਪਦਾਰਥ = ਮਾਥੈ-(ਮਨੁੱਖ ਦੇ) ਮੱਥੇ ਉਤੇ। ਧੁਰਿ-ਧੁਰ ਤੋਂ। ਸੁ-ਉਹ। ਸੋ-ਉਹ (ਮਨੁੱਖ)। ਬੂਝੈ-ਸਮਝਦਾ ਹੈ। ਜਿਸ ਨੋ-ਜਿਸ ਉਤੇ। ਨਦਰਿ-ਮੇਹਰ ਦੀ ਨਜਰ।੫।

ਵਿਆਖਿਆ = ਮਨੁੱਖ ਜੋ ਵੀ ਚੰਗੇ ਮੰਦੇ ਕਰਮ ਕਰਦਾ ਹੈ ਉਹ ਮਨੁੱਖ ਦੇ ਮਨ ਉਪਰ ਉਕਰ ਜਾਂਦੇ ਹਨ। ਉਨ੍ਹਾਂ ਕੀਤੇ ਕਰਮਾਂ ਅਨੁਸਾਰ ਅਗਲਾ ਜੀਵਨ ਮਿਲਦਾ ਹੈ ਅਤੇ ਮਨੁੱਖ ਦਾ ਸੁਭਾਓ ਬਣਦਾ ਹੈ। ਇਹੋ ਹੀ ਧੁਰੋਂ ਲਿਖਿਆ ਰੱਬੀ ਲੇਖ ਹੈ, ਇਸ ਨੂੰ ਦਾਨ, ਪੁੰਨ, ਤਪ, ਪੂਜਾ, ਹਵਨ, ਜੱਗ ਆਦਿ ਹੋਰ ਕਿਸੇ ਜਤਨ ਨਾਲ ਨਹੀਂ ਮੇਟਿਆ ਜਾ ਸਕਦਾ। ਜਿਸ ਵਾਹਿਗੁਰੂ ਨੇ ਇਹ ਲੇਖ ਲਿਖਿਆ ਹੈ, ਜੇ ਉਹ ਖੁਸ਼ ਹੋ ਜਾਵੇ ਤਾਂ ਮਿਟ ਸਕਦਾ ਹੈ {ਮਿਟਹਿ ਕਮਾਣੇ ਪਾਪ ਚਿਰਾਣੇ, ਸਾਧ ਸੰਗਤਿ ਮਿਲਿ ਮੁਆ ਜੀਜੈ ੬੯੩}। ਉਹ ਖੁਸ਼ ਹੁੰਦਾ ਹੈ, ਨਾਮ ਸਿਮਰਨ ਦੁਆਰਾ ਗੁਰਮੁਖਾਂ ਵਾਲਾ ਜੀਵਨ ਜਿਉਣ ਨਾਲ।੫।

ਜਿਨੀ ਨਾਮੁ ਵਿਸਾਰਿਆ, ਕੂੜੈ ਲਾਲਚਿ ਲਗਿ ॥ ਧੰਧਾ ਮਾਇਆ ਮੋਹਣੀ, ਅੰਤਰਿ ਤਿਸਨਾ ਅਗਿ ॥ ਜਿਨ੍ਹਾਂ ਪੁਰਖਾਂ ਨੇ ਝੂਠੇ (ਨਾਸ਼ਵੰਤ ਪਦਾਰਥਾਂ ਦੇ) ਲਾਲਚ ਵਿਚ ਲਗ ਕੇ ਵਾਹਿਗੁਰੂ ਦਾ ਨਾਮ ਭੁਲਾ ਦਿਤਾ ਹੈ। (ਉਹ ਪੁਰਖ) ਮਨ ਨੂੰ ਮੋਹ ਲੈਣ ਵਾਲੀ ਮਾਇਆ ਦੇ ਹੀ ਧੰਧੇ ਕਰਦੇ ਰਹਿੰਦੇ ਹਨ ਕਿਉਂਕਿ (ਉਨ੍ਹਾਂ ਦੇ ਅੰਦਰ) ਤ੍ਰਿਸ਼ਨਾ ਦੀ ਅੱਗ ਹੈ।

ਜਿਨ੍ਹਾ ਵੇਲਿ ਨ ਤੂੰਬੜੀ, ਮਾਇਆ ਠਗੇ ਠਗਿ ॥ ਜਿਨ੍ਹਾਂ ਦੇ ਹਿਰਦੇ ਅੰਦਰ ਭਗਤੀ ਰੂਪ ਵੇਲ (ਪੈਦਾ) ਨਹੀ ਹੋਈ, ਤੇ ਗਿਆਨ (ਜਾਂ ਸ਼ਰਧਾ) ਰੂਪ ਤੂੰਬੀ (ਕੱਦੂ ਵਰਗਾ) ਨਹੀ ਹੈ, ਉਹ ਠੱਗ ਮਾਇਆ ਨੇ ਠੱਗ ਲਏ ਹਨ; ਜਿਨ੍ਹਾਂ ਪੁਰਖਾਂ ਕੋਲ ਨਾ ਕੋਈ ਇਸਤ੍ਰੀ ਰੂਪ ਵੇਲ ਹੈ, ਨਾ ਹੀ ਤੂੰਬੀ ਰੂਪ ਧੀ ਪੁਤ੍ਰ ਹੈ, ਉਹ ਵੀ ਮਾਇਆ ਰੂਪ ਠਗਣੀ ਨੇ ਠਗ ਲਏ ਹਨ (ਟਕਸਾਲ ਨੇ ਦੋਵੇਂ ਅਰਥ ਕੀਤੇ ਹਨ)।

ਮਨਮੁਖਿ ਬੰਨਿ੍ ਚਲਾਈਅਹਿ, ਨਾ ਮਿਲਹੀ ਵਗਿ ਸਗਿ ॥ ਮਨਮੁਖ ਬੰਨ੍ਹ ਕੇ (ਜਮਪੁਰੀ ਨੂੰ) ਤੋਰ ਲਏ ਜਾਂਦੇ ਹਨ, ਜਿਵੇਂ ਕੁੱਤੇ ਗਾਂਵਾਂ ਦੇ ਵੱਗ ਵਿਚ ਨਹੀਂ ਮਿਲ ਸਕਦੇ (ਇਸੇ ਤਰ੍ਹਾਂ ਮਨਮੁਖ ਲੋਭੀ ਸੁਭਾਓ ਕਰਕੇ ਗੁਰਮੁਖਾਂ ਨਾਲ ਨਹੀਂ ਮਿਲ ਸਕਦੇ); ਕੁੱਤਿਆਂ ਦੇ ਵੱਗ

ਨਹੀਂ ਹੁੰਦੇ (ਇੱਕੱਠੇ ਹੁੰਦੇ ਹਨ ਤਾਂ ਲੜਦੇ ਹਨ ਭਾਵ ਲੋਭੀ ਬੰਦੇ ਆਪਸ ਵਿਚ ਮਿਲ ਕੇ ਨਹੀਂ ਰਹਿ ਸਕਦੇ); ਬਗਲਿਆਂ ਵਾਂਙ ਪਖੰਡੀ ਤੇ ਕੁੱਤਿਆਂ ਵਾਂਙ ਲੋਭੀ ਹਰੀ ਨੂੰ ਮਿਲ ਨਹੀਂ ਸਕਦੇ।

ਆਪਿ ਭੁਲਾਏ ਭੁਲੀਐ, ਆਪੇ ਮੇਲਿ ਮਿਲਾਇ ॥ ਨਾਨਕ ਗੁਰਮੁਖਿ ਛੁਟੀਐ, ਜੇ ਚਲੈ ਸਤਿਗੁਰ ਭਾਇ ॥੬॥ ਹੇ ਭਾਈ! ਹਰੀ ਆਪ ਭੁਲਾਏ ਤਾਂ ਭੁੱਲੀਦਾ ਹੈ ਤੇ ਹਰੀ ਆਪ ਹੀ (ਅਪਣੇ ਨਾਲ) ਮਿਲਾ ਲਵੇ ਤਾਂ ਮਿਲ ਸਕੀਦਾ ਹੈ; ਆਪ ਹੀ (ਕ੍ਰਿਪਾ ਕਰ ਕੇ ਗੁਰਮੁਖਾਂ ਦੇ) ਮੇਲ ਵਿਚ ਮਿਲਾਉਂਦਾ ਹੈ। ਗੁਰੂ ਜੀ ਆਖਦੇ ਹਨ, ਗੁਰੂ ਰਾਹੀਂ (ਮਾਯਾ ਦੇ ਬੰਧਨਾਂ ਤੋਂ) ਛੁੱਟ ਸਕੀਦਾ ਹੈ, (ਪਰ) ਜੇ ਮਨੁੱਖ ਸੱਤਗੁਰੂ ਦੇ ਭਾਣੇ ਵਿਚ ਚੱਲੇ।੬।

ਪਦਾਰਥ = ਜਿਨੀ–ਜਿਨ੍ਹਾਂ (ਮਨੁੱਖਾਂ) ਨੇ। ਵਿਸਾਰਿਆ–ਭੁਲਾ ਦਿਤਾ ਹੈ। ਕੂੜੈ ਲਾਲਚਿ ਲਗਿ–ਝੂਠੇ ਲਾਲਚ ਵਿਚ ਲਗ ਕੇ। ਮੋਹਣੀ–ਮਨ ਨੂੰ ਮੋਹ ਲੈਣ ਵਾਲੀ। ਅੰਤਰਿ–ਹਿਰਦੇ ਅੰਦਰ। ਵੇਲਿ–ਭਗਤੀ ਰੂਪ ਵੇਲ; ਇਸਤ੍ਰੀ। ਤੂੰਬੜੀ–ਸ਼ਰਧਾ; ਗਿਆਨ; ਧੀਆਂ ਪੁਤ੍ਰ ਰੂਪ ਤੂੰਬੀ (ਘੀਆ ਕੱਦੂ ਵਰਗਾ ਇਕ ਫਲ ਜਿਸ ਤੇ ਤਾਰ ਲਗਾ ਕੇ ਵਜਾਇਆ ਜਾਂਦਾ ਹੈ)। ਮਾਇਆ ਠਗੇ ਠਗਿ–ਮਾਯਾ ਠੱਗਣੀ ਦੁਆਰਾ ਠੱਗੇ ਗਏ ਹਨ। ਬੰਨਿ੍–ਬੰਨ੍ਹ ਕੇ। ਚਲਾਈਅਹਿ–ਤੋਰ ਲਏ ਜਾਂਦੇ ਹਨ (ਜਮ ਪੁਰੀ ਨੂੰ)। ਵਗਿ–ਗਊਆਂ ਦਾ ਝੁੰਡ (ਇਕੱਠ)। ਸਗਿ–ਕੁੱਤੇ (ਵਾਲੇ ਲੋਭੀ ਸੁਭਾਓ ਕਰਕੇ)। ਭੁਲੀਐ–ਭੁੱਲ (ਕੁਰਾਹੇ ਪੈ) ਜਾਈਦਾ ਹੈ। ਮੇਲਿ ਮਿਲਾਇ–(ਗੁਰਮੁਖਾਂ ਦੇ) ਮੇਲ ਵਿਚ ਮਿਲਾਉਂਦਾ ਹੈ। ਗੁਰਮੁਖਿ–ਗੁਰੂ ਦੁਆਰਾ। ਭਾਇ–ਭਾਣੇ ਵਿਚ।੬।

ਸਾਲਾਹੀ ਸਾਲਾਹਣਾ, ਭੀ ਸਚਾ ਸਾਲਾਹਿ ॥ ਨਾਨਕ ਸਚਾ ਏਕੁ ਦਰੁ ,ਬੀਭਾ ਪਰਹਰਿ ਆਹਿ ॥੭॥ ਹੇ ਭਾਈ! ਸਲਾਹੁਣ ਯੋਗ ਨਿਰੰਕਾਰ ਨੂੰ ਸਲਾਹੁਣਾ ਚਾਹੀਦਾ ਹੈ, ਪੁਨਾ ਮਨ ਕਰਕੇ ਵੀ ਸਦਾ ਥਿਰ ਰਹਿਣ ਵਾਲੇ ਨਿਰੰਕਾਰ ਦੀ ਸਿਫਤ ਸਲਾਹ ਕਰ। ਗੁਰੂ ਜੀ ਆਖਦੇ ਹਨ ਕਿ ਸਦਾ ਥਿਰ ਰਹਿਣ ਵਾਲਾ ਇਕੋ (ਪ੍ਰਭੂ ਦਾ) ਦਰ ਹੈ, (ਪ੍ਰਭੂ ਦੇ ਦਰ ਤੋਂ ਬਿਨਾ) ਦੂਜਾ ਹੋਰ ਦਰ ਛੱਡਣ (ਯੋਗ) ਹੈ {ਖਸਮੁ ਛੋਡਿ ਦੂਜੈ ਲਗੇ, ਡੁਬੇ ਸੇ ਵਣਜਾਰਿਆ ੪੭੦}।

ਪਦਾਰਥ = ਸਾਲਾਹੀ–ਸਲਾਹੁਣ ਯੋਗ (ਪ੍ਰਭੂ)। ਸਾਲਾਹਣਾ–ਸਲਾਹੁਣਾ ਚਾਹੀਦਾ ਹੈ। ਭੀ–ਪੁਨਾ; ਮੁੜ ਮੁੜ (ਹਰ ਵੇਲੇ)। ਸਚਾ–ਸਦਾ ਥਿਰ ਰਹਿਣ ਵਾਲਾ (ਹਰੀ)। ਸਾਲਾਹਿ–ਸਿਫਤ ਸਲਾਹ ਕਰ। ਦਰੁ–ਦਰਵਾਜਾ। ਬੀਭਾ–ਹੋਰ ਦੂਜਾ। ਪਰਹਰਿ–ਛਡਣ (ਯੋਗ)। ਆਹਿ–ਹੈ।੭।

ਨਾਨਕ ਜਹ ਜਹ ਮੈ ਫਿਰਉ, ਤਹ ਤਹ ਸਾਚਾ ਸੋਇ ॥ ਜਹ ਦੇਖਾ ਤਹ ਏਕੁ ਹੈ, ਗੁਰਮੁਖਿ ਪਰਗਟੁ ਹੋਇ ॥੮॥ ਗੁਰੂ ਜੀ ਆਖਦੇ ਹਨ ਕਿ (ਦੁਨੀਆਂ ਵਿਚ) ਜਿੱਥੇ ਜਿੱਥੇ ਵੀ ਮੈਂ ਫਿਰਦਾ ਹਾਂ, ਉਥੇ ਉਥੇ ਉਹ ਸਦਾ ਥਿਰ ਵਾਹਿਗੁਰੂ (ਮੌਜੂਦ) ਹੈ। ਮੈਂ ਜਿਥੇ ਵੀ ਦੇਖਦਾ ਹਾਂ, ਉਥੇ ਇਕ ਵਾਹਿਗੁਰੂ ਹੀ ਹੈ, ਪਰ (ਵਾਹਿਗੁਰੂ) ਗੁਰੂ ਦੁਆਰਾ ਪ੍ਰਗਟ ਹੁੰਦਾ ਹੈ।੮।

ਪਦਾਰਥ = ਜਹ ਜਹ–ਜਿੱਥੇ ਜਿੱਥੇ। ਫਿਰਉ–ਫਿਰਦਾ (ਜਾਂਦਾ) ਹਾਂ। ਤਹ ਤਹ–ਉਥੇ ਉਥੇ। ਸਾਚਾ–ਸਦਾ ਕਾਇਮ ਰਹਿਣ ਵਾਲਾ ਵਾਹਿਗੁਰੂ। ਸੋਇ–ਉਹ। ਗੁਰਮੁਖਿ–ਗੁਰੂ ਦੁਆਰਾ।੮।

ਦੂਖ ਵਿਸਾਰਣੁ ਸਬਦੁ ਹੈ, ਜੇ ਮੰਨਿ ਵਸਾਏ ਕੋਇ ॥ ਗੁਰ ਕਿਰਪਾ ਤੇ ਮਨਿ ਵਸੈ, ਕਰਮ ਪਰਾਪਤਿ ਹੋਇ ॥੯॥ (ਹੇ ਭਾਈ!) ਦੁੱਖਾਂ ਦੇ ਭੁਲਾ ਦੇਣ (ਦੂਰ ਕਰਨ) ਵਾਲਾ ਗੁਰੂ ਦਾ ਸ਼ਬਦ ਹੈ (ਪਰ) ਜੇ ਕੋਈ (ਮਨੁੱਖ ਸ਼ਬਦ ਨੂੰ) ਮਨ ਵਿਚ ਵਸਾ ਲਵੇ (ਤਾਂ ਦੁੱਖ ਨਾਸ਼ ਹੁੰਦੇ ਹਨ)। ਗੁਰੂ ਦੀ ਕਿਰਪਾ ਨਾਲ (ਸ਼ਬਦ) ਮਨ ਵਿਚ ਵਸਦਾ ਹੈ (ਪਰ ਗੁਰੂ) ਚੰਗੇ ਕਰਮਾਂ ਕਰਕੇ ਪ੍ਰਾਪਤ ਹੁੰਦਾ ਹੈ।੯।

ਪਦਾਰਥ = ਵਿਸਾਰਣੁ–ਭੁਲਾ ਦੇਣ ਵਾਲਾ। ਜੇ–ਜੇ ਕਰ। ਮੰਨਿ–ਮਨ ਵਿਚ। ਤੇ–ਕਰਕੇ; ਨਾਲ। ਮਨਿ–ਮਨ ਵਿਚ। ਵਸੈ–ਵਸਦਾ ਹੈ। ਕਰਮ–(ਉਤਮ) ਭਾਗਾਂ ਨਾਲ।੯।

ਨਾਨਕ ਹਉ ਹਉ ਕਰਤੇ ਖਪਿ ਮੁਏ, ਖੂਹਣਿ ਲਖ ਅਸੰਖ ॥ ਸਤਿਗੁਰ ਮਿਲੇ ਸੁ ਉਬਰੇ, ਸਾਚੈ ਸਬਦਿ ਅਲੰਖ ॥੧੦॥ ਹੇ ਨਾਨਕ! ਦੁਨੀਆਂ ਵਿਚ ਲਖਾਂ ਖੂਹਣੀਆਂ ਦੇ ਅਣਗਿਣਤ ਲੋਕ ਮੈਂ (ਵੱਡਾ ਹਾਂ) ਮੈਂ (ਬੜਾ ਚੰਗਾ ਹਾਂ) ਕਰਦੇ ਹੋਏ ਖਪ ਕੇ ਮਰ ਗਏ ਹਨ {ਖਿਮਾ ਵਿਹੂਣੇ ਖਪਿ ਗਏ, ਖੂਹਣਿ ਲਖ ਅਸੰਖ ੯੩੭}। (ਜਿਹੜੇ ਮਨੁੱਖ) ਸੱਤਗੁਰੂ ਨੂੰ ਮਿਲੇ ਹਨ, ਉਹ ਨਾ ਲਖੇ ਜਾਣ ਵਾਲੇ ਵਾਹਿਗੁਰੂ ਦੇ ਸੱਚੇ ਸ਼ਬਦ ਦੁਆਰਾ ਮੈਂ ਮੈਂ ਕਰਨ ਤੋਂ ਬਚ ਗਏ ਹਨ।੧੦।

ਪਦਾਰਥ = ਹਉ ਹਉ–ਮੈਂ ਮੈਂ (ਅਪਣੀ ਵਡੱਪਣ ਤੇ ਮਾਇਆ ਦਾ ਹੰਕਾਰ)। ਖਪਿ–ਦੁਖੀ (ਖੁਆਰ) ਹੋ ਕੇ। ਮੁਏ–ਮਰ ਗਏ। ਖੂਹਣਿ–ਖੂਹਣੀਆਂ (ਫੌਜ ਦੀ ਬਹੁਤ ਜਿਆਦਾ ਗਿਣਤੀ)। ਅਸੰਖ–ਅਣ ਗਿਣਤ। ਸੁ–ਉਹ। ਉਬਰੇ–ਬਚ ਗਏ। ਸਾਚੈ ਸਬਦਿ–ਸੱਚੇ ਸ਼ਬਦ ਦੁਆਰਾ। ਅਲੰਖ–ਅਲੱਖ ਪ੍ਰਭੂ।੧੦।

ਜਿਨਾ ਸਤਿਗੁਰੁ ਇਕ ਮਨਿ ਸੇਵਿਆ, ਤਿਨ ਜਨ ਲਾਗਉ ਪਾਇ ॥ ਗੁਰ ਸਬਦੀ ਹਰਿ ਮਨਿ ਵਸੈ, ਮਾਇਆ ਕੀ ਭੁਖ ਜਾਇ ॥ ਹੇ ਭਾਈ! ਜਿਨ੍ਹਾਂ ਨੇ ਸੱਤਗੁਰੂ ਨੂੰ ਇਕਾਗਰ ਮਨ ਕਰਕੇ ਸੇਵਿਆ ਹੈ, ਮੈਂ ਉਨ੍ਹਾਂ (ਗੁਰਮੁਖ) ਜਨਾਂ ਦੀ ਚਰਨੀਂ ਲਗਦਾ ਹਾਂ। ਗੁਰੂ ਦੇ ਸ਼ਬਦ ਰਾਹੀਂ ਹਰੀ ਮਨ ਵਿਚ ਵਸਦਾ ਹੈ ਅਤੇ ਮਾਇਆ ਦੀ ਭੁੱਖ ਚਲੇ (ਦੂਰ ਹੋ) ਜਾਂਦੀ ਹੈ।

ਸੇ ਜਨ ਨਿਰਮਲ ਊਜਲੇ, ਜਿ ਗੁਰਮੁਖਿ ਨਾਮਿ ਸਮਾਇ ॥ ਨਾਨਕ ਹੋਰਿ ਪਤਿਸਾਹੀਆ ਕੂੜੀਆ, ਨਾਮਿ ਰਤੇ ਪਾਤਿਸਾਹ ॥੧੧॥ ਉਹ ਮਨੁੱਖ ਪਵਿਤ੍ਰ ਉਜਲ (ਜੀਵਨ ਵਾਲੇ) ਬਣ ਜਾਂਦੇ ਹਨ; ਮਨ ਕਰਕੇ ਉਜਲ ਤੇ ਤਨ ਕਰਕੇ ਨਿਰਮਲ ਹੋ ਜਾਂਦੇ ਹਨ, ਜਿਹੜੇ ਗੁਰੂ ਦੁਆਰਾ ਨਾਮ ਵਿਚ ਲੀਨ ਹੋ ਜਾਂਦੇ ਹਨ। ਗੁਰੂ ਜੀ ਆਖਦੇ ਹਨ, ਹੋਰ (ਦੁਨਿਆਵੀ) ਬਾਦਸ਼ਾਹੀਆਂ ਝੂਠੀਆਂ (ਨਾਸ਼ਵੰਤ) ਹਨ, ਜਿਹੜੇ ਮਨੁੱਖ ਨਾਮ ਵਿਚ ਰੰਗੇ ਹੋਏ ਹਨ, ਉਹ ਅਸਲੀ ਪਾਤਸ਼ਾਹ ਹਨ।੧੧।

ਜਿਸਨੋ ਬਖਸੇ ਸਿਫਤਿ ਸਾਲਾਹ। ਨਾਨਕ ਪਾਤਸਾਹੀ ਪਾਤਸਾਹੁ (ਜਪੁ ਜੀ)।

ਪਦਾਰਥ = ਇਕ ਮਨਿ–ਇਕ ਮਨ ਹੋ ਕੇ; ਇਕਾਗਰ ਮਨ ਕਰਕੇ। ਸੇਵਿਆ–ਸੇਵਾ ਕੀਤੀ; ਸਿਮਰਿਆ। ਤਿਨ ਜਨ–ਉਨ੍ਹਾਂ (ਗੁਰਮੁਖ) ਜਨਾਂ ਦੇ। ਪਾਇ–ਚਰਨੀਂ। ਗੁਰ ਸਬਦੀ–ਗੁਰੂ ਦੇ ਸ਼ਬਦ ਰਾਹੀਂ। ਮਨਿ–ਮਨ ਵਿਚ। ਸੇ ਜਨ–ਉਹ ਮਨੁੱਖ। ਨਿਰਮਲ ਊਜਲੇ–ਨਿਰਮਲ ਤੋਂ ਨਿਰਮਲ; ਮਨ ਕਰਕੇ ਉਜਲ ਤੇ ਤਨ ਕਰਕੇ ਨਿਰਮਲ। ਜਿ–ਜਿਹੜੇ। ਨਾਮਿ ਸਮਾਇ–ਨਾਮ ਵਿਚ ਲੀਨ ਹੁੰਦੇ ਹਨ। ਪਤਿਸਾਹੀਆ–(ਦੁਨਿਆਵੀ) ਬਾਦਸ਼ਾਹੀਆਂ। ਕੂੜੀਆ–ਝੂਠੀਆਂ; ਨਾਸ਼ਵੰਤ। ਰਤੇ–ਰੰਗੇ ਹੋਏ।੧੧।

ਜਿਉ ਪੁਰਖੈ ਘਰਿ ਭਗਤੀ ਨਾਰਿ, ਹੈ ਅਤਿ ਲੋਚੈ ਭਗਤੀ ਭਾਇ ॥ ਬਹੁ ਰਸ ਸਾਲਨੇ ਸਵਾਰਦੀ, ਖਟ ਰਸ ਮੀਠੇ ਪਾਇ ॥ ਜਿਵੇਂ ਕਿਸੇ ਪੁਰਖ ਦੇ ਘਰ ਵਿਚ ਭਗਤੀ ਕਰਨ ਵਾਲੀ ਇਸਤ੍ਰੀ ਹੈ, (ਉਹ ਅਪਣੇ ਪਤੀ ਦੀ ਸੇਵਾ) ਬਹੁਤ ਭਗਤੀ ਭਾਵਨਾ ਨਾਲ ਕਰਨਾ ਚਾਹੁੰਦੀ ਹੈ। (ਉਹ ਪਤੀ ਨੂੰ ਖੁਸ਼ ਕਰਨ ਲਈ) ਬਹੁਤ ਸੁਆਦਲੇ ਤੇ ਸਲੂਣੇ, ਮਿੱਠਾ ਆਦਿਕ ਪਾ ਕੇ ਛੇ ਰਸਾਂ ਵਾਲੇ (ਭੋਜਨ) ਬਣਾਉਂਦੀ ਹੈ।

ਤਿਉ ਬਾਣੀ ਭਗਤ ਸਲਾਹਦੇ, ਹਰਿ ਨਾਮੈ ਚਿਤੁ ਲਾਇ ॥ ਮਨੁ ਤਨੁ ਧਨੁ ਆਗੈ ਰਾਖਿਆ, ਸਿਰੁ ਵੇਚਿਆ ਗੁਰ ਆਗੈ ਜਾਇ ॥ ਤਿਵੇਂ ਹੀ ਭਗਤ ਜਨ ਬਾਣੀ ਦੁਆਰਾ ਹਰੀ ਦੇ ਨਾਮ ਵਿਚ ਚਿਤ ਜੋੜ ਕੇ (ਹਰੀ ਨੂੰ) ਸਲਾਹੁੰਦੇ ਹਨ। (ਉਨ੍ਹਾਂ ਭਗਤਾਂ ਨੇ ਹਰੀ) ਅੱਗੇ ਮਨ ਤਨ ਤੇ ਧਨ (ਸਰਬੰਸ) ਭੇਟਾ ਰੱਖ ਦਿਤਾ ਹੈ, (ਹਰੀ ਨੂੰ ਮਿਲਣ ਲਈ) ਗੁਰੂ ਅੱਗੇ ਜਾ ਕੇ ਅਪਣਾ ਸਿਰ ਵੇਚ ਦਿਤਾ ਹੈ (ਆਪਾ ਸਮਰਪਣ ਕੀਤਾ ਹੈ)।

ਭੈ ਭਗਤੀ ਭਗਤ ਬਹੁ ਲੋਚਦੇ, ਪ੍ਰਭ ਲੋਚਾ ਪੂਰਿ ਮਿਲਾਇ ॥ (ਜਿਹੜੇ) ਭਗਤ ਜਨ ਹਰੀ ਦੇ ਭੈ ਵਿਚ ਰਹਿ ਕੇ ਭਗਤੀ ਕਰਨੀ ਬਹੁਤ ਲੋਚਦੇ ਹਨ, ਪ੍ਰਭੂ ਉਨ੍ਹਾਂ ਦੀ ਇੱਛਾ ਪੂਰੀ ਕਰਕੇ ਅਪਣੇ ਨਾਲ ਮਿਲਾ ਲੈਂਦਾ ਹੈ।

ਅੰਗ ੧੪੧੪ = ਹਰਿ ਪ੍ਰਭੁ ਵੇਪਰਵਾਹੁ ਹੈ, ਕਿਤੁ ਖਾਧੈ ਤਿਪਤਾਇ ॥ (ਪ੍ਰਸ਼ਨ) ਹਰੀ ਪ੍ਰਭੂ ਵੇਪ੍ਰਵਾਹ ਹੈ, ਉਹ (ਪ੍ਰਭੂ) ਕਿਹੜਾ ਭੋਜਨ ਖਾਣ ਨਾਲ ਤ੍ਰਿਪਤ ਹੁੰਦਾ ਹੈ? (ਪ੍ਰਸੰਨ ਹੁੰਦਾ ਹੈ)।

ਸਤਿਗੁਰ ਕੈ ਭਾਣੈ ਜੋ ਚਲੈ, ਤਿਪਤਾਸੈ ਹਰਿ ਗੁਣ ਗਾਇ ॥ ਧਨੁ ਧਨੁ ਕਲਜੁਗਿ ਨਾਨਕਾ, ਜਿ ਚਲੇ ਸਤਿਗੁਰ ਭਾਇ ॥੧੨॥ (ਉਤਰ) ਜਿਹੜਾ ਮਨੁੱਖ ਸੱਤਗੁਰੂ ਦੇ ਭਾਣੇ ਵਿਚ ਚਲਦਾ ਹੈ ਅਤੇ ਹਰੀ ਦੇ ਗੁਣ ਗਾਉਂਦਾ ਹੈ, (ਇਸ ਤਰ੍ਹਾਂ ਉਹ ਪ੍ਰਭੂ) ਤ੍ਰਿਪਤ (ਪ੍ਰਸੰਨ) ਹੁੰਦਾ ਹੈ। ਨਾਨਕ ਗੁਰੂਜੀ ਆਖਦੇ ਹਨ ਕਿ ਕਲਜੁਗ ਵਿਚ ਉਹ ਪੁਰਖ ਧੰਨ ਧੰਨ ਹਨ, ਜਿਹੜੇ (ਮਨੁੱਖ) ਸੱਤਗੁਰੂ ਦੇ ਭਾਣੇ ਵਿਚ (ਆਗਿਆ ਅਨੁਸਾਰ) ਚਲਦੇ ਹਨ।੧੨।

ਪਦਾਰਥ = ਪੁਰਖੈ ਘਰਿ–ਕਿਸੇ ਪੁਰਖ ਦੇ ਘਰ ਵਿਚ। ਭਗਤੀ ਨਾਰਿ–ਭਗਤੀ ਕਰਨ ਵਾਲੀ (ਪਤੀ ਵ੍ਰਤਾ) ਇਸਤ੍ਰੀ ਹੈ। ਅਤਿ–ਬਹੁਤ। ਲੋਚੈ–ਚਾਹੁੰਦੀ ਹੈ। ਭਗਤੀ ਭਾਇ–ਭਗਤੀ ਭਾਵਨਾ ਨਾਲ। ਰਸ–ਸੁਆਦਲੇ; ਪ੍ਰੇਮ ਨਾਲ। ਸਾਲਨੇ–ਸਲੂਣੇ। ਸਵਾਰਦੀ–ਬਣਾਉਂਦੀ; ਸਜਾਉਂਦੀ ਹੈ। ਖਟ ਰਸ–ਛੇ ਤਰ੍ਹਾਂ ਦੇ ਰਸਾਂ ਵਾਲੇ (ਮਿੱਠਾ, ਖੱਟਾ, ਸਲੂਣਾ, ਕੌੜਾ, ਤਿਖਾ ਤੇ ਖਟ ਮਿੱਠਾ)। ਪਾਇ–ਪਾ ਕੇ। ਸਲਾਹਦੇ–ਸਲਾਹੁੰਦੇ ਹਨ। ਨਾਮੈ–ਨਾਮ ਵਿਚ। ਲਾਇ–ਲਾ ਕੇ; ਜੋੜ ਕੇ। ਜਾਇ–ਜਾ ਕੇ। ਭੈ–ਰੱਬ ਦੇ ਭੇ ਵਿਚ। ਬਹੁ ਲੋਚਦੇ–ਬਹੁਤ ਚਾਹੁੰਦੇ ਹਨ। ਲੋਚਾ–ਇੱਛਾ। ਪੂਰਿ–ਪੂਰੀ ਕਰਕੇ। ਕਿਤੁ–ਕਿਹੜੀ। ਤਿਪਤਾਇ–ਤ੍ਰਿਪਤ (ਪ੍ਰਸੰਨ) ਹੁੰਦਾ ਹੈ। ਕੈ–ਦੇ। ਭਾਣੈ–ਭਾਣੇ ਵਿਚ। ਤਿਪਤਾਸੈ–ਤ੍ਰਿਪਤ (ਪ੍ਰਸੰਨ) ਹੁੰਦਾ ਹੈ। ਜਿ–ਜਿਹੜੇ। ਭਾਇ–ਭਾਣੇ ਵਿਚ; ਆਗਿਆ ਅਨੁਸਾਰ।੧੨।

ਵਿਆਖਿਆ = ਗੁਰੂ ਅਮਰਦਾਸ ਜੀ ਨੇ ਇਕ ਪਤੀ ਦੀ ਸੇਵਾ ਕਰਨ ਵਾਲੀ ਪਤਨੀ ਦੀ ਮਿਸਾਲ ਦਿਤੀ ਹੈ। ਜਿਵੇਂ ਪਤੀ ਨੂੰ ਖੁਸ਼ ਕਰਨ ਲਈ ਪਤਨੀ ਸੁੰਦਰ ਸੁਆਦਲੇ ਭੋਜਨ ਬਣਾ ਕੇ ਪਤੀ ਅੱਗੇ ਪ੍ਰੋਸਦੀ ਹੈ, ਉਸੇ ਤਰ੍ਹਾਂ ਭਗਤ ਜਨ ਪ੍ਰਭੂ ਵਿਚ ਚਿਤ ਜੋੜ ਕੇ ਨਾਮ ਬਾਣੀ ਦਾ ਭਜਨ ਕਰਦੇ ਹਨ। ਇਸ ਪ੍ਰਕਾਰ ਨਿਰੰਕਾਰ ਉਨ੍ਹਾਂ ਭਗਤਾਂ ਤੇ ਬਹੁਤ ਪ੍ਰਸੰਨ ਹੁੰਦਾ ਹੈ ਅਤੇ ਅਪਣੇ ਨਾਲ ਮਿਲਾ ਲੈਂਦਾ ਹੈ।੧੨।

ਸਤਿਗੁਰੁ ਨ ਸੇਵਿਓ, ਸਬਦੁ ਨ ਰਖਿਓ ਉਰ ਧਾਰਿ ॥ ਧਿਗੁ ਤਿਨਾ ਕਾ ਜੀਵਿਆ, ਕਿਤੁ ਆਏ ਸੰਸਾਰਿ ॥ ਹੇ ਭਾਈ! ਜਿਨ੍ਹਾਂ ਪੁਰਖਾਂ ਨੇ ਕਦੇ ਸੱਤਗੁਰੂ ਨੂੰ ਨਹੀਂ ਸੇਵਿਆ ਅਤੇ ਨਾ ਹੀ ਹਿਰਦੇ ਵਿਚ (ਗੁਰੂ ਦਾ) ਉਪਦੇਸ ਧਾਰ ਕੇ ਰਖਿਆ ਹੈ। ਉਨ੍ਹਾਂ ਪੁਰਖਾਂ ਦਾ (ਸੰਸਾਰ ਵਿਚ) ਜਿਉਣਾ ਧ੍ਰਿਗ ਹੈ, ਉਹ ਸੰਸਾਰ ਵਿਚ ਕਿਸ ਵਾਸਤੇ ਆਏ (ਜਨਮੇ) ਹਨ।

ਗੁਰਮਤੀ ਭਉ ਮਨਿ ਪਵੈ, ਤਾਂ ਹਰਿ ਰਸਿ ਲਗੈ ਪਿਆਰਿ ॥ ਨਾਉ ਮਿਲੈ ਧੁਰਿ ਲਿਖਿਆ, ਜਨ ਨਾਨਕ ਪਾਰਿ ਉਤਾਰਿ ॥੧੩॥ ਗੁਰੂ ਦੀ ਸਿਖਿਆ ਦੁਆਰਾ ਜਿਨ੍ਹਾਂ ਦੇ ਮਨ ਵਿਚ ਹਰੀ ਦਾ ਭੈ ਪੈਂਦਾ ਹੈ, ਤਾਂ ਉਨ੍ਹਾਂ ਦਾ (ਮਨ) ਹਰੀ ਦੇ ਅਨੰਦ ਵਿਚ ਅਤੇ ਹਰੀ ਦੇ ਪਿਆਰ ਲਗਦਾ (ਜੁੜਦਾ) ਹੈ {ਨਾਨਕ ਜਿਨ੍ ਮਨਿ ਭਉ ,ਤਿਨ੍ਾ ਮਨਿ ਭਾਉ ੪੬੫}। (ਵਾਹਿਗੁਰੂ ਦਾ) ਨਾਮ ਧੁਰ ਦਰਗਾਹ ਤੋਂ ਲਿਖਿਆ ਹੋਣ

ਕਰਕੇ ਹੀ ਮਿਲਦਾ ਹੈ ਅਤੇ ਗੁਰੂ ਜੀ ਦਾਸਾ ਭਾਵ ਨਾਲ ਆਖਦੇ ਹਨ (ਇਹ ਨਾਮ ਮਨੁੱਖ ਨੂੰ ਸੰਸਾਰ ਸਮੁੰਦਰ ਤੋਂ) ਪਾਰ ਉਤਾਰ (ਲੰਘਾ) ਦੇਂਦਾ ਹੈ।੧੩।

ਪਦਾਰਥ = ਨ ਸੇਵਿਓ-ਨਹੀ ਸੇਵਿਆ (ਪੂਜਿਆ); ਭਗਤੀ ਨਹੀਂ ਕੀਤੀ।ਸ਼ਬਦੁ-ਉਪਦੇਸ਼।ਉਰ ਧਾਰਿ-ਹਿਰਦੇ ਵਿਚ ਧਾਰ ਕੇ।ਧਿਗੁ-ਧ੍ਰਿਗ; ਲਾਹਣਤ।ਤਿਨਾ ਕਾ-ਉਨ੍ਹਾਂ ਦਾ।ਜੀਵਿਆ-ਜਿਉਣਾ।ਕਿਤੁ-ਕਿਸ ਵਾਸਤੇ।ਗੁਰਮਤੀ-ਗੁਰੂ ਦੀ ਸਿਖਿਆ।ਭਉ-ਡਰ। ਮਨਿ-ਮਨ ਵਿਚ।ਪਵੈ-ਪੈਂਦਾ ਹੈ।ਧੁਰਿ-ਧੁਰ ਹਰੀ ਦੀ ਹਜੂਰੀ ਤੋਂ; ਧੁਰ ਦਰਗਾਹ ਤੋਂ।ਪਾਰਿ ਉਤਾਰਿ-ਪਾਰ ਲੰਘਾ ਦਿੰਦਾ ਹੈ।੧੩।

ਮਾਇਆ ਮੋਹਿ ਜਗੁ ਭਰਮਿਆ, ਘਰੁ ਮੁਸੈ ਖਬਰਿ ਨ ਹੋਇ ॥ ਕਾਮ ਕ੍ਰੋਧਿ ਮਨੁ ਹਿਰਿ ਲਇਆ, ਮਨਮੁਖ ਅੰਧਾ ਲੋਇ ॥ ਹੇ ਭਾਈ! ਮਾਇਆ ਦੇ ਮੋਹ ਵਿਚ (ਫਸ ਕੇ ਸਾਰਾ) ਜਗਤ ਭਟਕਦਾ ਫਿਰਦਾ ਹੈ (ਜੀਵ ਦਾ) ਹਿਰਦਾ ਘਰ ਲੁੱਟਿਆ ਜਾ ਰਿਹਾ ਹੈ, (ਪਰ ਜੀਵ ਨੂੰ ਕੋਈ) ਖਬਰ ਹੀ ਨਹੀਂ ਹੋ ਰਹੀ।(ਮਨੁੱਖ ਦੇ) ਮਨ ਨੂੰ ਕਾਮ ਕ੍ਰੋਧ ਆਦਿਕ ਵਿਕਾਰਾਂ ਨੇ ਚੁਰਾ ਲਿਆ ਹੈ, ਮਨਮੁਖ ਸੰਸਾਰ ਵਿਚ (ਗਿਆਨ ਦੀਆਂ ਅੱਖਾਂ ਤੋਂ) ਅੰਨ੍ਹਾ ਹੈ; ਮਨਮੁਖ ਲੋਕ (ਅਗਿਆਨ ਕਰਕੇ) ਅੰਨ੍ਹੇ ਹੋ ਰਹੇ ਹਨ (ਫ.ਸ.; ਸੰ.ਸ.)।

ਗਿਆਨ ਖੜਗ ਪੰਚ ਦੂਤ ਸੰਘਾਰੇ, ਗੁਰਮਤਿ ਜਾਗੈ ਸੋਇ ॥ ਨਾਮ ਰਤਨੁ ਪਰਗਾਸਿਆ, ਮਨੁ ਤਨੁ ਨਿਰਮਲੁ ਹੋਇ ॥ ਜਿਸ ਮਨੁੱਖ ਨੇ ਗਿਆਨ ਦਾ ਖੰਡਾ ਲੈ ਕੇ ਪੰਜ ਕਾਮਾਦਿਕ ਦੂਤ ਮਾਰ ਦਿਤੇ ਹਨ, ਉਹ ਮਨੁੱਖ ਗੁਰੂ ਦੀ ਸਿਖਿਆ ਦੁਆਰਾ ਜਾਗਦਾ ਰਹਿੰਦਾ ਹੈ (ਘਰ ਨੂੰ ਲੁੱਟਣ ਤੋਂ ਬਚਾਈ ਰਖਦਾ ਹੈ)।(ਉਸ ਮਨੁੱਖ ਦੇ ਅੰਦਰ) ਨਾਮ ਦਾ ਰਤਨ ਚਮਕ ਪੈਂਦਾ ਹੈ (ਅਮੋਲਕ ਨਾਮ ਪ੍ਰਗਟ ਹੋ ਜਾਂਦਾ ਹੈ, ਜਿਸ ਕਰਕੇ ਉਸਦਾ) ਮਨ ਤੇ ਤਨ ਪਵਿਤ੍ਰ ਹੋ ਜਾਂਦਾ ਹੈ।

ਨਾਮ ਹੀਨ ਨਕਟੇ ਫਿਰਹਿ, ਬਿਨੁ ਨਾਵੈ ਬਹਿ ਰੋਇ ॥ ਨਾਨਕ ਜੋ ਧੁਰਿ ਕਰਤੈ ਲਿਖਿਆ, ਸੁ ਮੇਟਿ ਨ ਸਕੈ ਕੋਇ ॥੧੪॥ ਨਾਮ ਹੀਣ ਮਨੁੱਖ (ਸੰਸਾਰ ਵਿਚ) ਨੱਕ ਕਟਾਈ (ਬੇਇਜਤ ਹੋਏ) ਫਿਰਦੇ ਹਨ, ਨਾਮ ਬਿਨਾ ਮਨੁੱਖ ਬੈਠ ਕੇ (ਜੋਨੀਆਂ ਵਿਚ) ਰੋਂਦੇ ਹੀ ਰਹਿੰਦੇ (ਸਦਾ ਦੁਖੀ ਹੁੰਦੇ) ਹਨ।ਗੁਰੂ ਜੀ ਆਖਦੇ ਹਨ ਕਿ ਕਰਤਾਰ ਨੇ ਜੋ ਕੁਝ ਧੁਰ ਦਰਗਾਹ ਤੋਂ (ਮਨੁੱਖ ਦੇ ਮੱਥੇ ਤੇ) ਲਿਖਿਆ ਹੈ, ਉਸ (ਲਿਖੇ ਹੋਏ) ਨੂੰ ਕੋਈ ਮਿਟਾ ਨਹੀਂ ਸਕਦਾ।੧੪।

ਪਦਾਰਥ = ਮੋਹਿ-ਮੋਹ ਵਿਚ।ਮੁਸੈ-ਲੁਟਿਆ ਜਾਂਦਾ ਹੈ।ਭਰਮਿਆ-ਭਟਕਦਾ ਫਿਰਦਾ ਹੈ।ਘਰੁ-ਹਿਰਦਾ।ਮੁਸੈ-ਲੁੱਟਿਆ ਜਾ ਰਿਹਾ ਹੈ।ਕਾਮ ਕ੍ਰੋਧਿ-ਕਾਮ ਕ੍ਰੋਧ ਨੇ।ਹਿਰਿ ਲਇਆ-ਚੁਰਾ ਲਿਆ।ਲੋਇ-ਸੰਸਾਰ ਵਿਚ; (ਮਨਮੁਖ) ਲੋਕ।ਅੰਧਾ-ਅੰਨ੍ਹਾ।ਗਿਆਨ ਖੜਗ-ਗਿਆਨ ਦਾ ਖੰਡਾ।ਪੰਚ ਦੂਤ-ਪੰਜ ਕਾਮਾਦਿਕ ਦੂਤ।ਸੰਘਾਰੇ-ਮਾਰ ਦਿਤੇ।ਗੁਰਮਤਿ-ਗੁਰੂ ਦੀ ਸਿਖਿਆ ਦੁਆਰਾ।ਸੋਇ-ਉਹ।ਪਰਗਾਸਿਆ-ਚਮਕਿਆ; ਪ੍ਰਗਟ ਹੁੰਦਾ ਹੈ।ਨਕਟੇ-ਨੱਕ ਵੱਢੇ; ਬੇ ਇਜਤ।ਬਹਿ ਰੋਇ-ਬੈਠ ਕੇ ਰੋਂਦਾ।ਧੁਰਿ-ਧੁਰ ਦਰਗਾਹ ਤੋਂ। ਕਰਤੈ-ਕਰਤਾਰ ਨੇ।ਸੁ-ਉਹ (ਲਿਖਿਆ ਲੇਖ)।੧੪।

ਗੁਰਮੁਖਾ ਹਰਿ ਧਨੁ ਖਟਿਆ, ਗੁਰ ਕੈ ਸਬਦਿ ਵੀਚਾਰਿ ॥ ਨਾਮੁ ਪਦਾਰਥੁ ਪਾਇਆ, ਅਤੁਟ ਭਰੇ ਭੰਡਾਰ ॥ ਹੇ ਭਾਈ! ਗੁਰਮੁਖਾਂ ਨੇ ਗੁਰੂ ਦੇ ਸ਼ਬਦ ਰਾਹੀਂ ਵਿਚਾਰ ਕਰਕੇ ਹਰੀ ਦਾ ਨਾਮ ਧਨ ਖੱਟਿਆ (ਕਮਾਇਆ) ਹੈ।(ਉਨ੍ਹਾਂ ਨੇ) ਨਾਮ ਰੂਪ ਪਦਾਰਥ ਪ੍ਰਾਪਤ ਕਰ ਲਿਆ ਹੈ (ਜਿਸ ਕਰਕੇ ਉਨ੍ਹਾਂ ਦੇ ਹਿਰਦੇ ਰੂਪ) ਖਜਾਨੇ ਨਾਮ ਧਨ ਨਾਲ ਅਮੁੱਕ ਭਰੇ ਪਏ ਹਨ।

ਹਰਿ ਗੁਣ ਬਾਣੀ ਉਚਰਹਿ, ਅੰਤੁ ਨ ਪਾਰਾਵਾਰੁ ॥ ਨਾਨਕ ਸਭ ਕਾਰਣ ਕਰਤਾ ਕਰੈ, ਵੇਖੈ ਸਿਰਜਨਹਾਰੁ ॥੧੫॥ (ਗੁਰਮੁਖ ਜਨ) ਹਰੀ ਦੇ ਗੁਣਾਂ ਵਾਲੀ ਬਾਣੀ ਪੜ੍ਹਦੇ ਹਨ (ਮੇਰਾ ਖਿਆਲ), ਜਿਸ ਹਰੀ ਦਾ ਅੰਤ ਨਹੀ, ਉਰਲਾ ਪਰਲਾ ਹੱਦ ਬੰਨਾ ਨਹੀ ਲੱਭਦਾ; (ਗੁਰਮੁਖ ਉਸ ਹਰੀ ਦੇ) ਗੁਣਾਂ ਨੂੰ ਬਾਣੀ ਦੁਆਰਾ ਉਚਾਰਦੇ ਹਨ।ਗੁਰੂ ਜੀ ਆਖਦੇ ਹਨ ਕਿ ਸਾਰੇ ਕਾਰਣ (ਸਬੱਬ) ਕਰਤਾਰ (ਆਪ ਹੀ) ਕਰਦਾ ਹੈ ਅਤੇ ਸਿਰਜਨਹਾਰ (ਆਪ ਹੀ ਸਾਰੀ ਖੇਡ) ਦੇਖਦਾ ਹੈ।੧੫।

ਪਦਾਰਥ = ਗੁਰਮੁਖਾ-ਗੁਰਮੁਖਾਂ ਨੇ।ਧਨੁ-(ਨਾਮ) ਧਨ।ਖਟਿਆ-ਕਮਾਇਆ।ਗੁਰ ਕੈ ਸਬਦਿ-ਗੁਰੂ ਦੇ ਸ਼ਬਦ ਰਾਹੀਂ।ਵੀਚਾਰਿ-ਵਿਚਾਰ ਕਰਕੇ।ਅਤੁਟ-ਅਮੁੱਕ (ਜੋ ਘਟਦਾ ਨਹੀ)।ਭੰਡਾਰ-ਖਜਾਨੇ।ਪਾਰਾਵਾਰੁ-ਉਰਲਾ ਤੇ ਪਰਲਾ ਕੰਢਾ।ਕਰਤਾ-ਕਰਤਾਰ।੧੫।

ਗੁਰਮੁਖਿ ਅੰਤਰਿ ਸਹਜੁ ਹੈ, ਮਨੁ ਚੜਿਆ ਦਸਵੈ ਆਕਾਸਿ ॥ ਤਿਥੈ ਊਂਘ ਨ ਭੁਖ ਹੈ, ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ ਹੇ ਭਾਈ! ਗੁਰਮੁਖ ਦੇ ਹਿਰਦੇ ਵਿਚ ਮਾਨਸਕ ਅਡੋਲਤਾ ਤੇ ਸ਼ਾਂਤੀ ਹੈ ਅਤੇ ਉਨ੍ਹਾਂ ਦਾ ਮਨ ਦਸਵੇਂ ਦੁਆਰ ਵਿਚ ਟਿਕਿਆ ਹੋਇਆ ਹੈ।ਉਸ ਅਵਸਥਾ ਵਿਚ ਨਾ ਤਾਂ (ਮਾਇਆ ਦੇ ਮੋਹ ਦੀ) ਨੀਂਦ ਹੈ ਅਤੇ ਨਾ ਹੀ (ਤ੍ਰਿਸ਼ਨਾ ਦੀ) ਭੁੱਖ ਹੈ (ਕਿਉਂਕਿ ਉਥੇ) ਅੰਮ੍ਰਿਤ ਮਈ ਨਾਮ ਅਤੇ ਸੁੱਖ ਦਾ ਵਾਸਾ ਹੁੰਦਾ ਹੈ (ਮਾਯਾ ਦੀ ਭੁੱਖ ਮਿਟਾਉਣ ਵਾਲਾ ਅੰਮ੍ਰਿਤ ਨਾਮ ਹੈ ਤੇ ਮਨ ਦਾ ਟਿਕਾਣਾ ਅਨੰਦ ਵਿਚ ਹੁੰਦਾ ਹੈ)।

ਨਾਨਕ ਦੁਖੁ ਸੁਖੁ ਵਿਆਪਤ ਨਹੀ, ਜਿਥੈ ਆਤਮ ਰਾਮ ਪ੍ਰਗਾਸੁ ॥੧੬॥ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਗੁਰਮੁਖਾਂ ਨੂੰ) ਦੁਖ ਸੁਖ ਨਹੀ ਵਿਆਪਦਾ, ਜਿਸਦੇ ਹਿਰਦੇ ਵਿਚ ਵਿਆਪਕ ਹਰੀ ਦਾ ਪ੍ਰਕਾਸ਼ (ਪ੍ਰਗਟ) ਹੋ ਗਿਆ ਹੈ (ਉਹ ਮਨੁੱਖ ਦੁੱਖ ਸੁੱਖ ਅਨੁਭਵ ਨਹੀਂ ਕਰਦਾ ਜਿਸ ਦੇ ਅੰਦਰ ਸਰਬ ਵਿਆਪਕ ਹਰੀ ਦਾ ਗਿਆਨ ਹੋ ਗਿਆ ਹੈ)।੧੬।

ਪਦਾਰਥ = ਗੁਰਮੁਖਿ ਅੰਤਰਿ-ਗੁਰਮੁਖਾਂ ਦੇ ਹਿਰਦੇ ਅੰਦਰ।ਸਹਜੁ-ਮਾਨਸਕ ਅਡੋਲਤਾ ਤੇ ਸ਼ਾਂਤੀ (ਦੌੜ ਭੱਜ ਤੋਂ ਮੁਕਤ ਮਨ)।ਚੜਿਆ-ਟਿਕਿਆ।ਦਸਵੈ ਆਕਾਸਿ-ਦਸਵੇਂ ਦੁਆਰ ਵਿਚ (ਆਤਮਾ ਦੇ ਧੁਰ ਅੰਦਰ ਦੀ ਅਵਸਥਾ, ਜਿਥੇ ਵਾਹਿਗੁਰੂ ਅਨੁਭਵ ਹੁੰਦਾ ਹੈ)।ਤਿਥੈ-ਉਸ (ਅਵਸਥਾ ਵਿਚ)।ਊਂਘ-ਨੀਂਦ।ਸੁਖ ਵਾਸੁ-ਆਤਮਕ ਸੁੱਖ ਦਾ ਨਿਵਾਸ।ਵਿਆਪਤ ਨਹੀਂ-ਨਹੀਂ ਵਿਆਪਦਾ। ਆਤਮ ਰਾਮ-ਆਤਮਾ ਵਿਚ ਵਿਚਰਣ (ਆਤਮ ਅਨੰਦ ਮਾਨਣ) ਵਾਲਾ ਗਿਆਨ ਵਾਨ ਪੁਰਖ; ਵਾਹਿਗੁਰੂ {ਆਤਮ ਰਾਮੁ ਰਾਮੁ ਹੈ ਆਤਮ ੧੦੩੦}।ਪਰਗਾਸੁ-ਪ੍ਰਕਾਸ਼; ਪ੍ਰਗਟ।੧੬।

ਵਿਆਖਿਆ = ਇਸ ਸਲੋਕ ਵਿਚ ਗੁਰੂ ਜੀ ਨੇ ਉਚੀ ਅਵਸਥਾ ਵਾਲੇ ਗੁਰਮੁਖ ਦਾ ਵਰਨਣ ਕੀਤਾ ਹੈ।ਉਸਦੇ ਮਨ ਵਿਚ ਟਿਕਾਓ ਹੁੰਦਾ ਹੈ ਤੇ ਮਨ ਵਾਹਿਗੁਰੂ ਨਾਲ ਜੁੜਿਆ ਰਹਿੰਦਾ ਹੈ।ਅੰਦਰ ਨਾਮ ਹੋਣ ਕਰਕੇ ਪਦਾਰਥਾਂ ਦੀ ਭੁੱਖ ਤੇ ਮਾਇਆ ਦੇ ਮੋਹ ਦੀ ਨੀਂਦ ਨਹੀਂ ਹੁੰਦੀ।ਦੁਖ ਸੁਖ ਤੋਂ ਵੀ ਮੁਕਤ ਅਵਸਥਾ ਦਾ ਮਾਲਕ ਬਣ ਜਾਂਦਾ ਹੈ।੧੬।

ਕਾਮ ਕ੍ਰੋਧ ਕਾ ਚੋਲੜਾ, ਸਭ ਗਲਿ ਆਏ ਪਾਇ ॥ ਇਕਿ ਉਪਜਹਿ ਇਕਿ ਬਿਨਸਿ ਜਾਂਹਿ, ਹੁਕਮੇ ਆਵੈ ਜਾਇ ॥ ਹੇ ਭਾਈ! ਕਾਮ ਕ੍ਰੋਧ ਦਾ ਚੋਲਾ (ਕੁੜਤਾ) ਸਾਰੇ ਜੀਵ ਗਲ ਵਿਚ ਪਾ ਕੇ ਸੰਸਾਰ ਵਿਚ ਆਏ ਹਨ ਭਾਵ ਸਾਰੇ ਲੋਕ ਕਾਮ ਕ੍ਰੋਧ ਦਾ ਸਰੀਰ ਰੂਪ ਚੋਲਾ ਪਹਿਨ ਕੇ ਸੰਸਾਰ ਵਿਚ ਜਨਮੇ ਹਨ।ਕਈ ਜੀਵ ਪੈਦਾ ਹੁੰਦੇ ਹਨ ਤੇ ਕਈ ਮਰ ਜਾਂਦੇ ਹਨ (ਹਰ ਕੋਈ ਹਰੀ ਦੇ) ਹੁਕਮ ਵਿਚ ਹੀ ਆਉਂਦੇ ਤੇ ਜਾਂਦੇ (ਜੰਮਦੇ ਮਰਦੇ)ਹਨ।

ਜੰਮਣੁ ਮਰਣੁ ਨ ਚੁਕਈ, ਰੰਗੁ ਲਗਾ ਦੂਜੈ ਭਾਇ ॥ ਬੰਧਨਿ ਬੰਧਿ ਭਵਾਈਅਨੁ, ਕਰਣਾ ਕਛੂ ਨ ਜਾਇ ॥੧੭॥ (ਉਨ੍ਹਾਂ ਦਾ) ਜੰਮਣਾ ਮਰਨਾ ਨਹੀ ਮੁੱਕਦਾ ਕਿਉਂਕਿ ਦ੍ਵੈਤ ਭਾਵ ਵਿਚ ਪ੍ਰੇਮ ਲੱਗਾ ਹੋਇਆ ਹੈ।(ਉਹ ਮਾਇਆ ਦੇ ਮੋਹ ਦੇ) ਬੰਧਨ ਵਿਚ ਬੰਨ੍ਹੇ ਹੋਏ (ਜੂਨਾਂ ਦੇ ਗੇੜ ਵਿਚ) ਫੇਰੇ ਜਾਂਦੇ ਹਨ (ਬੰਧਨਾਂ ਤੋਂ ਬਚਣ ਲਈ ਵਾਹਿਗੁਰੂ ਦੀ ਮੇਹਰ ਤੋਂ ਬਿਨਾ) ਹੋਰ ਕੁਛ ਜਤਨ ਨਹੀਂ ਕੀਤਾ ਜਾ ਸਕਦਾ; ਅਪਣੇ ਵਲੋਂ ਕੁਛ ਜਤਨ ਨਹੀਂ ਕੀਤਾ ਜਾ ਸਕਦਾ।੧੭।

ਪਦਾਰਥ = ਚੋਲੜਾ-ਸਰੀਰ ਰੂਪ ਚੋਲਾ।ਸਭ-ਸਾਰੇ (ਜੀਵ)।ਗਲਿ-ਗਲ ਵਿਚ।ਇਕਿ-ਕਈ।ਉਪਜਹਿ-ਪੈਦਾ ਹੁੰਦੇ ਹਨ।ਬਿਨਸਿ ਜਾਂਹਿ-ਮਰ ਜਾਂਦੇ ਹਨ।ਨ ਚੁਕਈ-ਨਹੀ ਮੁੱਕਦਾ।ਰੰਗੁ-ਪ੍ਰੇਮ।ਦੂਜੈ ਭਾਇ-ਦ੍ਵੈਤ ਭਾਵ ਵਿਚ (ਹਰੀ ਨੂੰ ਛਡ ਕੇ ਮਾਇਆ ਵਿਚ ਪਿਆਰ)। ਬੰਧਨਿ-ਬੰਧਨਾਂ ਵਿਚ।ਬੰਨਿ-ਬੰਨ੍ਹ ਕੇ।ਭਵਾਈਅਨੁ-ਫੇਰੇ ਜਾਂਦੇ ਹਨ।੧੭।

ਜਿਨ ਕਉ ਕਿਰਪਾ ਧਾਰੀਅਨੁ, ਤਿਨਾ ਸਤਿਗੁਰੁ ਮਿਲਿਆ ਆਇ ॥ ਸਤਿਗੁਰਿ ਮਿਲੇ ਉਲਟੀ ਭਈ, ਮਰਿ ਜੀਵਿਆ ਸਹਜਿ ਸੁਭਾਇ ॥ ਨਾਨਕ ਭਗਤੀ ਰਤਿਆ, ਹਰਿ ਹਰਿ ਨਾਮਿ ਸਮਾਇ ॥੧੮॥ ਹੇ ਭਾਈ! ਜਿਨ੍ਹਾਂ ਮਨੁੱਖਾਂ ਤੇ ਵਾਹਿਗੁਰੂ ਨੇ ਕਿਰਪਾ ਧਾਰੀ (ਕੀਤੀ) ਹੈ ,ਉਨ੍ਹਾਂ ਨੂੰ ਸੱਤਗੁਰੂ ਆ ਕੇ ਮਿਲਿਆ ਹੈ।ਸੱਤਗੁਰੂ ਦੇ ਮਿਲਣ ਨਾਲ (ਉਨ੍ਹਾਂ ਦੀ ਬ੍ਰਿਤੀ ਮਾਇਆ ਵਲੋਂ) ਉਲਟੀ ਹੋ ਗਈ ਹੈ, (ਜਿਸ ਕਰਕੇ ਉਹ) ਜੀਵਤ ਭਾਵ ਤੋਂ ਮਰ ਕੇ ਸੁਤੇ ਸਿੱਧ (ਕੁਦਰਤੀ ਗੁਰਮੁਖਾਂ ਵਾਲਾ ਅਸਲੀ) ਜੀਵਨ ਜਿਉਣ ਲਗ ਪਏ ਹਨ (ਵਿਕਾਰਾਂ ਤੋਂ ਬ੍ਰਿਤੀ ਉਲਟ ਕੇ ਹਰੀ ਵਲ ਲਗ ਗਈ, ਬੁਰਾ ਮਨ ਮਰ ਕੇ ਕੁਦਰਤੀ ਜੀਵਨ ਜਿਉਣ ਲਗ ਪਿਆ)।ਗੁਰੂ ਜੀ ਆਖਦੇ ਹਨ ਕਿ ਹਰੀ ਦੀ ਭਗਤੀ ਦੇ ਰੰਗ ਵਿਚ ਰੰਗਿਆਂ ਨਾਮ ਵਿਚ ਲੀਨ ਹੋ ਜਾਂਦੇ ਹਨ।੧੮।

ਪਦਾਰਥ = ਜਿਨ ਕਉ-ਜਿਨ੍ਹਾਂ ਉਤੇ।ਧਾਰੀਅਨੁ-ਧਾਰੀ (ਕੀਤੀ) ਹੈ।ਤਿਨਾ-ਉਨ੍ਹਾਂ ਨੂੰ।ਆਇ-ਆ ਕੇ।ਮਿਲੇ-ਮਿਲਣ ਨਾਲ।ਉਲਟੀ ਭਈ-(ਬ੍ਰਿਤੀ ਮਾਇਆ; ਵਿਕਾਰਾਂ ਵੱਲੋਂ) ਉਲਟੀ ਹੋ ਗਈ।ਮਰਿ ਜੀਵਿਆ-ਜੀਵਤ ਭਾਵ ਤੋਂ ਮਰ ਕੇ।ਸਹਜਿ ਸੁਭਾਇ-ਕੁਦਰਤੀ; ਸਹਿਜ ਸੁਭਾਵਿਕ।ਭਗਤੀ ਰਤਿਆ-ਭਗਤੀ ਦੇ ਰੰਗ ਵਿਚ ਰੰਗਣ ਨਾਲ।ਨਾਮਿ ਸਮਾਇ-ਨਾਮ ਵਿਚ ਲੀਨ ਹੋ ਜਾਂਦਾ ਹੈ।੧੮।

ਮਨਮੁਖ ਚੰਚਲ ਮਤਿ ਹੈ, ਅੰਤਰਿ ਬਹੁਤੁ ਚਤੁਰਾਈ ॥ ਕੀਤਾ ਕਰਤਿਆ ਬਿਰਥਾ ਗਇਆ, ਇਕੁ ਤਿਲੁ ਥਾਇ ਨ ਪਾਈ ॥ ਹੇ ਭਾਈ! ਮਨਮੁਖਾਂ ਦੀ ਮੱਤ (ਭਟਕਦੀ ਰਹਿਣ ਕਰਕੇ) ਚੰਚਲ ਹੁੰਦੀ ਹੈ, ਕਿਉਂਕਿ ਉਨ੍ਹਾਂ ਦੇ ਅੰਦਰ (ਹੇਰਾਫੇਰੀ ਵਾਲੀ) ਚਲਾਕੀ ਬਹੁਤ ਹੁੰਦੀ ਹੈ।(ਉਨ੍ਹਾਂ ਮਨ ਮਤੀਆਂ ਦੇ) ਕੀਤੇ ਹੋਏ ਸਾਰੇ ਕਰਮ (ਪੁੰਨ ਦਾਨ ਆਦਿਕ ਦੇ) ਬਿਅਰਥ ਚਲੇ ਗਏ (ਉਨ੍ਹਾਂ ਦਾ ਕੋਈ ਕਰਮ ਹਰੀ ਦੀ ਦਰਗਾਹ ਵਿਚ) ਤਿਲ ਭਰ ਵੀ ਪ੍ਰਵਾਨ ਨਹੀਂ ਹੁੰਦਾ।

ਪੁੰਨ ਦਾਨੁ ਜੋ ਬੀਜਦੇ, ਸਭ ਧਰਮਰਾਇ ਕੈ ਜਾਈ ॥ (ਮਨੁੱਖ ਸੰਸਾਰ ਵਿਚ) ਜੋ ਵੀ ਪੁੰਨ ਦਾਨ ਆਦਿਕ ਸਰੀਰ ਧਰਤੀ ਵਿਚ ਬੀਜਦੇ (ਕਰਮ ਕਰਦੇ) ਹਨ, ਸਾਰੇ (ਕਰਮ) ਧਰਮਰਾਜ ਕੋਲ ਪੁਜ ਜਾਂਦੇ ਹਨ; (ਉਨ੍ਹਾਂ ਦਾ ਫਲ ਭੋਗਣ ਲਈ) ਸਭ ਧਰਮਰਾਜ ਕੋਲ ਜਾਂਦੇ ਹਨ (ਚੰਗੇ ਜਾਂ ਬੁਰੇ, ਸਕਾਮ ਜਾਂ ਨਿਸ਼ਕਾਮ ਕਰਮਾਂ ਦਾ ਹਿਸਾਬ ਧਰਮਰਾਜੇ ਕੋਲ ਹੀ ਹੁੰਦਾ ਹੈ।ਜਿਵੇਂ ਉਚੇ ਦਰਜੇ ਦੇ ਕੈਦੀਆਂ ਲਈ ਜੇਲ੍ਹ ਵਿਚ ਸਭ ਸਹੂਲਤਾਂ ਹੁੰਦੀਆਂ ਹਨ ਤੇ ਆਮ ਚੋਰ ਡਾਕੂ ਕੈਦੀਆਂ ਲਈ ਜੇਲ੍ਹ ਨਰਕ ਵਾਂਗ ਹੁੰਦੀ ਹੈ।ਪਰ ਦੋਵੇਂ ਤਰ੍ਹਾਂ ਦੇ ਕੈਦੀ ਰਾਜੇ ਦੇ ਹੁਕਮ ਵਿਚ ਹੀ ਸਜਾ ਭੁਗਤਦੇ ਹਨ, ਇਸੇ ਤਰ੍ਹਾਂ ਸੁਰਗ ਦੇ ਸੁੱਖ ਤੇ ਨਰਕ ਦੇ ਦੁੱਖ ਸਭ ਧਰਮਰਾਜ ਦੇ ਕੀਤੇ ਲੇਖੇ ਅਨੁਸਾਰ ਹੀ ਭੋਗੇ ਜਾਂਦੇ ਹਨ।ਸੁਰਗ ਤੇ ਨਰਕ ਦੋਵੇਂ ਕੈਦ ਹੀ ਤਾਂ ਹਨ)।

ਬਿਨੁ ਸਤਿਗੁਰੂ ਜਮਕਾਲੁ ਨ ਛੋਡਈ, ਦੂਜੈ ਭਾਇ ਖੁਆਈ ॥ ਸਤਿਗੁਰੂ (ਦੀ ਸ਼ਰਣ ਵਿਚ ਪੈਣ) ਤੋਂ ਬਿਨਾ ਜਮਕਾਲ (ਮਨੁੱਖ ਨੂੰ)

ਛਡਦਾ ਨਹੀਂ, ਮਾਇਆ ਦੇ ਮੋਹ ਵਿਚ ਲਗ ਕੇ (ਸਾਰੀ ਦੁਨੀਆਂ ਵਾਹਿਗੁਰੂ ਤੋਂ) ਭੁੱਲੀ ਹੋਈ ਹੈ।

ਜੋਬਨੁ ਜਾਂਦਾ ਨਦਰਿ ਨ ਆਵਈ, ਜਰੁ ਪਹੁਚੈ ਮਰਿ ਜਾਈ ॥ ਪੁਤੁ ਕਲਤੁ ਮੋਹੁ ਹੇਤੁ ਹੈ, ਅੰਤਿ ਬੇਲੀ ਕੋ ਨ ਸਖਾਈ ॥ (ਮਾਯਾ ਦੇ ਲੋਭ ਕਰਕੇ) ਜੋਬਨ ਬਤੀਤ ਹੁੰਦਾ (ਕਿਸੇ ਨੂੰ) ਨਜਰ ਹੀ ਨਹੀਂ ਆਉਂਦਾ, ਬੁਢੇਪਾ ਆ ਪਹੁੰਚਦਾ ਹੈ ਤੇ (ਆਖਰ ਮਨੁੱਖ) ਮਰ ਜਾਂਦਾ ਹੈ। (ਜਿਹੜਾ) ਪੁਤ੍ਰ ਇਸਤ੍ਰੀ ਆਦਿ ਪ੍ਰਵਾਰ ਦਾ ਹਿਤ ਅਤੇ ਮਾਇਆ ਦਾ ਮੋਹ ਹੈ, (ਇਨ੍ਹਾਂ ਵਿਚੋਂ) ਕੋਈ ਵੀ ਅੰਤ ਸਮੇਂ ਮਿਤ੍ਰ ਬਣ ਕੇ ਸਹਾਇਤਾ ਨਹੀਂ ਕਰਦਾ।

ਸਤਿਗੁਰੁ ਸੇਵੇ ਸੋ ਸੁਖੁ ਪਾਏ, ਨਾਉ ਵਸੈ ਮਨਿ ਆਈ ॥ ਨਾਨਕ ਸੇ ਵਡੇ ਵਡਭਾਗੀ, ਜਿ ਗੁਰਮੁਖਿ ਨਾਮਿ ਸਮਾਈ ॥੧੯॥ (ਜਿਹੜਾ ਮਨੁੱਖ) ਸੱਤਗੁਰੂ ਨੂੰ ਪੂਜਦਾ ਹੈ, (ਉਸਦੇ) ਮਨ ਵਿਚ ਨਾਮ ਆ ਕੇ ਵਸਦਾ ਹੈ (ਇਸ ਕਰਕੇ) ਉਹ ਸੁਖ ਪਾਉਂਦਾ ਹੈ। ਗੁਰੂ ਜੀ ਆਖਦੇ ਹਨ, ਉਹ ਵੱਡੇ ਭਾਗਾਂ ਵਾਲੇ ਵੱਡੇ ਪੁਰਖ ਹਨ ਜਿਹੜੇ ਗੁਰੂ ਰਾਹੀਂ (ਗੁਰੂ ਦੀ ਸ਼ਰਣ ਵਿਚ ਰਹਿ ਕੇ) ਨਾਮ ਵਿਚ ਲੀਨ ਹੋ ਜਾਂਦੇ ਹਨ ;ਜਿਹੜੇ ਗੁਰਮੁਖ ਨਾਮ ਜਪ ਕੇ (ਵਾਹਿਗੁਰੂ ਵਿਚ) ਲੀਨ ਹੋ ਜਾਂਦੇ ਹਨ (ਸੰ.ਸ.; ਫ.ਸ.)।੧੯।

ਪਦਾਰਥ = ਚੰਚਲ ਮਤਿ-ਨਾ ਟਿਕਣ (ਭਟਕਣ) ਵਾਲੀ ਮੱਤ। ਅੰਤਰਿ-ਮਨ ਦੇ ਅੰਦਰ। ਚਤੁਰਾਈ-ਚਲਾਕੀ। ਕੀਤਾ ਕਰਤਿਆ-ਕੀਤਾ ਹੋਇਆ ਕੰਮ; ਆਪ ਕੀਤਾ ਹੋਇਆ ਤੇ ਦੂਜੇ ਤੋਂ ਕਰਾਇਆ ਹੋਇਆ; ਭੂਤ ਕਾਲ ਵਿਚ ਜੋ ਕੰਮ ਕੀਤਾ ਸੀ ਅਤੇ ਵਰਤਮਾਨ ਕਾਲ ਵਿਚ ਜੋ ਕਰ ਰਿਹਾ ਹੈ। ਇਕੁ ਤਿਲੁ-ਥੋੜਾ ਜਿਹਾ ਵੀ। ਥਾਇ ਨ ਪਾਈ-ਪ੍ਰਵਾਨ ਨਹੀ ਪੈਂਦਾ। ਕੈ-ਪਾਸ; ਕੋਲ। ਜਮਕਾਲੁ-ਕਾਲ ਕਰਨ (ਮਾਰਨ) ਵਾਲਾ ਜਮ; ਜਨਮ ਤੇ ਮਰਨ। ਦੂਜੈ ਭਾਇ-ਦ੍ਵੈਤ ਭਾਵ ਵਿਚ; ਹਰੀ ਤੋਂ ਬਿਨਾ ਹੋਰ ਨਾਲ ਪਿਆਰ ਕਰਨਾ। ਖੁਆਈ-ਭੁੱਲੀ ਹੈ; ਖੁਆਰ ਹੁੰਦੇ ਹਨ। ਜੋਬਨੁ-ਜਵਾਨੀ। ਨਦਰਿ-ਨਜਰ। ਜਰੁ-ਬੁਢੇਪਾ। ਮਰਿ ਜਾਈ-ਮਰ ਜਾਂਦਾ ਹੈ। ਕਲਤੁ-ਇਸਤ੍ਰੀ। ਹੇਤੁ-ਪਿਆਰ (ਪੁਤ੍ਰ ਇਸਤ੍ਰੀ ਨੂੰ ਪ੍ਰੇਮ ਕਰਦਾ ਹੈ ਤੇ ਮਾਇਆ ਦਾ ਮੋਹ ਹੈ)। ਅੰਤਿ-ਅੰਤ (ਮੌਤ) ਵੇਲੇ। ਬੇਲੀ-ਮਿਤ੍ਰ। ਕੋ ਨ-ਕੋਈ ਨਹੀ; ਕੌਣ? ਸਖਾਈ-ਸਹਾਈ। ਸੇਵੇ-ਪੂਜਦਾ ਹੈ। ਜਿ-ਜਿਹੜੇ। ਨਾਮਿ-ਨਾਮ ਵਿਚ; ਨਾਮ ਜਪ ਕੇ। ਸਮਾਈ-ਲੀਨ ਹੁੰਦੇ ਹਨ।੧੯।

ਮਨਮੁਖ ਨਾਮੁ ਨ ਚੇਤਨੀ, ਬਿਨੁ ਨਾਵੈ ਦੁਖ ਰੋਇ ॥ ਹੇ ਭਾਈ ਮਨਮੁਖ (ਲੋਕ ਵਾਹਿਗੁਰੂ ਦੇ) ਨਾਮ ਨੂੰ ਨਹੀਂ ਸਿਮਰਦੇ, (ਇਸ ਕਰਕੇ) ਨਾਮ ਤੋਂ ਬਿਨਾ ਦੁਖਾਂ ਕਰਕੇ ਰੋਂਦਾ ਰਹਿੰਦਾ ਹੈ।

ਆਤਮਾ ਰਾਮੁ ਨ ਪੂਜਨੀ, ਦੂਜੈ ਕਿਉ ਸੁਖੁ ਹੋਇ ॥ ਹਉਮੈ ਅੰਤਰਿ ਮੈਲੁ ਹੈ, ਸਬਦਿ ਨ ਕਾਢਹਿ ਧੋਇ ॥ ਵਿਆਪਕ ਵਾਹਿਗੁਰੂ ਨੂੰ ਨਹੀ ਪੂਜਦੇ (ਵਾਹਿਗੁਰੂ ਤੋਂ ਬਿਨਾ ਦੇਵੀ ਦੇਵਤਿਆਂ ਦੀ ਪੂਜਾ ਵਿਚ) ਦੂਜੇ ਪਾਸੇ ਲਗ ਕੇ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ? (ਮਨਮੁਖਾਂ ਦੇ) ਅੰਦਰ ਹਉਮੈ ਦੀ ਮੈਲ ਹੈ, (ਪਰ ਉਹ ਗੁਰੂ ਦੇ) ਸ਼ਬਦ ਦੁਆਰਾ ਮੈਲ ਨੂੰ ਧੋ ਕੇ (ਮਨ ਵਿਚੋਂ ਬਾਹਰ) ਨਹੀਂ ਕਢਦੇ।

ਅੰਗ ੧੪੧੫ = ਨਾਨਕ ਬਿਨੁ ਨਾਵੈ ਮੈਲਿਆ ਮੁਏ, ਜਨਮੁ ਪਦਾਰਥੁ ਖੋਇ ॥੨੦॥ ਹੇ ਨਾਨਕ! ਨਾਮ ਜਪੇ ਤੋਂ ਬਿਨਾ (ਮਨਮੁਖ ਹਉਮੈ ਨਾਲ) ਮੈਲੇ ਹੋ ਕੇ (ਨਿਸਫਲ ਹੀ) ਮਰ ਜਾਂਦੇ ਹਨ ਅਤੇ (ਮਨੁੱਖਾ) ਜਨਮ ਵਰਗਾ ਅਮੋਲਕ ਪਦਾਰਥ ਗੁਆ ਲੈਂਦੇ ਹਨ।੨੦।

ਪਦਾਰਥ = ਨ ਚੇਤਨੀ-ਨਹੀਂ ਸਿਮਰਦੇ। ਰੋਇ-ਰੋਂਦਾ ਹੈ। ਆਤਮਾ ਰਾਮੁ-ਸਰਬ ਵਿਆਪਕ ਵਾਹਿਗੁਰੂ। ਨ ਪੂਜਨੀ-ਨਹੀ ਪੂਜਦੇ (ਸਿਮਰਦੇ)। ਦੂਜੈ-ਦੂਜੇ ਪਾਸੇ; ਦੁਐਤ ਭਾਵ ਵਿਚ। ਕਿਉ-ਕਿਵੇਂ। ਅੰਤਰਿ-(ਹਿਰਦੇ) ਅੰਦਰ। ਸਬਦਿ-ਸ਼ਬਦ ਦੁਆਰਾ। ਨ ਕਾਢਹਿ ਧੋਇ-ਧੋ ਕੇ (ਬਾਹਰ) ਕਢਦੇ ਨਹੀਂ। ਮੁਏ-ਮਰ ਜਾਂਦੇ ਹਨ। ਸਬਦਿ-ਗੁਰੂ ਦੇ ਸ਼ਬਦ ਦੁਆਰਾ। ਖੋਇ-ਗੁਆ ਕੇ।੨੦।

ਮਨਮੁਖ ਬੋਲੇ ਅੰਧੁਲੇ, ਤਿਸੁ ਮਹਿ ਅਗਨੀ ਕਾ ਵਾਸੁ ॥ ਬਾਣੀ ਸੁਰਤਿ ਨ ਬੁਝਨੀ, ਸਬਦਿ ਨ ਕਰਹਿ ਪ੍ਰਗਾਸੁ ॥ ਹੇ ਭਾਈ! ਮਨਮੁਖ (ਸ਼ਰਧਾ ਰੂਪ ਕੰਨਾਂ ਤੋਂ) ਬੋਲੇ ਹਨ ਤੇ (ਵਿਚਾਰ ਰੂਪ ਅੱਖਾਂ ਤੋਂ) ਅੰਨ੍ਹੇ ਹਨ, (ਉਨ੍ਹਾਂ ਦੀ) ਉਸ (ਸੁਰਤ) ਵਿਚ ਤ੍ਰਿਸ਼ਨਾ ਦੀ ਅੱਗ ਦਾ ਨਿਵਾਸ ਹੈ। ਉਹ ਸੁਰਤ ਦੁਆਰਾ (ਨਾਮ) ਬਾਣੀ ਨੂੰ ਨਹੀਂ ਸਮਝਦੇ ਅਤੇ ਗੁਰੂ ਦੇ ਸ਼ਬਦ ਦੁਆਰਾ ਹਿਰਦੇ ਵਿਚ (ਗਿਆਨ ਦਾ) ਪ੍ਰਕਾਸ਼ ਨਹੀ ਕਰਦੇ (ਗੁਰੂ ਉਪਦੇਸ਼ ਨੂੰ ਨਹੀਂ ਧਾਰਦੇ)।

ਓਨਾ ਅਪਣੀ ਅੰਦਰਿ ਸੁਧਿ ਨਹੀ, ਗੁਰ ਬਚਨਿ ਨ ਕਰਹਿ ਵਿਸਾਸੁ ॥ ਗਿਆਨੀਆ ਅੰਦਰਿ ਗੁਰ ਸਬਦੁ ਹੈ, ਨਿਤ ਹਰਿ ਲਿਵ ਸਦਾ ਵਿਗਾਸੁ ॥ ਉਨ੍ਹਾਂ ਦੇ ਹਿਰਦੇ ਅੰਦਰ ਅਪਣੀ ਕੋਈ ਸੂਝ ਬੂਝ ਨਹੀ ਹੈ (ਕਿਉਂਕਿ ਉਹ) ਗੁਰੂ ਦੇ ਬਚਨਾਂ (ਉਪਦੇਸ਼) ਵਿਚ ਭਰੋਸਾ ਨਹੀਂ ਕਰਦੇ। ਗਿਆਨਵਾਨ ਪੁਰਖਾਂ ਦੇ ਹਿਰਦੇ ਵਿਚ ਗੁਰੂ ਦਾ ਸ਼ਬਦ ਵਸਦਾ ਹੈ, (ਉਹ) ਹਰੀ ਵਿਚ ਹਰ ਰੋਜ ਲਿਵ ਲਗਾ ਕੇ ਸਦਾ ਖਿੜੇ ਰਹਿੰਦੇ ਹਨ।

ਹਰਿ ਗਿਆਨੀਆ ਕੀ ਰਖਦਾ, ਹਉ ਸਦ ਬਲਿਹਾਰੀ ਤਾਸੁ ॥ ਗੁਰਮੁਖਿ ਜੋ ਹਰਿ ਸੇਵਦੇ, ਜਨ ਨਾਨਕੁ ਤਾਕਾ ਦਾਸੁ ॥੨੧॥ ਹਰੀ ਉਨ੍ਹਾਂ ਗਿਆਨੀਆਂ ਦੀ ਲਾਜ ਰਖਦਾ ਹੈ, ਮੈਂ ਉਸ (ਹਰੀ) ਤੋਂ ਸਦਾ ਬਲਹਾਰ ਜਾਂਦਾ ਹਾਂ। ਜਿਹੜੇ (ਮਨੁੱਖ) ਗੁਰੂ ਦੁਆਰਾ ਹਰੀ ਨੂੰ ਪੂਜਦੇ ਹਨ, ਦਾਸ ਨਾਨਕ ਉਨ੍ਹਾਂ ਦਾ ਸੇਵਕ ਹੈ।੨੧।

ਪਦਾਰਥ = ਮਨਮੁਖ-ਆਪ ਹੁਦਰੇ ਮਨੁੱਖ। ਤਿਸੁ ਮਹਿ-ਉਸ (ਸੁਰਤ) ਵਿਚ। ਅਗਨੀ ਕਾ-ਤ੍ਰਿਸ਼ਨਾ ਦੀ ਅੱਗ ਦਾ। ਵਾਸੁ-ਨਿਵਾਸ। ਸੁਰਤਿ-ਧਿਆਨ ਨਾਲ; ਸੋਝੀ ਦੁਆਰਾ। ਨ ਬੁਝਨੀ-ਨਹੀ ਸਮਝਦੇ। ਸਬਦਿ-ਸ਼ਬਦ ਦੁਆਰਾ। ਅੰਦਰਿ-ਹਿਰਦੇ

ਅੰਦਰ।ਸੁਧਿ–ਸੂਝ।ਵਿਸਾਸੁ–ਭਰੋਸਾ।ਨਿਤ–ਹਰ ਰੋਜ।ਵਿਗਾਸੁ–ਖੇੜਾ; ਪ੍ਰਸੰਨਤਾ; ਅਨੰਦ।ਰਖਦਾ–ਪੈਜ ਰਖਦਾ; ਰੱਖਿਆ ਕਰਦਾ ਹੈ।ਹਉ–ਮੈਂ।ਸਦ–ਸਦਾ।ਬਲਿਹਾਰੀ–ਕੁਰਬਾਨ ਹਾਂ।ਤਾਸੁ–ਉਸ ਤੋਂ।ਜਨ ਨਾਨਕੁ–ਦਾਸ ਨਾਨਕ।ਤਾ ਕਾ–ਉਨ੍ਹਾਂ ਦਾ।੨੧।

ਵਿਆਖਿਆ = ਮਨਮੁਖ ਕਿਸੇ ਨੂੰ ਸੁਖੀ ਦੇਖ ਕੇ ਖੁਸ਼ ਨਹੀਂ ਹੁੰਦਾ, ਦੁਖੀ ਦੇਖ ਕੇ ਹੀ ਖੁਸ਼ ਹੁੰਦਾ ਹੈ।ਦੁਖੀਏ ਉਤੇ ਦਇਆ ਨਹੀਂ ਕਰਦਾ, ਦੂਜੇ ਦਾ ਪ੍ਰਤਾਪ ਦੇਖ ਕੇ ਸਹਾਰਦਾ ਨਹੀਂ (ਪ੍ਰਤਾਪ ਨੂੰ ਹਰੀ ਦੀ ਦਾਤ ਨਹੀਂ ਜਾਣਦਾ)।ਜਿੱਦੀ ਏਨਾ ਹੁੰਦਾ ਹੈ ਕਿ ਦੂਜੇ ਨੂੰ ਮਨਾ ਕੇ ਹਟਦਾ ਹੈ।ਉਨ੍ਹਾਂ ਦੇ ਕੰਨ ਜਰੂਰ ਹੁੰਦੇ ਹਨ, ਪਰ ਬਾਣੀ ਸੁਣਨ ਵਾਲੇ ਨਹੀ ਹਨ, ਅੱਖਾਂ ਤਾਂ ਹਨ, ਪਰ ਗੁਰੂ ਦੇ ਦਰਸ਼ਨ ਕਰਨ ਵਾਲੀਆਂ ਨਹੀਂ ਹਨ ।ਕਿਉਂਕਿ ਉਨ੍ਹਾਂ ਦੇ ਅੰਦਰ ਰੱਬੀ ਸੂਝ ਬੂਝ ਨਹੀਂ ਹੁੰਦੀ, ਸੁੱਤੇ ਹੋਏ ਪਾਪੀ ਵਿਸ਼ਈ ਮਨ ਵਿਚ ਗੁਰ ਸ਼ਬਦ ਪ੍ਰਕਾਸ਼ ਨਹੀ ਕਰਦਾ।ਗੁਰਮੁਖ ਦੇ ਲੱਛਣ ਇਸਤੋਂ ਉਲਟ ਹਨ।ਗਿਆਨਵਾਨ ਪੁਰਖਾਂ ਦੇ ਅੰਦਰ ਗੁਰੂ ਦੇ ਸ਼ਬਦ ਦਾ ਨਿਵਾਸ ਹੁੰਦਾ ਹੈ, ਉਨ੍ਹਾਂ ਦੀ ਬ੍ਰਿਤੀ ਹਰੀ ਨਾਲ ਜੁੜ ਜਾਂਦੀ ਹੈ।ਜਿਵੇਂ ਵੇਲ ਧਰਤੀ ਤੇ ਵੀ ਫੈਲਦੀ ਹੈ, ਟੋਏ ਵਿਚ ਵੀ ਗਿਰ ਜਾਂਦੀ ਹੈ ਜਾਂ ਦਰੱਖਤ ਤੇ ਚੜ੍ਹ ਜਾਂਦੀ ਹੈ।ਮਨਮੁਖਾਂ ਦੀ ਬਿਰਤੀ ਰੂਪ ਵੇਲ ਕੁਸੰਗਤ ਰੂਪ ਟੋਏ ਵਿਚ ਗਿਰ ਜਾਂਦੀ ਹੈ ਤੇ ਕਈ ਕੰਮਾਂ ਧੰਧਿਆਂ ਦੇ ਵਿਹਾਰਾਂ ਵਿਚ ਪੈ ਕੇ ਫੈਲ ਜਾਂਦੀ ਹੈ।ਗੁਰਮੁਖਾਂ ਦੀ ਬਿਰਤੀ ਰੂਪ ਵੇਲ ਗੁਰੂ ਰੂਪ ਬ੍ਰਿਛ ਦੇ ਆਸਰੇ ਉਚੀ ਚੜ੍ਹ ਜਾਂਦੀ ਹੈ।ਐਸੇ ਗੁਰਮੁਖਾਂ ਤੋਂ ਸਦਕੇ ਜਾਣਾ ਚਾਹੀਦਾ ਹੈ ਜੋ ਸਦਾ ਵਾਹਿਗੁਰੂ ਨੂੰ ਸਿਮਰਦੇ ਹਨ।

ਮਾਇਆ ਭੁਇਅੰਗਮੁ ਸਰਪੁ ਹੈ, ਜਗੁ ਘੇਰਿਆ ਬਿਖੁ ਮਾਇ ॥ ਬਿਖੁ ਕਾ ਮਾਰਣੁ ਹਰਿ ਨਾਮੁ ਹੈ, ਗੁਰ ਗਰੁੜ ਸਬਦੁ ਮੁਖਿ ਪਾਇ ॥ ਹੇ ਭਾਈ! ਮਾਇਆ ਕੁੰਡਲਦਾਰ ਵੱਡਾ ਸੱਪ ਹੈ, ਇਸ ਵਿਹੁ ਰੂਪ ਮਾਯਾ ਨੇ ਸਾਰੇ ਜਗਤ ਨੂੰ ਵਲਿਆ (ਘੇਰਿਆ) ਹੋਇਆ ਹੈ {ਪਾਇਆ ਵੇੜੁ ਮਾਇਆ ਸਰਬ ਭੁਇਅੰਗਾ ੮੦੧; ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ੫੧੦}(ਸੱਪ ਦੇ ਭੂਤ ਵਰਤਮਾਨ ਅਤੇ ਭਵਿਖ ਰੂਪ ਕੁੰਡਲ ਵਿਚ ਆਇਆ ਜੀਵ ਬਚਦਾ ਨਹੀ।ਮਾਯਾ ਰੂਪ ਸੱਪ ਦੀ) ਜਹਿਰ ਨੂੰ ਮਾਰਨ ਵਾਲਾ ਹਰੀ ਦਾ ਨਾਮ ਹੈ {ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ੫੧੩}, (ਸੱਪ ਦੀ ਵਿਹੁ ਦੂਰ ਕਰਨ ਵਾਲੇ) ਗੁਰੂ ਦੇ ਸ਼ਬਦ ਰੂਪ ਗਰੁੜ ਮੰਤਰ ਨੂੰ ਮੂੰਹ ਵਿਚ ਪਾਈ ਰਖੋ (ਮੂੰਹ ਰਾਹੀਂ ਨਾਮ ਤੇ ਸ਼ਬਦ ਨੂੰ ਜਪਦੇ ਰਹੋ, ਮਾਇਆ ਰੂਪ ਜਹਿਰ ਦੂਰ ਹੋ ਜਾਵੇਗੀ)।

ਜਿਨ ਕਉ ਪੂਰਬਿ ਲਿਖਿਆ, ਤਿਨ ਸਤਿਗੁਰੁ ਮਿਲਿਆ ਆਇ ॥ ਮਿਲਿ ਸਤਿਗੁਰ ਨਿਰਮਲੁ ਹੋਇਆ, ਬਿਖੁ ਹਉਮੈ ਗਇਆ ਬਿਲਾਇ ॥ ਜਿਨ੍ਹਾਂ (ਮਨੁੱਖਾਂ ਦੇ ਮੱਥੇ ਤੇ) ਪਹਿਲਾਂ ਤੋਂ ਹੀ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਨੂੰ ਸੱਤਗੁਰੂ ਆ ਕੇ ਮਿਲਿਆ ਹੈ।ਸੱਤਗੁਰੂ ਨੂੰ ਮਿਲ ਕੇ (ਉਨ੍ਹਾਂ ਦਾ ਮਨ) ਨਿਰਮਲ ਹੋ ਗਿਆ, (ਸ਼ਬਦ ਦੁਆਰਾ) ਹਉਮੈ ਦਾ ਜਹਿਰ ਦੂਰ ਹੋ ਗਿਆ ਹੈ।

ਗੁਰਮੁਖਾ ਕੇ ਮੁਖਿ ਉਜਲੇ, ਹਰਿ ਦਰਗਹ ਸੋਭਾ ਪਾਇ ॥ ਜਨ ਨਾਨਕੁ ਸਦਾ ਕੁਰਬਾਣੁ ਤਿਨ, ਜੋ ਚਾਲਹਿ ਸਤਿਗੁਰ ਭਾਇ ॥੨੨॥ ਗੁਰਮੁਖਾਂ ਦੇ ਮੂੰਹ (ਇਸ ਲੋਕ ਵਿਚ ਵੀ) ਉਜਲ ਹੁੰਦੇ ਹਨ ਤੇ ਰੱਬ ਦੀ ਦਰਗਾਹ ਵਿਚ ਵੀ ਸੋਭਾ ਪਾਉਂਦੇ ਹਨ।ਦਾਸ ਨਾਨਕ ਉਨ੍ਹਾਂ (ਗੁਰਮੁਖਾਂ) ਤੋਂ ਕੁਰਬਾਣ ਜਾਂਦਾ ਹੈ, ਜਿਹੜੇ ਸੱਤਗੁਰੂ ਦੇ ਭਾਣੇ ਵਿਚ ਚਲਦੇ ਹਨ।੨੨।

ਪਦਾਰਥ = ਭੁਇਅੰਗਮੁ ਸਰਪੁ–ਕੁੰਡਲਾਦਾਰ ਵੱਡਾ ਸੱਪ।ਘੇਰਿਆ–ਵਲਿਆ (ਵਲ੍ਹੇਟਿਆ) ਹੋਇਆ।ਬਿਖੁ ਮਾਇ–ਜਹਿਰ ਰੂਪ ਮਾਇਆ ਨੇ।ਮਾਰਣੁ–ਮਾਰਨ ਵਾਲਾ; ਨਾਸ਼ ਕਰਨ ਵਾਲਾ ਮਸਾਲਾ।ਗਰੁੜ–(ਸੱਪ ਦੀ ਜਹਿਰ ਲਾਹੁਣ ਵਾਲਾ) ਗਾਰੜੂ ਮੰਤਰ।ਮੁਖਿ ਪਾਇ–ਮੂੰਹ ਵਿਚ ਪਾਈ ਰੱਖੋ (ਮੂੰਹ ਰਾਹੀਂ ਜਪਦੇ ਰਹੋ)।ਜਿਨ ਕਉ–ਜਿਨ੍ਹਾਂ ਦੇ (ਮੱਥੇ) ਉਤੇ)।ਪੂਰਬਿ–ਪਹਿਲਾਂ (ਧੁਰ) ਤੋਂ।ਤਿਨ–ਉਨ੍ਹਾਂ ਨੂੰ।ਗਇਆ ਬਿਲਾਇ–ਦੂਰ ਹੋ ਗਿਆ।ਚਾਲਹਿ ਭਾਇ–ਭਾਣੇ ਵਿਚ ਚਲਦੇ ਹਨ।੨੨।

ਵਿਆਖਿਆ = ਜਿਵੇਂ ਸੱਪ ਦਾ ਡੰਗਿਆ ਬੰਦਾ ਬਚਦਾ ਨਹੀਂ, ਇਸੇ ਤਰ੍ਹਾਂ ਮਾਇਆ ਦਾ ਡੰਗਿਆ ਮਨੁੱਖ ਆਤਮਕ ਮੌਤੇ ਮਰ ਜਾਂਦਾ ਹੈ। ਕਈ ਵੱਡੇ ਸੱਪ ਸਾਬਤ ਹੀ ਨਿਗਲ ਜਾਂਦੇ ਹਨ, ਇਸ ਪ੍ਰਕਾਰ ਮਨੁੱਖ ਨੂੰ ਮਾਇਆ ਨੇ ਨਿਗਲਿਆ ਹੋਇਆ ਹੈ।ਗੁਰਬਾਣੀ ਨੇ ਮਾਇਆ ਕਈ ਪ੍ਰਕਾਰ ਦੀ ਦੱਸੀ ਹੈ।ਪਰ ਆਮ ਤੌਰ ਤੇ ਮਾਇਆ ਦੇ ਤਿੰਨ ਰੂਪ ਦਾਨਿਆਂ ਨੇ ਦੱਸੇ ਹਨ।ਜੜ੍ਹ, ਚੇਤਨ ਤੇ ਹਉਮੈ ਰੂਪ ਮਾਇਆ।ਜਮੀਨ ਜਾਇਦਾਦ, ਘਰ, ਸੋਨਾ ਚਾਂਦੀ, ਗਹਿਣੇ, ਹੀਰੇ ਜਵਾਹਰਾਤ, ਰਥ, ਕਾਰਾਂ ,ਵਸਤ੍ਰ ਆਦਿ ਜੜ੍ਹ ਮਾਇਆ ਹੈ।ਘਰ ਵਾਲੀ ਇਸਤ੍ਰੀ, ਧੀਆਂ ਪੁਤ੍ਰ, ਮਾਂ ਬਾਪ, ਦੋਸਤ, ਦੁਸ਼ਮਣ, ਹਾਥੀ ਘੋੜੇ, ਫੌਜਾਂ, ਗਾਂਵਾਂ ਮੱਝਾਂ ਬਲਦ, ਸ਼ੌਕ ਲਈ ਰੱਖੇ ਪਾਲਤੂ ਜਾਨਵਰ ਤੇ ਪੰਛੀ ਆਦਿ ਚੇਤਨ ਮਾਇਆ ਹੈ।ਕਾਮ ਕ੍ਰੋਧ ਆਦਿਕ, ਈਰਖਾ ਬਖੀਲੀ ਖੁਸ਼ੀ ਗਮੀ ਨੀਂਦ ਭੁੱਖ ਆਦਿ ਹਉਮੈ ਰੂਪ ਮਾਇਆ ਹੈ।ਮਾਇਆ ਪੈਦਾ ਤਾਂ ਰੱਬ ਨੇ ਹੀ ਕੀਤੀ ਹੈ ਪਰ ਮਨਮੁਖ ਇਸ ਵਿਚ ਬੁਰੀ ਤਰ੍ਹਾਂ ਫਸ ਕੇ ਬਰਬਾਦ ਹੋ ਜਾਂਦੇ ਹਨ ਤੇ ਗੁਰਮੁਖ ਗੁਰੂ ਦੀ ਮੱਦਤ ਨਾਲ ਇਸ ਤੋਂ ਬਚ ਜਾਂਦੇ ਹਨ।ਸੱਗੋਂ ਮਾਇਆ ਗੁਰਮੁਖਾਂ ਦੀ ਦਾਸੀ ਬਣ ਜਾਂਦੀ ਹੈ।ਗੁਰੂ ਜੀ ਨੇ ਮਾਇਆ ਦਾ ਹਉਮੈ ਵਾਲਾ ਰੂਪ ਸਭ ਤੋਂ ਦੁਖਦਾਈ ਬਿਆਨਿਆ ਹੈ।

ਸਤਿਗੁਰ ਪੁਰਖੁ ਨਿਰਵੈਰੁ ਹੈ, ਨਿਤ ਹਿਰਦੈ ਹਰਿ ਲਿਵ ਲਾਇ ॥ ਨਿਰਵੈਰੈ ਨਾਲਿ ਵੈਰੁ ਰਚਾਇਦਾ, ਅਪਣੈ ਘਰਿ ਲੂਕੀ ਲਾਇ ॥ ਹੇ ਭਾਈ! ਸੱਤਗੁਰੂ ਵੈਰ ਤੋਂ ਰਹਿਤ ਮਹਾਂ ਪੁਰਖ ਹੈ ਅਤੇ ਉਹ ਹਰ ਰੋਜ ਅਪਣੇ ਹਿਰਦੇ ਵਿਚ ਹਰੀ ਨਾਲ ਲਿਵ ਜੋੜੀ ਰਖਦੇ ਹਨ।(ਜਿਹੜਾ ਬੰਦਾ ਅਜੇਹੇ) ਵੈਰ ਤੋਂ ਰਹਿਤ ਸੱਤਗੁਰੂ ਨਾਲ ਵੈਰ ਬਣਾਈ ਰਖਦਾ ਹੈ, ਉਹ ਅਪਣੇ (ਹਿਰਦੇ) ਘਰ ਵਿਚ (ਈਰਖਾ ਦੀ

ਅੱਗ ਦੀ) ਚੁਆਤੀ ਲਾਉਂਦਾ ਹੈ।

ਅੰਤਰਿ ਕ੍ਰੋਧੁ ਅਹੰਕਾਰੁ ਹੈ, ਅਨਦਿਨੁ ਜਲੈ ਸਦਾ ਦੁਖੁ ਪਾਇ ॥ ਕੂੜੁ ਬੋਲਿ ਬੋਲਿ ਨਿਤ ਭਉਕਦੇ, ਬਿਖੁ ਖਾਧੇ ਦੂਜੈ ਭਾਇ ॥ ਉਨ੍ਹਾਂ ਦੇ ਅੰਦਰ ਕ੍ਰੋਧ ਤੇ ਹੰਕਾਰ ਹੈ ਅਤੇ (ਇਨ੍ਹਾਂ ਵਿਕਾਰਾਂ ਕਰਕੇ) ਦਿਨ ਰਾਤ ਸੜਦੇ ਤੇ ਦੁਖ ਪਾਉਂਦੇ ਰਹਿੰਦੇ ਹਨ।(ਫਿਰ ਉਹ) ਝੂਠ ਬੋਲ ਬੋਲ ਕੇ ਨਿਤ (ਕੁਤਿਆਂ ਵਾਂਗ) ਭੌਂਕਦੇ ਰਹਿੰਦੇ ਹਨ, ਕਿਉਂਕਿ ਦ੍ਵੈਤ ਭਾਵ ਵਿਚ ਲਗ ਕੇ (ਮਾਯਾ ਰੂਪ) ਵਿਹੁ ਖਾਧੀ ਹੁੰਦੀ ਹੈ; ਦ੍ਵੈਤ ਭਾਵ ਵਿਚ ਲੱਗੇ ਹੋਏ ਹੋਣ ਕਰਕੇ ਵਿਹੁਲੀ ਮਾਯਾ ਦੇ ਖਾਧੇ ਹੋਏ ਹਨ (ਮੇਰਾ ਖਿਆਲ)।

ਬਿਖੁ ਮਾਇਆ ਕਾਰਣਿ ਭਰਮਦੇ, ਫਿਰਿ ਘਰਿ ਘਰਿ ਪਤਿ ਗਵਾਇ ॥ ਬੇਸੁਆ ਕੇਰੇ ਪੂਤ ਜਿਉ, ਪਿਤਾ ਨਾਮੁ ਤਿਸੁ ਜਾਇ ॥ (ਮਨਮੁਖ) ਮਾਇਆ ਰੂਪ ਜਹਿਰ ਪ੍ਰਾਪਤ ਕਰਨ ਲਈ ਅਪਣੀ ਇਜਤ ਗੁਆ ਕੇ ਫਿਰ ਘਰ ਘਰ ਭਟਕਦੇ ਫਿਰਦੇ ਹਨ।ਵੇਸਵਾ ਦੇ ਪੁੱਤ੍ਰ ਵਾਂਗ ਉਸ ਦੇ ਪਿਤਾ ਦਾ ਨਾਮ ਜਾਂਦਾ ਰਹਿੰਦਾ ਹੈ (ਜਿਵੇਂ ਵੇਸਵਾ ਦੇ ਪੁਤਰ ਦੇ ਬਾਪ ਦਾ ਪਤਾ ਨਹੀਂ ਚਲਦਾ {ਸਾਕਤ ਬੇਸੁਆ ਪੂਤ ਨਿਨਾਮ ੨੩੯;ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ ੮੩੭}, ਤਿਵੇਂ ਅਜੇਹੇ ਮਨੁੱਖ ਵੀ ਕਿਸੇ ਗੁਰੂ ਪੀਰ ਦੇ ਨਹੀਂ ਹੁੰਦੇ)।

ਹਰਿ ਹਰਿ ਨਾਮੁ ਨ ਚੇਤਨੀ, ਕਰਤੈ ਆਪਿ ਖੁਆਇ ॥ ਹਰਿ ਗੁਰਮੁਖਿ ਕਿਰਪਾ ਧਾਰੀਅਨੁ, ਜਨ ਵਿਛੁੜੇ ਆਪਿ ਮਿਲਾਇ ॥ ਜਨ ਨਾਨਕੁ ਤਿਸੁ ਬਲਿਹਾਰਣੈ, ਜੋ ਸਤਿਗੁਰ ਲਾਗੇ ਪਾਇ ॥੨੩॥ (ਕਿਉਂਕਿ ਉਹ) ਹਰੀ ਦੇ ਨਾਮ ਨੂੰ ਨਹੀ ਜਪਦੇ (ਪਿਛਲੇ ਕੀਤੇ ਕਰਮਾਂ ਅਨੁਸਾਰ ਉਨ੍ਹਾਂ ਨੂੰ) ਕਰਤਾਰ ਨੇ ਆਪ ਹੀ ਖੁੰਝਾਇਆ ਹੋਇਆ ਹੈ।ਗੁਰਮੁਖਾਂ ਤੇ ਹਰੀ ਨੇ ਆਪ ਕਿਰਪਾ ਧਾਰੀ ਹੈ, ਵਿਛੜੇ ਹੋਏ (ਗੁਰਮੁਖ) ਜਨਾਂ ਨੂੰ ਆਪ (ਅਪਣੇ ਨਾਲ) ਮਿਲਾ ਲਿਆ ਹੈ।ਦਾਸ ਨਾਨਕ ਉਸ ਮਨੁੱਖ ਤੋਂ ਸਦਕੇ ਜਾਂਦਾ ਹੈ ਜਿਹੜਾ ਗੁਰੂ ਦੇ ਚਰਨਾਂ ਨਾਲ ਜੁੜਦਾ ਹੈ।੨੩।

ਪਦਾਰਥ = ਨਿਰਵੈਰੁ–ਵੈਰ ਰਹਿਤ।ਨਿਤ–ਹਰ ਰੋਜ।ਹਿਰਦੈ–ਹਿਰਦੇ ਵਿਚ।ਲਿਵ ਲਾਇ–ਲਿਵ ਲਾਈ ਰਖਦਾ ਹੈ।ਰਚਾਇਦਾ–ਬਣਾਈ ਰਖਦਾ ਹੈ।ਘਰਿ–ਹਿਰਦੇ ਘਰ ਵਿਚ।ਲੂਕੀ ਲਾਇ–ਚੁਆਤੀ ਲਾਉਂਦਾ ਹੈ।ਅੰਤਰਿ–ਹਿਰਦੇ ਅੰਦਰ।ਅਨਦਿਨੁ–ਹਰ ਰੋਜ।ਜਲੈ–ਸੜਦਾ ਹੈ।ਭਉਕਦੇ–(ਕੁੱਤਿਆਂ ਵਾਂਗ) ਭੌਂਕਦੇ ਹਨ।ਬਿਖੁ–ਜਹਿਰ।ਦੂਜੈ ਭਾਇ–ਦ੍ਵੈਤ ਭਾਵ (ਹਰੀ ਤੋਂ ਬਿਨਾ ਮਾਇਆ ਵਿਚ ਪਿਆਰ)।ਭਰਮਦੇ–ਭਟਕਦੇ ਫਿਰਦੇ ਹਨ।ਫਿਰਿ–ਮੁੜ ਕੇ।ਪਤਿ–ਇੱਜਤ।ਬੇਸੁਆ–ਵੇਸਵਾ; ਬਹੁ ਖਸਮੀ (ਮਾਇਆ ਦੇ ਮਾਲਕ ਬਹੁਤ ਹਨ, ਇਸ ਕਰਕੇ ਇਸ ਨੂੰ ਵੇਸਵਾ ਕਿਹਾ ਹੈ)।ਕੇਰੇ–ਦੇ।ਜਿਉ–ਵਾਂਗ।ਜਾਇ–ਚਲਾ ਜਾਂਦਾ ਹੈ।ਨ ਚੇਤਨੀ–ਨਹੀਂ ਸਿਮਰਦੇ।ਕਰਤੈ–ਕਰਤਾਰ ਨੇ।ਖੁਆਇ–ਖੁੰਝਾਏ; ਭੁਲਾਏ; ਕੁਰਾਹੇ ਪਾਏ।ਧਾਰੀਅਨੁ–ਧਾਰੀ; ਕੀਤੀ।ਜਨ–ਗੁਰਮੁਖ ਜਨ।ਤਿਸੁ–ਉਸ ਤੋਂ।ਬਲਿਹਾਰਣੈ–ਕੁਰਬਾਨ ਜਾਂਦਾ ਹੈ।ਲਾਗੇ ਪਾਇ–ਚਰਨਾਂ ਨਾਲ ਲਗਦੇ (ਜੁੜਦੇ) ਹਨ।੨੩।

ਨਾਮਿ ਲਗੇ ਸੇ ਊਬਰੇ, ਬਿਨੁ ਨਾਵੈ ਜਮ ਪੁਰਿ ਜਾਂਹਿ ॥ ਨਾਨਕ ਬਿਨੁ ਨਾਵੈ ਸੁਖੁ ਨਹੀ, ਆਇ ਗਏ ਪਛੁਤਾਹਿ ॥੨੪॥ ਹੇ ਭਾਈ! (ਜਿਹੜੇ ਮਨੁੱਖ ਹਰੀ ਦੇ) ਨਾਮ ਵਿਚ ਜੁੜੇ ਹਨ, ਉਹ (ਸੰਸਾਰ ਸਮੁੰਦਰ ਵਿਚ ਡੁੱਬਣ ਤੋਂ) ਬਚ ਗਏ ਹਨ, ਨਾਮ ਤੋਂ ਬਿਨਾ ਮਨੁੱਖ ਜਮਾਂ ਦੀ ਪੁਰੀ ਵਿਚ ਜਾਂਦਾ ਹੈ।ਗੁਰੂ ਜੀ ਆਖਦੇ ਹਨ ਕਿ (ਹਰੀ ਦੇ) ਨਾਮ ਤੋਂ ਬਿਨਾ ਸੁਖ ਨਹੀਂ (ਮਿਲ ਸਕਦਾ, ਜਿਸ ਕਰਕੇ ਉਹ ਸੰਸਾਰ ਵਿਚ) ਆ ਕੇ (ਨਿਸਫਲ ਹੀ) ਚਲੇ ਗਏ ਭਾਵ ਜੰਮਦੇ ਮਰਦੇ ਹੋਏ ਪਛਤਾਉਂਦੇ ਹਨ।੨੪।

ਪਦਾਰਥ = ਨਾਮਿ–ਨਾਮ ਵਿਚ।ਸੇ–ਉਹ (ਮਨੁੱਖ)।ਊਬਰੇ–ਬਚ ਗਏ।ਜਮ ਪੁਰਿ–ਜਮਾਂ ਦੀ ਪੁਰੀ।ਜਾਂਹਿ–ਜਾਂਦੇ ਹਨ।ਆਇ ਗਏ–ਆ ਕੇ ਚਲੇ ਗਏ (ਜਨਮ ਲੈ ਕੇ ਨਿਸਫਲ ਹੀ ਸੰਸਾਰ ਵਿਚੋਂ ਚਲੇ ਗਏ ਹਨ)।੨੪।

ਚਿੰਤਾ ਧਾਵਤ ਰਹਿ ਗਏ, ਤਾਂ ਮਨਿ ਭਇਆ ਅਨੰਦੁ ॥ ਗੁਰ ਪ੍ਰਸਾਦੀ ਬੁਝੀਐ, ਸਾ ਧਨ ਸੁਤੀ ਨਿਚਿੰਦ ॥ (ਜਦ ਮਨੁੱਖ) ਚਿੰਤਾ ਦੀ ਦੌੜ ਤੋਂ ਰਹਿਤ ਹੋ ਗਏ; (ਜਦ) ਚਿੰਤਾ ਅਤੇ ਭਟਕਣਾ ਮੁਕ ਗਈ, ਤਾਂ ਮਨ ਵਿਚ ਅਨੰਦ ਪੈਦਾ ਹੁੰਦਾ ਹੈ।(ਇਸ ਭੇਦ ਨੂੰ) ਗੁਰੂ ਦੀ ਕਿਰਪਾ ਨਾਲ ਹੀ ਸਮਝ ਸਕੀਦਾ ਹੈ, (ਜਿਸਨੇ ਸਮਝਿਆ ਹੈ) ਉਹ ਜੀਵ ਰੂਪ ਇਸਤ੍ਰੀ ਨਿਸਚਿੰਤ ਹੋ ਕੇ ਸੁਤੀ ਹੈ (ਜੀਵਨ ਰੂਪ ਰਾਤ ਅਨੰਦ ਵਿਚ ਬਤੀਤ ਕਰਦੀ ਹੈ)।

ਜਿਨ ਕਉ ਪੂਰਬਿ ਲਿਖਿਆ, ਤਿਨ੍ਹਾ ਭੇਟਿਆ ਗੁਰ ਗੋਵਿੰਦੁ ॥ ਨਾਨਕ ਸਹਜੇ ਮਿਲਿ ਰਹੇ, ਹਰਿ ਪਾਇਆ ਪਰਮਾਨੰਦੁ ॥੨੫॥ ਜਿਨ੍ਹਾਂ ਦੇ ਮੱਥੇ ਤੇ ਪਹਿਲਾਂ ਤੋਂ ਹੀ ਲੇਖ ਲਿਖਿਆ ਹੈ, ਉਨ੍ਹਾਂ ਨੂੰ ਗੋਵਿੰਦ ਰੂਪ ਗੁਰੂ ਮਿਲਿਆ ਹੈ; ਗੁਰ ਪ੍ਰਮੇਸਰ ਮਿਲਦਾ ਹੈ।ਗੁਰੂ ਜੀ ਆਖਦੇ ਹਨ ਕਿ ਸੁਤੇ ਹੀ ਉਹ ਪੁਰਖ (ਹਰੀ ਨਾਲ) ਮਿਲ ਰਹੇ ਹਨ ਅਤੇ ਪਰਮ ਅਨੰਦ ਸਰੂਪ ਹਰੀ ਪਾ ਲਿਆ ਹੈ।੨੫।

ਪਦਾਰਥ = ਧਾਵਤ–ਦੌੜ; ਭਟਕਣਾ।ਰਹਿ ਗਏ–ਰਹਿਤ ਹੋ ਗਏ; ਮੁੱਕ ਗਈ।ਮਨਿ–ਮਨ ਵਿਚ।ਭਇਆ–ਹੁੰਦਾ ਹੈ।ਬੁਝੀਐ–ਬੁਝ ਸਕੀਦਾ ਹੈ।ਸਾ ਧਨ–ਉਹ ਜੀਵ ਰੂਪ ਇਸਤ੍ਰੀ।ਨਿਚਿੰਦ–ਬੇ ਫਿਕਰ ਹੋ ਕੇ।ਜਿਨ ਕਉ–ਜਿਨ੍ਹਾਂ ਦੇ (ਮੱਥੈ) ਉਤੇ।ਪੂਰਬਿ–ਪਹਿਲਾਂ ਤੋਂ; ਧੁਰ ਦਰਗਾਹ ਤੋਂ।ਤਿਨ੍ਹਾ–ਉਨ੍ਹਾਂ ਨੂੰ।ਭੇਟਿਆ–ਮਿਲਿਆ।ਸਹਜੇ–ਸੁਭਾਵਿਕ ਹੀ।ਪਰਮਾਨੰਦੁ–ਪਰਮ ਅਨੰਦ।੨੫।

ਸਤਿਗੁਰੁ ਸੇਵਨਿ ਆਪਣਾ, ਗੁਰ ਸਬਦੀ ਵੀਚਾਰਿ ॥ ਸਤਿਗੁਰ ਕਾ ਭਾਣਾ ਮੰਨਿ ਲੈਨਿ, ਹਰਿ ਨਾਮੁ ਰਖਹਿ ਉਰ ਧਾਰਿ ॥ (ਜਿਹੜੇ

ਮਨੁੱਖ) ਅਪਣੇ ਸੱਤਗੁਰੂ ਨੂੰ ਪੂਜਦੇ ਹਨ ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਵਿਚਾਰ ਕਰਦੇ ਹਨ।(ਅਤੇ) ਸੱਤਗੁਰੂ ਦਾ ਭਾਣਾ ਮੰਨ ਲੈਂਦੇ ਹਨ ਤੇ ਹਰੀ ਦਾ ਨਾਮ ਹਿਰਦੇ ਵਿਚ ਵਸਾ ਕੇ ਰਖਦੇ ਹਨ।

ਐਥੈ ਓਥੈ ਮੰਨੀਅਨਿ, ਹਰਿ ਨਾਮਿ ਲਗੇ ਵਾਪਾਰਿ ॥ ਗੁਰਮੁਖਿ ਸਬਦਿ ਸਿਵਾਪਦੇ, ਤਿਤੁ ਸਾਚੈ ਦਰਬਾਰਿ ॥ (ਅਜੇਹੇ ਮਨੁੱਖ) ਇਸ ਲੋਕ ਵਿਚ ਵੀ ਅਤੇ ਪ੍ਰਲੋਕ ਵਿਚ ਵੀ ਮੰਨੇ (ਸਤਕਾਰੇ) ਜਾਂਦੇ ਹਨ (ਕਿਉਂਕਿ) ਹਰੀ ਦੇ ਨਾਮ ਵਾਲੇ ਵਾਪਾਰ ਵਿਚ ਲੱਗੇ ਹੋਏ ਹਨ।ਗੁਰਮੁਖ ਜਨ ਉਸ (ਵਾਹਿਗੁਰੂ ਦੇ) ਸੱਚੇ ਦਰਬਾਰ ਵਿਚ (ਗੁਰੂ ਦੇ) ਸ਼ਬਦ ਕਰਕੇ ਪਛਾਣੇ ਜਾਂਦੇ ਹਨ।

ਸਚਾ ਸਉਦਾ ਖਰਚੁ ਸਚੁ, ਅੰਤਰਿ ਪਿਰਮੁ ਪਿਆਰੁ ॥ ਜਮਕਾਲੁ ਨੇੜਿ ਨ ਆਵਈ, ਆਪਿ ਬਖਸੇ ਕਰਤਾਰਿ ॥ (ਕਿਉਂਕਿ ਉਨ੍ਹਾਂ ਕੋਲ) ਸੱਚੇ ਨਾਮ ਦਾ ਸੌਦਾ (ਖ਼੍ਰੀਦਿਆ ਹੋਇਆ) ਹੈ ਅਤੇ ਖਰਚ ਵੀ ਸੱਚੇ ਨਾਮ ਦਾ ਹੀ ਹੈ, (ਫਿਰ ਉਨ੍ਹਾਂ ਦੇ) ਅੰਦਰ ਪਿਆਰੇ ਪ੍ਰਭੂ ਦਾ ਪਿਆਰ ਹੈ।(ਇਸ ਕਰਕੇ ਉਨ੍ਹਾਂ ਦੇ) ਨੇੜੇ ਜਮਕਾਲ ਨਹੀ ਆਉਂਦਾ (ਕਿਉਂਕਿ ਉਹ) ਆਪ ਕਰਤਾਰ ਨੇ ਬਖਸ਼ ਲਏ ਹਨ।

ਨਾਨਕ ਨਾਮ ਰਤੇ ਸੇ ਧਨਵੰਤ ਹੈਨਿ, ਨਿਰਧਨੁ ਹੋਰੁ ਸੰਸਾਰੁ ॥੨੬॥ ਗੁਰੂ ਜੀ ਆਖਦੇ ਹਨ (ਜਿਹੜੇ ਮਨੁੱਖ) ਹਰੀ ਦੇ ਨਾਮ ਰੰਗ ਵਿਚ ਰੰਗੇ (ਨਾਮ ਵਿਚ ਜੁੜੇ) ਹੋਏ ਹਨ, ਉਹ ਅਮੀਰ ਹਨ, ਹੋਰ (ਨਾਮ ਹੀਣ ਸਾਰਾ) ਸੰਸਾਰ ਕੰਗਾਲ ਹੈ।੨੬॥

ਪਦਾਰਥ = ਸੇਵਨਿ–ਪੂਜਦੇ ਹਨ।ਮੰਨਿ ਲੈਨਿ–ਮੰਨ ਲੈਂਦੇ ਹਨ।ਉਰ ਧਾਰਿ–ਹਿਰਦੇ ਵਿਚ ਵਸਾ ਕੇ।ਐਥੈ–ਇਥੇ ਇਸ ਲੋਕ ਵਿਚ।ਓਥੈ–ਉਥੇ ਪ੍ਰਲੋਕ ਵਿਚ।ਮੰਨੀਅਨਿ–ਮੰਨੇ (ਸਤਕਾਰੇ) ਜਾਂਦੇ ਹਨ।ਸਿਵਾਪਦੇ–ਪਛਾਣੇ ਜਾਂਦੇ ਹਨ।ਤਿਤੁ–ਉਸ।ਸਾਚੈ ਦਰਬਾਰਿ–ਵਾਹਿਗੁਰੂ ਦੇ ਸੱਚੇ ਦਰਬਾਰ ਵਿਚ (ਹਜੂਰੀ ਵਿਚ)।ਪਿਰਮੁ ਪਿਆਰੁ–ਪਿਆਰੇ ਵਾਹਿਗੁਰੂ ਦਾ ਪਿਆਰ।ਜਮ ਕਾਲੁ–ਕਾਲ ਕਰਨ (ਮਾਰਨ) ਵਾਲਾ ਜਮ।ਕਰਤਾਰਿ–ਕਰਤਾਰ ਨੇ।ਨਾਮ ਰਤੇ–ਨਾਮ ਵਿਚ ਜੁੜੇ (ਰੰਗੇ) ਹੋਏ।ਸੇ–ਉਹ (ਮਨੁੱਖ)।ਧਨਵੰਤ–ਅਮੀਰ।ਨਿਰਧਨੁ–ਗਰੀਬ; ਕੰਗਾਲ।੨੬।

ਅੰਗ ੧੪੧੬ = ਜਨ ਕੀ ਟੇਕ ਹਰਿ ਨਾਮੁ ਹਰਿ, ਬਿਨੁ ਨਾਵੈ ਠਵਰ ਨ ਠਾਉ ॥ ਗੁਰਮਤੀ ਨਾਉ ਮਨਿ ਵਸੈ, ਸਹਜੇ ਸਹਜਿ ਸਮਾਉ ॥ ਹੇ ਭਾਈ! ਹਰੀ ਦੇ ਸੇਵਕਾਂ ਦੀ ਟੇਕ ਹਰੀ ਦਾ ਨਾਮ ਹੈ ਤੇ ਨਾਮ ਤੋਂ ਬਿਨਾਂ (ਉਨ੍ਹਾਂ ਲਈ ਕੋਈ) ਟਿਕਣ ਦਾ ਥਾਂ ਨਹੀ ਹੈ (ਨਾ ਇਸ ਲੋਕ ਵਿਚ ਥਾਂ ਤੇ ਨਾ ਹੀ ਪ੍ਰਲੋਕ ਵਿਚ ਥਾਂ ਮਿਲਦਾ ਹੈ)।ਗੁਰਮਤ ਮਾਰਗ ਤੇ ਚਲਣ ਵਾਲਿਆਂ ਦੇ (ਜਾਂ ਗੁਰੁ ਦੀ ਸਿਖਿਆ ਦੁਆਰਾ) ਮਨ ਵਿਚ (ਵਾਹਿਗੁਰੂ ਦਾ) ਨਾਮ ਵਸਦਾ ਹੈ ਤੇ ਸੁਭਾਵਕ ਹੀ ਸਹਿਜ (ਪੂਰਨ ਅਡੋਲ) ਅਵਸਥਾ ਵਿਚ ਸਮਾ ਜਾਂਦੇ ਹਨ।

ਵਡਭਾਗੀ ਨਾਮੁ ਧਿਆਇਆ, ਅਹਿਨਿਸਿ ਲਾਗਾ ਭਾਉ ॥ ਜਨ ਨਾਨਕੁ ਮੰਗੈ ਧੂੜਿ ਤਿਨ, ਹਉ ਸਦ ਕੁਰਬਾਣੈ ਜਾਉ ॥੨੭॥ (ਉਨ੍ਹਾਂ ਨੇ) ਵੱਡੇ ਭਾਗਾਂ ਕਰਕੇ ਨਾਮ ਨੂੰ ਧਿਆਇਆ ਹੈ ਅਤੇ ਦਿਨ ਰਾਤ (ਹਰੀ ਨਾਲ) ਪ੍ਰੇਮ ਲੱਗਾ ਰਹਿੰਦਾ ਹੈ।ਦਾਸ ਨਾਨਕ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦਾ ਹੈ ਅਤੇ ਮੈਂ (ਉਨ੍ਹਾਂ ਤੋਂ) ਸਦਾ ਕੁਰਬਾਣ ਜਾਂਦਾ ਹਾਂ।੨੭।

ਪਦਾਰਥ = ਜਨ ਕੀ–ਸੇਵਕਾਂ ਦੀ।ਟੇਕ–ਆਸਰਾ।ਠਵਰ ਠਾਉ–ਥਾਂ ਟਿਕਾਣਾ (ਟਿਕਣ ਲਈ ਥਾਂ)।ਮਨਿ–ਮਨ ਵਿਚ।ਸਹਜੇ–ਸੁਭਾਵਕ ਹੀ।ਸਹਜਿ–ਅਡੋਲ ਅਵਸਥਾ ਵਿਚ।ਸਮਾਉ–ਲੀਨ ਹੁੰਦੇ ਹਨ।ਵਡਭਾਗੀ–ਵੱਡੇ ਭਾਗਾਂ ਨਾਲ; ਵੱਡੇ ਭਾਗਾਂ ਵਾਲਿਆਂ ਨੇ। ਅਹਿਨਿਸਿ–ਦਿਨ ਰਾਤ (ਸਦਾ)।ਭਾਉ–ਪ੍ਰੇਮ।ਜਨ ਨਾਨਕੁ–ਦਾਸ ਨਾਨਕ।ਧੂੜਿ ਤਿਨ–ਉਨ੍ਹਾਂ ਦੀ ਚਰਨ ਧੂੜ।ਹਉ–ਮੈਂ।੨੭।

ਲਖ ਚਉਰਾਸੀਹ ਮੇਦਨੀ, ਤਿਸਨਾ ਜਲਤੀ ਕਰੇ ਪੁਕਾਰ ॥ ਇਹੁ ਮੋਹੁ ਮਾਇਆ ਸਭੁ ਪਸਰਿਆ, ਨਾਲਿ ਚਲੈ ਨ ਅੰਤੀ ਵਾਰ ॥ ਚੁਰਾਸੀ ਲੱਖ (ਜੂਨਾਂ ਦੇ ਜੀਵਾਂ ਵਾਲੀ) ਸ੍ਰਿਸਟੀ ਤ੍ਰਿਸ਼ਨਾ ਦੀ ਅੱਗ ਵਿਚ ਸੜਦੀ ਹੋਈ ਪੁਕਾਰ (ਰੋਂਦੀ; ਵਿਰਲਾਪ) ਕਰਦੀ ਹੈ।ਇਹ ਮਾਇਆ ਦਾ ਮੋਹ ਸਾਰੇ ਪਾਸੇ ਪਸਰਿਆ ਹੋਇਆ ਹੈ, ਅੰਤ ਸਮੇਂ (ਇਹ ਮਾਇਆ) ਕਿਸੇ ਨਾਲ ਨਹੀਂ ਜਾਂਦੀ।

ਬਿਨੁ ਹਰਿ ਸਾਂਤਿ ਨ ਆਵਈ, ਕਿਸੁ ਆਗੈ ਕਰੀ ਪੁਕਾਰ ॥ ਵਡਭਾਗੀ ਸਤਿਗੁਰੁ ਪਾਇਆ, ਬੂਝਿਆ ਬ੍ਰਹਮੁ ਬਿਚਾਰੁ ॥ ਹਰੀ ਦਾ ਨਾਮ ਸਿਮਰੇ ਬਿਨਾ ਸ਼ਾਂਤੀ ਨਹੀ ਆਉਂਦੀ, (ਨਾਮ ਦੀ ਪ੍ਰਾਪਤੀ ਲਈ ਗੁਰੂ ਤੋਂ ਬਿਨਾ) ਕਿਸ ਅੱਗੇ ਪੁਕਾਰ ਕਰਾਂ ? (ਜਿਨ੍ਹਾਂ ਨੇ) ਵੱਡੇ ਭਾਗਾਂ ਨਾਲ ਸਤਿਗੁਰੂ ਨੂੰ ਪਾਇਆ ਹੈ ਉਨ੍ਹਾਂ ਨੇ ਬ੍ਰਹਮ ਸਰੂਪ ਦੀ ਵਿਚਾਰ ਨੂੰ ਸਮਝ ਲਿਆ ਹੈ।

ਤਿਸਨਾ ਅਗਨਿ ਸਭ ਬੁਝਿ ਗਈ, ਜਨ ਨਾਨਕ ਹਰਿ ਉਰਿ ਧਾਰਿ ॥੨੮॥ ਦਾਸ ਨਾਨਕ ਆਖਦਾ ਹੈ, (ਜਿਨ੍ਹਾਂ ਨੇ) ਹਰੀ ਦਾ ਨਾਮ ਹਿਰਦੇ ਵਿਚ ਵਸਾ ਲਿਆ ਹੈ, (ਉਨ੍ਹਾਂ ਪੁਰਖਾਂ ਦੀ) ਤ੍ਰਿਸ਼ਨਾ ਦੀ ਅੱਗ ਸਾਰੀ ਬੁਝ ਗਈ ਹੈ।੨੮।

ਪਦਾਰਥ = ਲਖ ਚਉਰਾਸੀਹ–ਚੁਰਾਸੀ ਲੱਖ।ਮੇਦਨੀ–ਧਰਤੀ (ਸ੍ਰਿਸ਼ਟੀ)।ਤਿਸਨਾ–ਤ੍ਰਿਸ਼ਨਾ।ਜਲਤੀ–ਸੜਦੀ ਹੋਈ।ਪਸਰਿਆ–ਫੈਲਿਆ ਹੋਇਆ।ਅੰਤੀ ਵਾਰ–ਅੰਤ (ਮਰਨ) ਵੇਲੇ।ਬੂਝਿਆ–ਸਮਝਿਆ।ਉਰਿ ਧਾਰਿ–ਹਿਰਦੇ ਵਿਚ ਵਸਾਇਆ ਹੈ।੨੮।

ਅਸੀ ਖਤੇ ਬਹੁਤੁ ਕਮਾਵਦੇ,ਅੰਤੁ ਨ ਪਾਰਾਵਾਰੁ ॥ ਹਰਿ ਕਿਰਪਾ ਕਰਿ ਕੈ ਬਖਸਿ ਲੈਹੁ, ਹਉ ਪਾਪੀ ਵਡ ਗੁਨਹਗਾਰੁ ॥ ਹੇ ਵਾਹਿਗੁਰੂ! ਅਸੀਂ ਬਹੁਤ ਪਾਪ ਕਮਾਉਂਦੇ (ਕਰਦੇ) ਹਾਂ, (ਜਿਨ੍ਹਾਂ ਪਾਪਾਂ ਦਾ) ਪਾਰ ਉਰਾਰ ਦਾ ਕੋਈ ਅੰਤ ਨਹੀ (ਗੁਨਾਹਾਂ ਦੀ ਸੀਮਾ ਦਾ ਕੋਈ ਅੰਤ ਨਹੀਂ)।ਹੇ ਹਰੀ! ਕਿਰਪਾ ਕਰਕੇ ਮੈਨੂੰ ਬਖਸ਼ ਲਵੋ, (ਕਿਉਂਕਿ) ਮੈਂ ਗੁਨਾਹ ਕਰਨ ਵਾਲਾ ਵੱਡਾ ਪਾਪੀ ਹਾਂ।

ਹਰਿ ਜੀਉ ਲੇਖੈ ਵਾਰ ਨ ਆਵਈ, ਤੂੰ ਬਖਸਿ ਮਿਲਾਵਣਹਾਰੁ ॥ ਹੇ ਹਰੀ ਜੀਓ! ਹਿਸਾਬ ਕਰਨ ਨਾਲ (ਮੇਰੇ ਗੁਨਾਹਾਂ ਦਾ) ਅੰਤ ਨਹੀ

ਆਉਣਾ; (ਬਖਸਿਸ ਹਾਸਲ ਕਰਨ ਦੀ) ਵਾਰੀ ਨਹੀ ਆਉਣੀ, ਤੂੰ (ਆਪ ਹੀ ਗੁਨਾਹ) ਬਖਸ਼ ਕੇ ਆਪਣੇ ਨਾਲ ਮਿਲਾ ਲੈਣ ਵਾਲਾ ਹੈਂ। ਗੁਰ ਤੁਠੈ ਹਰਿ ਪ੍ਰਭੁ ਮੇਲਿਆ, ਸਭ ਕਿਲਵਿਖ ਕਟਿ ਵਿਕਾਰ ॥ ਜਿਨਾ ਹਰਿ ਹਰਿ ਨਾਮੁ ਧਿਆਇਆ, ਜਨ ਨਾਨਕ ਤਿਨ੍ ਜੈਕਾਰੁ॥੨੯॥ ਹੇ ਭਾਈ! (ਜਿਸ ਮਨੁੱਖ ਉਤੇ) ਗੁਰੂ ਜੀ ਪ੍ਰਸੰਨ ਹੋਏ, (ਉਸਦੇ ਸਾਰੇ) ਪਾਪ ਤੇ ਵਿਕਾਰ ਕੱਟ ਕੇ (ਉਸਨੂੰ) ਹਰੀ ਪ੍ਰਭੂ ਨਾਲ ਮਿਲਾ ਦਿਤਾ ਹੈ। ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ (ਮਨ ਤਨ ਕਰਕੇ) ਧਿਆਇਆ ਹੈ, ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ) ਪੁਰਖਾਂ ਦੀ ਹਰ ਥਾਂ ਜੈ ਜੈ ਕਾਰ (ਸੋਭਾ) ਹੁੰਦੀ ਹੈ; ਦਾਸ ਨਾਨਕ ਉਨ੍ਹਾਂ ਨੂੰ ਨਮਸ਼ਕਾਰ ਕਰਦਾ ਹੈ।੨੯।

ਪਦਾਰਥ = ਖਤੇ (ਖੱਤੇ ਨਾ ਬੋਲੋ)-ਗੁਨਾਹ। ਕਮਾਵਦੇ-ਕਰਦੇ ਹਾਂ। ਪਾਰਾਵਾਰੁ-ਪਾਰਲਾ ਤੇ ਉਰਲਾ ਕੰਢਾ (ਹੱਦ ਬੰਨਾ)। ਬਖਸਿ ਲੈਹੁ-ਮਾਫ ਕਰ ਦਿਓ। ਹਉ-ਮੈਂ। ਗੁਨਹਗਾਰੁ-ਪਾਪੀ। ਲੇਖੈ-(ਪਾਪਾਂ ਦੇ) ਹਿਸਾਬ ਦੀ। ਵਾਰ-ਅੰਤ; ਵਾਰੀ। ਤੁਠੈ-ਪ੍ਰਸੰਨ ਹੋਏ। ਕਿਲਵਿਖ-ਪਾਪ। ਤਿਨ-ਉਨ੍ਹਾਂ ਨੂੰ। ਜਨ ਨਾਨਕ-ਦਾਸ ਨਾਨਕ। ਜੈਕਾਰੁ-ਜੈ ਜੈ ਕਾਰ (ਸੋਭਾ); ਨਮਸ਼ਕਾਰ।੨੯।

ਵਿਛੁੜਿ ਵਿਛੁੜਿ ਜੋ ਮਿਲੇ, ਸਤਿਗੁਰ ਕੇ ਭੈ ਭਾਇ ॥ ਜਨਮ ਮਰਣ ਨਿਹਚਲੁ ਭਏ, ਗੁਰਮੁਖਿ ਨਾਮੁ ਧਿਆਇ ॥ ਹੇ ਭਾਈ! ਜਿਹੜੇ (ਮਨੁੱਖ ਅਨੇਕਾਂ ਜਨਮਾਂ ਤੋਂ ਹਰੀ ਨਾਲੋਂ) ਵਾਰ ਵਾਰ ਵਿਛੜ ਕੇ ਹਰੀ ਨਾਲ ਮਿਲੇ ਹਨ, (ਉਹ) ਸੱਤਗੁਰੂ ਦੇ ਭੈ ਅਤੇ ਪ੍ਰੇਮ ਕਰਕੇ (ਹੀ ਮਿਲੇ ਹਨ)। (ਉਹ ਮਨੁੱਖ) ਜਨਮ ਮਰਣ ਤੋਂ ਅਚੱਲ ਹੋ ਗਏ (ਜੰਮਣ ਮਰਨ ਵਿਚ ਨਹੀ ਆਉਂਦੇ), ਜਿਨ੍ਹਾਂ ਨੇ ਗੁਰੂ ਦੁਆਰਾ ਹਰੀ ਦਾ ਨਾਮ ਜਪਿਆ ਹੈ।

ਗੁਰ ਸਾਧੂ ਸੰਗਤਿ ਮਿਲੈ, ਹੀਰੇ ਰਤਨ ਲਭੰਨਿ੍ ॥ ਨਾਨਕ ਲਾਲੁ ਅਮੋਲਕਾ, ਗੁਰਮੁਖਿ ਖੋਜਿ ਲਹੰਨਿ ॥੩੦॥ (ਜਿਨ੍ਹਾਂ ਪੁਰਖਾਂ ਨੂੰ) ਗੁਰੂ ਸਾਧੂ ਦੀ ਸੰਗਤ ਮਿਲ ਜਾਂਦੀ ਹੈ, (ਉਹ ਪੁਰਖ ਸੰਗਤ ਵਿਚੋਂ) ਹੀਰੇ ਅਤੇ ਰਤਨਾਂ ਦੀ ਨਿਆਈਂ ਕੀਮਤੀ ਗੁਣ ਲੱਭ ਲੈਂਦੇ ਹਨ; ਵੈਰਾਗ ਤੇ ਗਿਆਨ ਜਾਂ ਨਾਮ ਤੇ ਗੁਰਬਾਣੀ ਦੀ ਵਿਚਾਰ ਰੂਪ ਹੀਰੇ ਰਤਨ ਪ੍ਰਾਪਤ ਕਰਦੇ ਹਨ। ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਰੂਪ ਅਮੋਲਕ ਲਾਲ ਗੁਰਮੁਖ (ਸੰਗਤ ਵਿਚੋਂ) ਖੋਜ ਕੇ ਪਾ (ਲੱਭ) ਲੈਂਦੇ ਹਨ।੩੦।

ਪਦਾਰਥ = ਵਿਛੜਿ-(ਹਰੀ ਤੋਂ ਕਈ ਜਨਮਾਂ ਦੇ) ਵਿਛੜੇ ਹੋਏ। ਜੋ-ਜਿਹੜੇ। ਭਾਇ-ਪ੍ਰੇਮ ਕਰਕੇ। ਨਿਹਚਲੁ-ਅਚੱਲ। ਗੁਰਮੁਖਿ-ਗੁਰੂ ਦੁਆਰਾ। ਲਭੰਨਿ-ਲੱਭ ਲੈਂਦੇ ਹਨ। ਲਹੰਨਿ-ਲੱਭ ਲੈਂਦੇ ਹਨ।੩੦।

ਮਨਮੁਖਿ ਨਾਮੁ ਨ ਚੇਤਿਓ, ਧਿਗੁ ਜੀਵਣੁ ਧਿਗੁ ਵਾਸੁ ॥ ਜਿਸਦਾ ਦਿਤਾ ਖਾਣਾ ਪੈਨਣਾ, ਸੋ ਮਨਿ ਨ ਵਸਿਓ ਗੁਣਤਾਸੁ ॥ ਹੇ ਭਾਈ! ਜਿਨ੍ਹਾਂ ਮਨਮੁਖਾਂ ਨੇ ਪ੍ਰਮਾਤਮਾ ਦਾ ਨਾਮ ਨਹੀ ਸਿਮਰਿਆ, ਉਨ੍ਹਾਂ ਦਾ ਜੀਵਨ ਵੀ ਧ੍ਰਿਗ ਹੈ ਤੇ (ਜਗਤ ਵਿਚ) ਨਿਵਾਸ ਵੀ ਧ੍ਰਿਗ ਹੈ। ਜਿਸ ਵਾਹਿਗੁਰੂ ਦਾ ਦਿਤਾ ਹੋਇਆ (ਮਨੁੱਖ) ਖਾਣਾ ਖਾਂਦਾ ਹੈ ਅਤੇ (ਵਸਤ੍ਰ) ਪਹਿਨਦਾ ਹੈ, ਉਹ ਗੁਣਾਂ ਦਾ ਖਜਾਨਾ (ਵਾਹਿਗੁਰੂ) ਮਨ ਵਿਚ ਨਹੀ ਵਸਿਆ।

ਇਹੁ ਮਨੁ ਸਬਦਿ ਨ ਭੇਦਿਓ, ਕਿਉ ਹੋਵੈ ਘਰ ਵਾਸੁ ॥ ਮਨਮੁਖੀਆ ਦੋਹਾਗਣੀ, ਆਵਣ ਜਾਣਿ ਮੁਈਆਸੁ ॥ ਉਨ੍ਹਾਂ ਦਾ ਇਹ ਮਨ ਸ਼ਬਦ ਵਿਚ ਨਹੀ ਜੁੜਿਆ, (ਇਸ ਲਈ ਉਨ੍ਹਾਂ ਦਾ) ਅਪਣੇ ਅਸਲੀ ਘਰ (ਹਰੀ ਦੀ ਹਜੂਰੀ) ਵਿਚ ਨਿਵਾਸ ਕਿਵੇਂ ਹੋਵੇ? ਮਨਮੁਖ ਦੁਹਾਗਣਾਂ ਜਨਮ ਮਰਨ ਦੇ ਗੇੜ ਵਿਚ ਮਰਦੀਆਂ ਰਹਿੰਦੀਆਂ ਹਨ; ਮਰੀਆਂ ਹੋਈਆਂ ਰੂਹਾਂ ਹਨ।

ਗੁਰਮੁਖਿ ਨਾਮੁ ਸੁਹਾਗੁ ਹੈ, ਮਸਤਕਿ ਮਣੀ ਲਿਖਿਆਸੁ ॥ ਹਰਿ ਹਰਿ ਨਾਮੁ ਉਰਿ ਧਾਰਿਆ, ਹਰਿ ਹਿਰਦੈ ਕਮਲ ਪ੍ਰਗਾਸੁ ॥ ਗੁਰਮੁਖਾਂ ਨੂੰ ਨਾਮ ਰੂਪ ਸੁਹਾਗ (ਅਨੰਦ) ਮਿਲਿਆ ਹੈ, ਉਨ੍ਹਾਂ ਦੇ ਮੱਥੇ ਉਤੇ ਚੰਗੇ ਭਾਗਾਂ ਦੀ ਮਣੀ ਲਿਖੀ ਹੋਈ ਹੈ (ਮੱਥੇ ਤੇ ਅਤਿਅੰਤ ਚੰਗੇ ਭਾਗ ਲਿਖੇ ਹਨ। ਗੁਰਮੁਖਾਂ ਨੇ) ਹਰੀ ਦਾ ਨਾਮ ਹਿਰਦੇ ਵਿਚ ਵਸਾਇਆ ਹੈ (ਇਸ ਕਰਕੇ ਉਨ੍ਹਾਂ ਦੇ) ਹਿਰਦੇਕਮਲ ਵਿਚ ਹਰੀ ਦਾ ਪ੍ਰਕਾਸ਼ ਹੋਇਆ ਹੈ; ਹਰੀ (ਦਾ ਨਾਮ ਜਪਣ) ਕਰਕੇ ਹਿਰਦਾ ਕਮਲ ਖਿੜ ਗਿਆ ਹੈ।

ਸਤਿਗੁਰੁ ਸੇਵਨਿ ਆਪਣਾ, ਹਉ ਸਦ ਬਲਿਹਾਰੀ ਤਾਸੁ ॥ ਨਾਨਕ ਤਿਨ ਮੁਖ ਉਜਲੇ, ਜਿਨ ਅੰਤਰਿ ਨਾਮੁ ਪ੍ਰਗਾਸੁ ॥੩੧॥ (ਜਿਹੜੇ ਪੁਰਖ) ਅਪਣੇ ਸਤਿਗੁਰੂ ਨੂੰ ਪੂਜਦੇ ਹਨ, ਮੈਂ ਉਨ੍ਹਾਂ ਤੋਂ ਸਦਾ ਹੀ ਕੁਰਬਾਨ ਜਾਂਦਾ ਹਾਂ। ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਗੁਰਮੁਖਾਂ ਦੇ ਹਿਰਦੇ ਅੰਦਰ ਨਾਮ ਪ੍ਰਗਟ ਹੋ ਗਿਆ ਹੈ, ਉਨ੍ਹਾਂ ਗੁਰਮੁਖਾਂ ਦੇ ਮੂੰਹ (ਲੋਕ ਪ੍ਰਲੋਕ ਵਿਚ) ਉਜਲ ਹਨ।੩੧।

ਪਦਾਰਥ = ਮਨਮੁਖ-ਮਨਮੁਖਾਂ ਨੇ। ਨ ਚੇਤਿਓ-ਨਹੀਂ ਸਿਮਰਿਆ। ਧਿਗ-ਧਿਰਕਾਰ। ਸੋ-ਉਹ। ਮਨਿ-ਮਨ ਵਿਚ। ਗੁਣਤਾਸੁ-ਗੁਣਾਂ ਦਾ ਖਜਾਨਾ। ਸਬਦਿ-ਸ਼ਬਦ ਵਿਚ। ਭੇਦਿਓ-ਵਿੰਨ੍ਹਿਆ; ਪ੍ਰੋਇਆ; ਜੁੜਿਆ। ਘਰ ਵਾਸੁ-ਨਿਜ ਘਰ; ਵਾਹਿਗੁਰੂ ਦੀ ਹਜੂਰੀ ਵਿਚ। ਦੋਹਾਗਣੀ-ਪਤੀ ਦੀ ਛੱਡੀ ਹੋਈ; ਖੋਟੇ ਭਾਗਾਂ ਵਾਲੀ। ਆਵਣ ਜਾਣਿ-ਜੰਮਣ ਮਰਨ ਦੇ ਗੇੜ ਵਿਚ। ਮੁਈਆਸੁ-ਮਰਦੀਆਂ ਹਨ; ਦੁਖੀ ਹੁੰਦੀਆਂ ਹਨ। ਸੁਹਾਗੁ-ਇਸਤ੍ਰੀ ਦੇ ਪਤੀਵੰਤ ਹੋਣ ਦੀ ਸੁਖ ਵਾਲੀ ਦਸ਼ਾ। ਮਸਤਕਿ-ਮੱਥੇ ਉਤੇ। ਮਣੀ-ਰਤਨ; ਨਾਮ ਕਰਕੇ ਭਾਗਾਂ ਵਾਲਾ ਹੋਣ ਨੂੰ ਕਿਹਾ ਹੈ (ਪ੍ਰਤਾਪ ਵਾਲੇ ਮਨੁੱਖ ਦੇ ਮੱਥੇ ਤੇ ਮਣੀ ਦਾ ਮੁਹਾਵਰਾ ਪੈ ਗਿਆ ਹੈ ਕਿ ਮਣੀ ਵਾਂਗ ਮੱਥੇ ਤੇ ਚਮਕ ਹੈ)। ਲਿਖਿਆਸੁ-ਲਿਖੀ ਹੋਈ ਹੈ। ਉਰਿ-ਹਿਰਦੇ ਵਿਚ। ਧਾਰਿਆ-ਵਸਾਇਆ; ਟਿਕਾਇਆ। ਪ੍ਰਗਾਸੁ-ਖੇੜਾ। ਸੇਵਨਿ-ਪੂਜਦੇ ਹਨ। ਸਦ-ਸਦਾ; ਸੌ ਵਾਰ। ਤਾਸੁ-ਉਨ੍ਹਾਂ ਤੋਂ। ਤਿਨ-ਉਨ੍ਹਾਂ ਦੇ। ਉਜਲੇ-ਸੋਭਾ ਵਾਲੇ। ਅੰਤਰਿ-ਹਿਰਦੇ ਅੰਦਰ। ਪ੍ਰਗਾਸੁ-ਪ੍ਰਗਟ।੩੧।

ਸਬਦਿ ਮਰੈ ਸੋਈ ਜਨੁ ਸਿਝੈ, ਬਿਨੁ ਸਬਦੈ ਮੁਕਤਿ ਨ ਹੋਈ ॥ ਭੇਖ ਕਰਹਿ ਬਹੁ ਕਰਮ ਵਿਗੁਤੇ, ਭਾਇ ਦੂਜੈ ਪਰਜ ਵਿਗੋਈ ॥ (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰਦਾ ਹੈ, ਉਹ ਸੇਵਕ ਹੀ ਮੁਕਤ ਹੁੰਦਾ ਹੈ ਅਤੇ ਸ਼ਬਦ ਤੋਂ ਬਿਨਾ ਮੁਕਤੀ ਨਹੀਂ ਹੁੰਦੀ।(ਜੋ ਮਨੁੱਖ ਕੇਵਲ ਦਿਖਾਵੇ ਦਾ) ਭੇਖ ਧਾਰਨ ਕਰਦੇ ਹਨ ਤੇ ਦਿਖਾਵੇ ਦੇ ਹੀ ਧਾਰਮਕ ਕਰਮ ਕਰਦੇ ਹਨ, (ਉਹ) ਖੁਆਰ ਹੁੰਦੇ ਹਨ, ਦ੍ਵੈਤ ਭਾਵ ਵਿਚ ਲਗ ਕੇ ਸਾਰੀ ਪਰਜਾ ਹੀ ਖਰਾਬ ਹੋ ਰਹੀ ਹੈ।

ਨਾਨਕ ਬਿਨੁ ਸਤਿਗੁਰ ਨਾਉ ਨ ਪਾਈਐ, ਜੇ ਸਉ ਲੋਚੈ ਕੋਈ ॥੩੨॥ ਗੁਰੂ ਜੀ ਆਖਦੇ ਹਨ ਕਿ ਸੱਤਗੁਰੂ ਤੋਂ ਬਿਨਾ ਨਾਮ (ਸਿਮਰਨ ਦੀ ਦਾਤ) ਪ੍ਰਾਪਤ ਨਹੀਂ ਹੁੰਦੀ, ਭਾਵੇਂ ਕੋਈ (ਮਨੁੱਖ) ਸੌ ਵਾਰੀ (ਨਾਮ ਜਪਣਾ) ਚਾਹੁੰਦਾ ਵੀ ਹੋਵੇ।੩੨।

ਪਦਾਰਥ = ਸਬਦਿ-ਗੁਰੂ ਦੇ ਸ਼ਬਦ ਰਾਹੀਂ।ਮਰੈ-ਜੀਵਤ ਭਾਵ ਤੋਂ ਮਰਦਾ ਹੈ; ਹਉਮੈ ਨੂੰ ਮਾਰਦਾ ਹੈ।ਸੋਈ-ਉਹ ਹੀ।ਜਨੁ-ਸੇਵਕ।ਸਿਝੈ-ਮੁਕਤ ਹੁੰਦਾ ਹੈ।ਬਹੁ ਕਰਮ-ਬਹੁਤੇ ਧਾਰਮਕ ਕਰਮ।ਵਿਗੁਤੇ-ਖਰਾਬ ਹੁੰਦੇ ਹਨ।ਭਾਇ ਦੂਜੈ-ਦ੍ਵੈਤ ਭਾਵ ਵਿਚ।ਪਰਜ-ਪਰਜਾ।ਵਿਗੋਈ-ਖਰਾਬ ਹੁੰਦੀ ਹੈ।ਜੇ-ਜੇ ਕਰ; ਭਾਵੇਂ।ਸਉ-ਸੌ ਵਾਰੀ।ਲੋਚੈ-ਚਾਹੁੰਦਾ ਹੋਵੇ।੩੨।

ਹਰਿ ਕਾ ਨਾਉ ਅਤਿ ਵਡ ਊਚਾ, ਊਚੀ ਹੂ ਊਚਾ ਹੋਈ ॥ ਅਪੜਿ ਕੋਇ ਨ ਸਕਈ, ਜੇ ਸਉ ਲੋਚੈ ਕੋਈ ॥ ਹੇ ਭਾਈ! ਪ੍ਰਮਾਤਮਾ ਦਾ ਨਾਉ ਬਹੁਤ ਵੱਡਾ ਤੇ ਉਚਾ ਹੈ, (ਨਾਮ ਜਪ ਕੇ ਮਨੁੱਖ) ਉਚਿਆਂ (ਦੇਵਤਿਆਂ) ਤੋਂ ਵੀ ਉਚੀ ਪਦਵੀ ਵਾਲਾ ਹੋ ਜਾਂਦਾ ਹੈ।(ਉਸ ਮਹਾਂ ਪੁਰਖ ਦੇ ਤੁੱਲ ਸਾਧਨਾ ਕਰਨ ਵਾਲਾ) ਕੋਈ ਨਹੀ ਪਹੁੰਚ ਸਕਦਾ, ਜੇ ਕੋਈ ਮਨੁੱਖ ਸੌ (ਧਾਰਮਕ ਕਰਮ ਕਰਕੇ ਵੀ ਪਹੁੰਚਣਾ) ਚਾਹੁੰਦਾ ਹੋਵੇ।

ਮੁਖਿ ਸੰਜਮ ਹਛਾ ਨ ਹੋਵਈ, ਕਰਿ ਭੇਖ ਭਵੈ ਸਭ ਕੋਈ ॥ ਗੁਰ ਕੀ ਪਉੜੀ ਜਾਇ ਚੜੈ, ਕਰਮਿ ਪਰਾਪਤਿ ਹੋਈ ॥ ਨਿਰਾ ਮੂੰਹ ਜਬਾਨੀ ਸੰਜਮ ਕਹਿਣ ਨਾਲ (ਕਿ ਮੈਂ ਸੰਜਮ ਕਰਨ ਵਾਲਾ ਹਾਂ) ਕੋਈ ਸ਼ੁੱਧ ਨਹੀ ਹੁੰਦਾ (ਉਪਰੋਂ ਆਖੀ ਜਾਵੇ ਮੈਂ ਪਿਆਜ, ਮਾਸ ਆਦਿ ਦਾ ਪ੍ਰਹੇਜ ਕਰਨ ਵਾਲਾ ਹਾਂ ਪਰ ਖਾਈ ਸਭ ਕੁਛ ਜਾਵੇ), ਸਭ ਕੋਈ ਨਿਰਾ ਦਿਖਾਵੇ ਦਾ ਭੇਖ ਧਾਰ ਕੇ ਫਿਰਦਾ ਰਹਿੰਦਾ ਹੈ (ਜਿੰਨਾ ਚਿਰ ਮਨ ਦੀਆਂ ਵਾਸ਼ਨਾਵਾਂ ਨਹੀਂ ਮਿਟਦੀਆਂ, ਭੇਖ ਧਾਰ ਕੇ ਵੀ ਉਚੇ ਜੀਵਨ ਵਾਲਾ ਨਹੀਂ ਬਣਿਆ ਜਾ ਸਕਦਾ)।ਗੁਰੂ ਦੀ ਸਿਖਿਆ ਰੂਪ ਪੌੜੀ ਰਾਹੀਂ (ਵਾਹਿਗੁਰੂ ਦੇ ਉਚੇ ਮਹਿਲ ਤੇ) ਜਾ ਚੜ੍ਹਦਾ ਹੈ, (ਪਰ ਗੁਰੂ ਦੀ ਸਿਖਿਆ ਰੂਪ ਪੌੜੀ) ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।ਏ ਮਨ ਮੇਰਿਆ ,ਬਿਨੁ ਪਉੜੀਆਂ ਮੰਦਰਿ ਕਿਉ ਚੜੈ ਰਾਮ ॥ (੧੧੧੩)

ਅੰਤਰਿ ਆਇ ਵਸੈ, ਗੁਰ ਸਬਦੁ ਵੀਚਾਰੈ ਕੋਇ ॥ (ਉਸ ਮਨੁੱਖ ਦੇ) ਹਿਰਦੇ ਅੰਦਰ ਵਾਹਿਗੁਰੂ ਆ ਵਸਦਾ ਹੈ (ਜਿਹੜਾ) ਕੋਈ ਗੁਰੂ ਦੇ ਸ਼ਬਦ ਨੂੰ (ਸ਼ਰਧਾ ਨਾਲ) ਵਿਚਾਰਦਾ ਹੈ।

ਨਾਨਕ ਸਬਦਿ ਮਰੈ ਮਨੁ ਮਾਨੀਐ, ਸਾਚੇ ਸਾਚੀ ਸੋਇ ॥੩੩॥ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਜੀਵਤ ਭਾਵ ਤੋਂ ਮਰ ਜਾਂਦਾ ਹੈ, ਉਸਦਾ ਮਨ (ਵਾਹਿਗੁਰੂ ਵਿਚ) ਮੰਨ ਜਾਂਦਾ ਹੈ ਭਾਵ ਵਾਹਿਗੁਰੂ ਵਿਚ ਪੂਰਨ ਵਿਸ਼ਵਾਸ ਬੱਝ ਜਾਂਦਾ ਹੈ, ਸਚੇ ਪੁਰਖ ਦੀ ਸਦਾ ਕਾਇਮ ਰਹਿਣ ਵਾਲੀ ਸੋਭਾ ਹੁੰਦੀ ਹੈ।੩੩।

ਪਦਾਰਥ = ਅਤਿ ਵਡ-ਬਹੁਤ ਵੱਡਾ।ਊਚੀ ਹੂ ਊਚਾ-ਉਚੀ ਤੋਂ ਉਚੀ ਪਦਵੀ ਵਾਲਾ ਹੋ ਜਾਂਦਾ ਹੈ; ਹਰੀ ਉਚੇ ਤੋਂ ਵੀ ਉਚਾ(ਬਹੁਤ ਉਚਾ) ਹੈ।ਅਪੜਿ ਨ ਸਕਈ-ਪਹੁਚ ਨਹੀਂ ਸਕਦਾ।ਸਉ-ਸੌ ਵਾਰੀ।ਲੋਚੈ-ਚਾਹੁੰਦਾ ਹੋਵੇ।ਮੁਖਿ-ਮੂੰਹ ਤੋਂ (ਨਿਰਾ ਗੱਲਾਂ ਨਾਲ)।ਸੰਜਮ-ਪ੍ਰਹੇਜ (ਕਿਸੇ ਚੀਜ ਦਾ ਪ੍ਰਹੇਜ ਕਰਨਾ)।ਹਛਾ-ਸ਼ੁੱਧ; ਪਵਿਤ੍ਰ।ਭਵੈ-ਫਿਰਦਾ ਹੈ।ਪਉੜੀ-(ਉਚੀ ਜਗ੍ਹਾ ਚੜ੍ਹਨ ਲਈ) ਸੀੜ੍ਹੀ।ਕਰਮਿ-ਭਾਗਾਂ ਨਾਲ।ਅੰਤਰਿ-ਹਿਰਦੇ ਅੰਦਰ।ਮਰੈ-ਜੀਵਤ ਭਾਵ ਤੋਂ ਮਰਦਾ ਹੈ; ਮਨ ਦਾ ਬੁਰਾ ਸੁਭਾਵ ਮਾਰਦਾ ਹੈ।ਮਨੁ ਮਾਨੀਐ-ਮਨ ਗਿੱਝ ਗਿਆ; ਵਿਸ਼ਵਾਸ ਬੱਝ ਗਿਆ।ਸਾਚੇ-ਸੱਚੇ ਮਨੁੱਖ ਦੀ।ਸਚੀ ਸੋਇ-ਸਦਾ ਥਿਰ ਰਹਿਣ ਵਾਲੀ ਸੋਭਾ।੩੩।

ਮਾਇਆ ਮੋਹੁ ਦੁਖੁ ਸਾਗਰੁ ਹੈ, ਬਿਖੁ ਦੁਤਰੁ ਤਰਿਆ ਨ ਜਾਇ ॥ ਮੇਰ ਮੇਰਾ ਕਰਦੇ ਪਚਿ ਮੁਏ, ਹਉਮੈ ਕਰਤ ਵਿਹਾਇ ॥ ਹੇ ਭਾਈ! ਮਾਇਆ ਦਾ ਮੋਹ ਦੁਖ (ਦੇਣ ਵਾਲਾ ਹੈ, ਇਹ) ਜਹਿਰ ਭਰਿਆ ਸਾਗਰ ਹੈ, (ਇਸ ਸਮੁੰਦਰ ਨੂੰ ਪਾਰ ਕਰਨਾ) ਕਠਨ ਹੈ, ਤਰਿਆ ਨਹੀ ਜਾ ਸਕਦਾ।ਮੇਰਾ ਧਨ ਮੇਰਾ ਘਰ ਆਦਿ ਕਰਦੇ ਹੋਏ (ਤ੍ਰਿਸ਼ਨਾ ਦੀ ਅੱਗ ਵਿਚ ਮਨੁਖ) ਸੜ ਕੇ ਮਰ ਗਏ ਹਨ, (ਇਸ ਤਰ੍ਹਾਂ ਦਾ) ਹੰਕਾਰ ਕਰਦਿਆਂ (ਮਨੁੱਖ ਦੀ) ਉਮਰ ਬੀਤ ਜਾਂਦੀ ਹੈ (ਹਉਮੈ ਛਡਣੀ ਤਾਂ ਇਕ ਪਾਸੇ ਰਹੀ, ਸੱਗੋਂ ਵਧ ਰਹੀ ਉਮਰ ਨਾਲ ਹਉਮੈ ਵੀ ਵਧਾਈ ਜਾਂਦੇ ਹਨ)।

ਅੰਗ ੧੪੧੭ = ਮਨਮੁਖਾ ਉਰਵਾਰੁ ਨ ਪਾਰੁ ਹੈ, ਅਧ ਵਿਚਿ ਰਹੇ ਲਪਟਾਇ ॥ ਜੋ ਧੁਰਿ ਲਿਖਿਆ ਸੁ ਕਮਾਵਣਾ, ਕਰਣਾ ਕਛੂ ਨ ਜਾਇ ॥ (ਮੋਹ ਮਾਇਆ ਦੇ ਸਾਗਰ ਤੋਂ) ਮਨਮੁਖ ਨਾ ਉਰਲੇ ਪਾਸੇ (ਟਿਕਦੇ ਹਨ) ਨਾ ਪਾਰਲੇ ਪਾਸੇ ਪਾਰ ਹੁੰਦੇ ਹਨ, ਅਧ ਵਿਚਕਾਰ ਹੀ (ਮਾਇਕ ਧੰਧਿਆਂ ਵਿਚ) ਚਿੰਬੜੇ ਰਹਿੰਦੇ ਹਨ (ਅਧ ਵਿਚਾਲੇ ਸੰਸਾਰ ਵਿਚ ਜੰਮਦੇ ਮਰਦੇ ਰਹਿੰਦੇ ਹਨ); ਮਨਮੁਖਾਂ ਨੂੰ ਇਸ ਲੋਕ ਦਾ ਤੇ ਪ੍ਰਲੋਕ ਦਾ ਕੋਈ ਸੁਖ ਨਹੀਂ (ਮਿਲਦਾ), ਅਧ ਵਿਚਾਲੇ ਰਖਣ ਵਾਲੀ ਮਾਯਾ ਵਿਚ ਫਸੇ ਰਹਿੰਦੇ ਹਨ।(ਪਿਛਲੇ ਕੀਤੇ ਕਰਮਾਂ ਅਨੁਸਾਰ ਮਨਮੁਖਾਂ ਦੇ ਮੱਥੇ ਤੇ) ਜੋ ਧੁਰ ਤੋਂ ਲੇਖ ਲਿਖਿਆ ਹੋਇਆ ਹੈ, ਉਹ ਹੀ (ਉਨ੍ਹਾਂ ਨੂੰ) ਕਮਾਉਣਾ ਪੈਂਦਾ ਹੈ, ਅਪਣੇ ਆਪ

ਕੁਛ ਨਹੀਂ ਕੀਤਾ ਜਾ ਸਕਦਾ (ਲਿਖੇ ਲੇਖ ਅਨੁਸਾਰ ਹੀ ਜੀਵ ਕਰਮ ਕਰਦੇ ਹਨ, ਅਪਣੇ ਆਪ ਕੋਈ ਕੁਛ ਨਹੀ ਕਰ ਸਕਦਾ, ਜਿਵੇਂ ਜੇਲ੍ਹ ਵਿਚ ਕੈਦੀ ਆਪਣੇ ਆਪ ਕੁਛ ਨਹੀਂ ਕਰ ਸਕਦੇ, ਜਿਵੇਂ ਜੇਲ੍ਹ ਵਿਚੋਂ ਹੁਕਮ ਮਿਲਦਾ ਹੈ ਉਸ ਅਨੁਸਾਰ ਹੀ ਕੰਮ ਕਰਦੇ ਹਨ)।

ਗੁਰਮਤੀ ਗਿਆਨੁ ਰਤਨੁ ਮਨਿ ਵਸੈ, ਸਭੁ ਦੇਖਿਆ ਬ੍ਰਹਮੁ ਸੁਭਾਇ ॥ ਨਾਨਕ ਸਤਿਗੁਰਿ ਬੋਹਿਥੈ ਵਡਭਾਗੀ ਚੜੈ, ਤੇ ਭਉਜਲਿ ਪਾਰਿ ਲੰਘਾਇ ॥੩੪॥ ਗੁਰੂ ਦੀ ਸਿਖਿਆ ਦੁਆਰਾ (ਜਿਨ੍ਹਾਂ ਦੇ) ਮਨ ਵਿਚ ਗਿਆਨ ਰਤਨ ਵਸ ਜਾਂਦਾ ਹੈ, (ਉਨ੍ਹਾਂ ਨੇ) ਸੁਭਾਵਕ ਹੀ ਬ੍ਰਹਮ ਨੂੰ ਸਭ ਜਗ੍ਹਾ ਦੇਖਿਆ ਹੈ।ਗੁਰੂ ਜੀ ਆਖਦੇ ਹਨ, ਕੋਈ ਵੱਡੇ ਭਾਗਾਂ ਵਾਲਾ ਮਨੁੱਖ ਹੀ ਸੱਤਗੁਰੂ ਵਾਲੇ ਜਹਾਜ ਤੇ ਚੜ੍ਹਦਾ ਹੈ, (ਅਤੇ ਸੱਤਗੁਰੂ ਨੇ) ਉਹ ਸੰਸਾਰ ਸਮੁੰਦਰ ਤੋਂ ਲੰਘਾ ਦਿਤੇ ਹਨ (ਜਨਮ ਮਰਣ ਮਿਟਾ ਦਿਤੇ)।੩੪।

ਪਦਾਰਥ = ਦੁਖੁ ਸਾਗਰੁ–ਦੇਖ ਦੇਣ ਵਾਲਾ ਸਮੁੰਦਰ।ਬਿਖੁ–ਜਹਿਰ ਰੂਪ।ਦੁਤਰੁ–ਔਖਾ ਤਰਿਆ ਜਾਣ ਵਾਲਾ।ਪਚਿ ਮੁਏ–ਸੜ ਕੇ ਮਰ ਗਏ।ਕਰਤ–ਕਰਦਿਆਂ।ਵਿਹਾਇ–ਉਮਰ ਬੀਤ ਜਾਂਦੀ ਹੈ।ਉਰਵਾਰੁ ਨ ਪਾਰੁ–ਨਾ ਉਰਲੇ ਪਾਸੇ ਟਿਕਦੇ ਹਨ ਤੇ ਨਾ ਪਾਰਲੇ ਪਾਸੇ ਪਾਰ ਹੁੰਦੇ ਹਨ; ਨਾ ਇਸ ਲੋਕ ਦਾ ਤੇ ਨਾ ਪਰਲੋਕ ਦਾ ਸੁਖ ਮਿਲਦਾ ਹੈ।ਅਧ ਵਿਚਿ–ਅਧ ਵਿਚਕਾਰ ਹੀ।ਰਹੇ ਲਪਟਾਇ–ਚਿੰਬੜੇ ਰਹਿੰਦੇ ਹਨ।ਧੁਰਿ–ਧੁਰ ਤੋਂ।ਸੁ–ਉਹ।ਗੁਰਮਤੀ–ਗੁਰੂ ਦੀ ਸਿਖਿਆ ਦੁਆਰਾ।ਮਨਿ–ਮਨ ਵਿਚ।ਸੁਭਾਇ–ਸੁਭਾਵਿਕ।ਸਤਿਗੁਰਿ ਬੋਹਿਥੈ–ਸੱਤਗੁਰੂ ਵਾਲੇ ਜਹਾਜ ਵਿਚ।ਤੇ–ਉਨ੍ਹਾਂ ਨੂੰ।ਭਉਜਲਿ–ਸੰਸਾਰ ਸਮੁੰਦਰ ਤੋਂ।੩੪।

ਬਿਨੁ ਸਤਿਗੁਰ ਦਾਤਾ ਕੋ ਨਹੀ, ਜੋ ਹਰਿ ਨਾਮੁ ਦੇਇ ਆਧਾਰੁ ॥ ਗੁਰ ਕਿਰਪਾ ਤੇ ਨਾਉ ਮਨਿ ਵਸੈ, ਸਦਾ ਰਹੈ ਉਰਿ ਧਾਰਿ ॥ ਹੇ ਭਾਈ! ਸੱਤਗੁਰੂ ਤੋਂ ਬਿਨਾ ਕੋਈ ਅਜੇਹਾ ਦਾਤਾ ਨਹੀਂ ਹੈ ਜਿਹੜਾ ਹਰੀ ਦਾ ਨਾਮ (ਮਨੁਖ ਨੂੰ) ਆਸਰੇ ਦੇ ਰੂਪ ਵਿਚ ਦੇਂਦਾ ਹੈ।ਗੁਰੂ ਦੀ ਕਿਰਪਾ ਨਾਲ ਜਦ ਨਾਮ ਮਨ ਵਿਚ ਵਸਦਾ ਹੈ (ਤਾਂ ਮਨੁੱਖ ਨਾਮ ਨੂੰ) ਹਿਰਦੇ ਵਿਚ ਸਦਾ ਟਿਕਾ ਕੇ ਰਖਦਾ ਹੈ।

ਤਿਸਨਾ ਬੁਝੈ ਤਿਪਤਿ ਹੋਇ, ਹਰਿ ਕੈ ਨਾਇ ਪਿਆਰਿ ॥ ਨਾਨਕ ਗੁਰਮੁਖਿ ਪਾਈਐ, ਹਰਿ ਅਪਨੀ ਕਿਰਪਾ ਧਾਰਿ ॥੩੫॥ ਹਰੀ ਦੇ ਨਾਮ ਵਿਚ ਪਿਆਰ ਕਰਨ ਨਾਲ (ਉਨ੍ਹਾਂ ਦੀ) ਤ੍ਰਿਸ਼ਨਾ ਰੂਪ ਅੱਗ ਬੁਝ ਜਾਂਦੀ ਹੈ, (ਮਨ ਪਦਾਰਥਾਂ ਤੋਂ) ਤ੍ਰਿਪਤ ਹੋ ਜਾਂਦਾ ਹੈ।ਗੁਰੂ ਜੀ ਆਖਦੇ ਹਨ, ਜਦ ਹਰੀ ਅਪਣੀ ਕਿਰਪਾ ਕਰਦਾ ਹੈ (ਤਦ ਹੀ) ਗੁਰੂ ਰਾਹੀਂ ਨਾਮ ਪ੍ਰਾਪਤ ਹੁੰਦਾ ਹੈ।੩੫।

ਪਦਾਰਥ = ਦਾਤਾ–ਦਾਤਾਂ ਦੇਣ ਵਾਲਾ।ਕੋ ਨਹੀ–ਕੋਈ ਨਹੀਂ।ਦੇਇ ਆਧਾਰੁ–ਆਸਰਾ ਦੇਂਦਾ ਹੈ।ਤੇ–ਤੋਂ; ਨਾਲ।ਮਨਿ–ਮਨ ਵਿਚ।ਰਹੈ ਉਰਿ ਧਾਰਿ–ਹਿਰਦੇ ਵਿਚ ਵਸਾ ਕੇ ਰਖਦਾ ਹੈ।ਤਿਸਨਾ ਬੁਝੈ–ਤ੍ਰਿਸ਼ਨਾ ਬੁਝ ਜਾਂਦੀ ਹੈ।ਤਿਪਤਿ–ਰੱਜ ਜਾਂਦਾ ਹੈ।ਹਰਿ ਕੈ ਨਾਇ–ਹਰੀ ਦੇ ਨਾਮ ਵਿਚ।ਗੁਰਮੁਖਿ–ਗੁਰੂ ਰਾਹੀਂ।ਕਿਰਪਾ ਧਾਰਿ–ਕਿਰਪਾ ਧਾਰਦਾ (ਕਰਦਾ) ਹੈ।੩੫।

ਬਿਨੁ ਸਬਦੈ ਜਗਤੁ ਬਰਲਿਆ, ਕਹਣਾ ਕਛੂ ਨ ਜਾਇ ॥ ਹਰਿ ਰਖੇ ਸੇ ਉਬਰੇ, ਸਬਦਿ ਰਹੇ ਲਿਵ ਲਾਇ ॥ ਹੇ ਭਾਈ! ਗੁਰੂ ਦੇ ਸ਼ਬਦ ਤੋਂ ਬਿਨਾ ਜਗਤ ਕਮਲਾ ਹੋਇਆ (ਫਿਰਦਾ) ਹੈ, ਕੁਛ ਕਿਹਾ ਨਹੀ ਜਾ ਸਕਦਾ (ਕਮਲਿਆਂ ਨੂੰ ਕਮਲੇ ਵੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਕਹਿਣ ਵਾਲੇ ਨੂੰ ਕਮਲੇ ਕਹਿਣ ਲਗ ਜਾਂਦੇ ਹਨ)।(ਜਿਨ੍ਹਾਂ ਪੁਰਖਾਂ ਦੀ) ਰੱਖਿਆ ਹਰੀ ਨੇ ਕੀਤੀ ਹੈ, ਉਹ (ਕਮਲੇ ਹੋਣ ਤੋਂ) ਬਚ ਗਏ ਹਨ (ਕਿਉਂਕਿ) ਉਹ ਸ਼ਬਦ ਵਿਚ ਸੁਰਤ ਜੋੜੀ ਰਖਦੇ ਹਨ।

ਨਾਨਕ ਕਰਤਾ ਸਭ ਕਿਛੁ ਜਾਣਦਾ, ਜਿਨਿ ਰਖੀ ਬਣਤ ਬਣਾਇ ॥੩੬॥ ਗੁਰੂ ਜੀ ਆਖਦੇ ਹਨ, ਜਿਸ ਕਰਤਾਰ ਨੇ ਸੰਸਾਰ ਦੀ ਰਚਨਾ ਬਣਾ ਰਖੀ ਹੈ, ਉਹ (ਜੀਵਾਂ ਵਾਰੇ) ਸਭ ਕੁਛ ਜਾਣਦਾ ਹੈ।੩੬।

ਪਦਾਰਥ = ਬਰਲਿਆ–ਕਮਲਾ ਹੋਇਆ।ਰਖੇ–ਰਖਿਆ ਕੀਤੀ।ਸੇ–ਉਹ (ਬਹੁ ਵਚਨ)।ਉਬਰੇ–ਬਚ ਗਏ।ਸਬਦਿ–ਗੁਰੂ ਦੇ ਸ਼ਬਦ ਵਿਚ।ਰਹੇ ਲਿਵ ਲਾਇ–ਸੁਰਤ ਜੋੜੀ ਰਖਦੇ ਹਨ।ਕਰਤਾ–ਕਰਤਾਰ।ਜਿਨਿ–ਜਿਸ ਨੇ।ਬਣਤ–ਬਨਾਵਟ; ਰਚਨਾ।੩੬।

ਹੋਮ ਜਗ ਸਭਿ ਤੀਰਥਾ, ਪੜ੍ਹਿ ਪੰਡਿਤ ਥਕੇ ਪੁਰਾਣ ॥ ਬਿਖੁ ਮਾਇਆ ਮੋਹੁ ਨ ਮਿਟਈ, ਵਿਚਿ ਹਉਮੈ ਆਵਣੁ ਜਾਣੁ ॥ ਪੰਡਤ (ਲੋਕ) ਹਵਨ ਕਰਕੇ, ਯੱਗ ਕਰਕੇ, ਸਾਰੇ ਤੀਰਥਾਂ ਤੇ ਸ਼ਨਾਨ ਕਰਕੇ ਅਤੇ ਪੁਰਾਣ ਪੜ੍ਹ ਕੇ ਥੱਕ ਗਏ ਹਨ।(ਇਹ ਸਾਰੇ ਦਸੇ ਕਰਮ ਕਰਨ ਨਾਲ) ਵਿਹੁ ਰੂਪ ਮਾਇਆ ਦਾ ਮੋਹ ਨਹੀਂ ਮਿਟਦਾ, (ਇਨ੍ਹਾਂ ਕਰਮਾਂ ਦੀ) ਹਉਮੈ ਵਿਚ ਆਉਣਾ ਜਾਣਾ (ਜੰਮਣਾ ਮਰਨਾ ਬਣਿਆ) ਰਹਿੰਦਾ ਹੈ।

ਸਤਿਗੁਰ ਮਿਲਿਐ ਮਲੁ ਉਤਰੀ, ਹਰਿ ਜਪਿਆ ਪੁਰਖੁ ਸੁਜਾਣੁ ॥ ਜਿਨਾ ਹਰਿ ਹਰਿ ਪ੍ਰਭੁ ਸੇਵਿਆ, ਜਨ ਨਾਨਕੁ ਸਦ ਕੁਰਬਾਣੁ ॥੩੭॥ ਸੱਤਗੁਰੂ ਦੇ ਮਿਲਣ ਨਾਲ (ਜਿਸ ਮਨੁੱਖ ਨੇ) ਅੰਤਰਜਾਮੀ ਕਰਤਾ ਪੁਰਖ ਦਾ ਨਾਮ ਜਪਿਆ ਹੈ (ਉਸਦੇ ਅੰਦਰੋਂ) ਹਉਮੈ ਦੀ ਮੈਲ ਉਤਰ ਜਾਂਦੀ ਹੈ।ਜਿਨ੍ਹਾਂ ਨੇ ਵਾਰ ਵਾਰ ਹਰੀ ਪ੍ਰਭੂ ਨੂੰ ਸਿਮਰਿਆ ਹੈ, ਦਾਸ ਨਾਨਕ ਉਨ੍ਹਾਂ ਤੋਂ ਸਦਾ ਕੁਰਬਾਨ ਜਾਂਦਾ ਹੈ।੩੭।

ਪਦਾਰਥ = ਹੋਮ–ਹਵਨ।ਜਗ–ਯਗ।ਤੀਰਥਾ–ਤੀਰਥਾਂ ਤੇ ਸ਼ਨਾਨ।ਪੜ੍ਹਿ–ਪੜ੍ਹ ਕੇ।ਥਕੇ–ਥੱਕ ਗਏ।ਬਿਖੁ–ਜਹਿਰ।ਨ ਮਿਟਈ–ਨਹੀਂ ਮਿਟਦਾ।ਆਵਣੁ ਜਾਣਾ–ਆਉਣਾ ਜਾਣਾ (ਜਨਮ ਮਰਨ ਦਾ ਗੇੜ)।ਮਲੁ–ਮੈਲ।ਉਤਰੀ–ਲਹਿ ਜਾਂਦੀ ਹੈ।ਪੁਰਖੁ–ਕਰਤਾ ਪੁਰਖ।ਸੁਜਾਣੁ–ਅੰਤਰਜਾਮੀ; ਸਿਆਣਾ।ਜਿਨਾ–ਜਿਨ੍ਹਾਂ ਨੇ।ਸੇਵਿਆ–ਸਿਮਰਿਆ ਹੈ।ਸਦ–ਸਦਾ।੩੭।

ਵਿਆਖਿਆ = ਮਾਯਾ ਕੱਠੀ ਕਰਨ ਲਈ ਪੰਡਤ ਕਰਮ ਕਾਂਡ ਕਰਦਾ ਹੈ, ਕਰਮ ਕਾਂਡਾਂ ਨਾਲ ਮਾਯਾ ਦਾ ਮੋਹ ਤੇ ਹਉਮੈ ਦੀ ਮੈਲ

ਨਹੀ ਮਿਟਦੀ, ਉਹ ਮਿਟਦੀ ਹੈ ਗੁਰੂ ਨੂੰ ਮਿਲ ਕੇ ਨਾਮ ਜਪਣ ਨਾਲ।{ਲਖ ਜਪ ਤਪ ਲਖ ਸੰਜਮਾ, ਹੋਮ ਜਗ ਲਖ ਵਰਤ ਕਰੰਦੇ...।ਅਗਨੀ ਅੰਗ ਜਲਾਇਦੇ, ਲਖ ਹਿਮੰਚਲ ਜਾਇ ਗਲੰਦੇ।ਗੁਰ ਸਿਖੀ ਸੁਖ ਤਿਲੁ ਨ ਲਹੰਦੇ (ਭਾ. ਗੁ. ੨੮-੧੮)}।

ਮਾਇਆ ਮੋਹੁ ਬਹੁ ਚਿਤਵਦੇ, ਬਹੁ ਆਸਾ ਲੋਭੁ ਵਿਕਾਰ ॥ ਮਨਮੁਖਿ ਅਸਥਿਰੁ ਨਾ ਥੀਐ, ਮਰਿ ਬਿਨਸਿ ਜਾਇ ਖਿਨ ਵਾਰ ॥ (ਲੋਕਾਂ ਨੂੰ) ਮਾਇਆ ਦਾ ਮੋਹ ਬਹੁਤ ਹੈ (ਸਦਾ ਮਾਇਆ ਨੂੰ ਹੀ) ਚੇਤੇ ਕਰਦੇ ਹਨ, (ਉਨ੍ਹਾਂ ਦੇ ਅੰਦਰ ਮਾਯਾ ਦਾ) ਲੋਭ ਹੋਣ ਕਰਕੇ (ਮਾਯਾ ਦੀ ਹੀ) ਆਸਾ ਲੱਗੀ ਰਹਿੰਦੀ ਹੈ, (ਐਸੇ ਲੋਕਾਂ ਵਿਚ) ਵਿਕਾਰ ਵੀ ਬਹੁਤ ਹੁੰਦੇ ਹਨ।(ਇਸੇ ਕਰਕੇ) ਮਨਮੁਖ ਦਾ ਚਿਤ ਸਥਿਰ (ਟਿਕਾਉ ਵਿਚ) ਨਹੀਂ ਹੁੰਦਾ, ਉਹ ਖਿਨ ਵਿਚ ਮਰ ਕੇ ਨਾਸ਼ ਹੋ ਜਾਂਦੇ ਹਨ (ਭਾਵ ਜਮੀਰ ਮਰ ਕੇ ਨਾਸ਼ ਹੋ ਜਾਂਦੀ ਹੈ, ਜਮੀਰ ਰਹਿੰਦੀ ਹੀ ਨਹੀ)।

ਵਡਭਾਗੁ ਹੋਵੈ ਸਤਿਗੁਰੁ ਮਿਲੈ, ਹਉਮੈ ਤਜੈ ਵਿਕਾਰ ॥ ਹਰਿ ਨਾਮਾ ਜਪਿ ਸੁਖੁ ਪਾਇਆ, ਜਨ ਨਾਨਕ ਸਬਦੁ ਵੀਚਾਰ ॥੩੮॥ (ਜੇ ਮਨੁੱਖ ਦੇ) ਭਾਗ ਵੱਡਾ ਹੋਵੇ ਤਾਂ ਸੱਤਗੁਰੂ ਮਿਲ ਜਾਂਦਾ ਹੈ, (ਫਿਰ ਉਹ ਮਨੁੱਖ) ਹਉਮੈ ਆਦਿਕ ਵਿਕਾਰ ਛਡ ਦੇਂਦਾ ਹੈ।ਦਾਸ ਨਾਨਕ ਆਖਦਾ ਹੈ, ਜਿਹੜਾ ਪੁਰਖ (ਗੁਰੂ ਦੇ) ਸ਼ਬਦ ਨੂੰ ਵਿਚਾਰਦਾ ਹੈ, ਉਸ ਨੇ ਹਰੀ ਦਾ ਨਾਮ ਜਪ ਕੇ ਆਤਮਕ ਸੁਖ ਪਾਇਆ ਹੈ।੩੮।

ਪਦਾਰਥ = ਬਹੁ-ਬਹੁਤ।ਚਿਤਵਦੇ-ਚੇਤੇ ਕਰਦੇ ਹਨ।ਅਸਥਿਰੁ-ਸਥਿਰ; ਟਿਕਾਉ ਵਿਚ।ਨ ਥੀਐ-ਨਹੀਂ ਹੁੰਦਾ।ਮਰਿ ਬਿਨਸ ਜਾਇ -ਮਰ ਕੇ ਨਾਸ਼ ਹੋ ਜਾਂਦੇ ਹਨ।ਖਿਨ ਵਾਰ-ਖਿਨ ਵਿਚ ਹੀ।ਵਡਭਾਗੁ-ਵਡਾ ਭਾਗ (ਚੰਗੀ ਕਿਸਮਤ)।ਤਜੈ-ਛਡ ਦੇਂਦਾ ਹੈ।ਜਪਿ-ਜਪ ਕੇ।ਸੁਖੁ-ਆਤਮਕ ਅਨੰਦ।ਵੀਚਾਰ-ਵਿਚਾਰਦਾ ਹੈ।੩੮।

ਬਿਨੁ ਸਤਿਗੁਰ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ ॥ ਜਨ ਨਾਨਕ ਨਾਮੁ ਅਰਾਧਿਆ, ਗੁਰ ਕੈ ਹੇਤਿ ਪਿਆਰਿ ॥੩੯॥ ਹੇ ਭਾਈ! (ਭਗਤੀ ਬਹੁਤ ਲੋਕ ਕਰਦੇ ਹਨ, ਪਰ ਵਾਹਿਗੁਰੂ ਦੀ) ਭਗਤੀ ਸੱਚੇ ਗੁਰੂ ਤੋਂ ਬਿਨਾ ਨਹੀਂ ਹੋ ਸਕਦੀ ਅਤੇ ਨਾ ਹੀ (ਪ੍ਰਭੂ ਦੇ) ਨਾਮ ਵਿਚ ਪਿਆਰ ਲਗ ਸਕਦਾ ਹੈ।ਦਾਸ ਨਾਨਕ ਨੇ ਗੁਰੂ ਦੇ ਪਿਆਰ ਵਿਚ ਰਹਿ ਕੇ ਪਿਆਰ ਨਾਲ ਨਾਮ ਅਰਾਧਿਆ ਹੈ।੩੯।

ਪਦਾਰਥ = ਭਗਤਿ-ਭਗਤੀ।ਨ ਹੋਵਈ-ਨਹੀਂ ਹੋ ਸਕਦੀ।ਨਾਮਿ-ਨਾਮ ਵਿਚ।ਜਨ ਨਾਨਕ-ਦਾਸ ਨਾਨਕ ਨੇ।ਗੁਰ ਕੈ-ਗੁਰੂ ਦੇ।ਹੇਤਿ ਪਿਆਰਿ-ਪਿਆਰ ਵਿਚ ਰਹਿ ਕੇ ਪਿਆਰ ਨਾਲ।੩੯।

ਲੋਭੀ ਕਾ ਵੇਸਾਹੁ ਨ ਕੀਜੈ, ਜੇ ਕਾ ਪਾਰਿ ਵਸਾਇ ॥ ਅੰਤਿ ਕਾਲਿ ਤਿਥੈ ਧੁਹੈ, ਜਿਥੈ ਹਥੁ ਨ ਪਾਇ ॥ ਹੇ ਭਾਈ! ਜਿਥੋਂ ਤਕ ਵਸ ਚਲੇ, ਲੋਭੀ ਮਨੁੱਖ ਦਾ (ਕਦੇ) ਭਰੋਸਾ ਨਹੀ ਕਰਨਾ ਚਾਹੀਦਾ।(ਕਿਉਂਕਿ ਲੋਭੀ ਬੰਦਾ) ਅੰਤ ਸਮੇਂ ਉਥੇ ਧੋਖਾ ਦੇਂਦਾ ਹੈ ਜਿਥੇ ਕਿਸੇ ਦਾ ਹੱਥ ਵੀ ਨਹੀ ਪੈ ਸਕਦਾ (ਜਿਥੇ ਕੋਈ ਬਚਾਓ ਨਹੀ ਹੋ ਸਕਦਾ ਜਾਂ ਕੋਈ ਮੱਦਤ ਨਹੀ ਕਰ ਸਕਦਾ)।

ਮਨਮੁਖ ਸੇਤੀ ਸੰਗੁ ਕਰੇ, ਮੁਹਿ ਕਾਲਖ ਦਾਗੁ ਲਗਾਇ ॥ ਮੁਹ ਕਾਲੇ ਤਿਨ੍ ਲੋਭੀਆਂ, ਜਾਸਨਿ ਜਨਮੁ ਗਵਾਇ ॥ (ਜਿਹੜਾ ਮਨੁੱਖ ਅਜੇਹੇ) ਮਨਮੁਖ ਨਾਲ ਸੰਗਤ ਕਰਦਾ ਹੈ, ਉਹ ਵੀ (ਹਿਰਦੇ ਰੂਪ) ਮੂੰਹ ਤੇ ਪਾਪਾਂ ਦੀ ਕਾਲਖ ਦਾ ਦਾਗ ਲਗਾ ਲਏਗਾ ਭਾਵ ਮਨਮੁਖ ਦਾ ਸਾਥ ਕਰਨ ਤੇ ਬੰਦਾ ਬਦਨਾਮੀ ਹੀ ਖਟਦਾ ਹੈ।ਉਨ੍ਹਾਂ ਲੋਭੀਆਂ ਦੇ ਮੂੰਹ (ਬਦਨਾਮੀ ਦੀ ਕਾਲਖ ਨਾਲ) ਕਾਲੇ ਹੋਏ ਰਹਿੰਦੇ ਹਨ; ਪ੍ਰਲੋਕ ਵਿਚ ਮੂੰਹ ਕਾਲੇ ਹੁੰਦੇ ਹਨ (ਸੰ.ਸ.; ਫ.ਸ.) ਅਤੇ ਸੰਸਾਰ ਵਿਚੋਂ ਮਨੁੱਖਾ ਜਨਮ ਵਿਅਰਥ ਗੁਆ ਕੇ ਜਾਂਦੇ ਹਨ।

ਸਤਸੰਗਤਿ ਹਰਿ ਮੇਲਿ ਪ੍ਰਭ, ਹਰਿ ਨਾਮੁ ਵਸੈ ਮਨਿ ਆਇ ॥ ਜਨਮ ਮਰਨ ਕੀ ਮਲੁ ਉਤਰੈ, ਜਨ ਨਾਨਕ ਹਰਿ ਗੁਨ ਗਾਇ ॥੪੦॥ (ਅਰਦਾਸ) ਹੇ ਹਰੀ ਪ੍ਰਭੂ! ਸਾਨੂੰ ਸੱਤ ਸੰਗਤ ਵਿਚ ਮਿਲਾ ਲਓ (ਤਾਂ ਕਿ ਗੁਰਮੁਖਾਂ ਦੀ ਸੰਗਤ ਵਿਚੋਂ) ਹਰੀ ਦਾ ਨਾਮ ਮਨ ਵਿਚ ਆ ਕੇ ਵਸ ਜਾਵੇ।ਦਾਸ ਨਾਨਕ ਆਖਦਾ ਹੈ ਕਿ ਹਰੀ ਦੇ ਗੁਣ ਗਾ ਕੇ ਜਨਮ ਮਰਨ (ਦੇ ਪਾਪਾਂ) ਦੀ ਮੈਲ ਲਹਿ ਜਾਂਦੀ ਹੈ।੪੦।

ਪਦਾਰਥ = ਲੋਭੀ ਕਾ-ਲਾਲਚੀ ਮਨੁੱਖ ਦਾ।ਵੇਸਾਹੁ-ਭਰੋਸਾ।ਜੇ ਕਾ ਪਾਰਿਵਸਾਇ-ਜਿਥੋਂ ਤਕਵਸ (ਵਾਹ) ਚੱਲੇ।ਅੰਤਿ ਕਾਲਿ-ਅੰਤ ਸਮੇਂ।ਤਿਥੈ-ਉਥੇ।ਧੁਹੈ-ਧੋਖਾ ਦੇਂਦਾ ਹੈ।ਹਥੁ ਨ ਪਾਇ-ਜਿਥੇ ਹੱਥ ਨਹੀ ਪੈ ਸਕਦਾ (ਜਿਥੋਂ ਬਚ ਵੀ ਨਹੀ ਸਕਦਾ)।ਸੇਤੀ-ਨਾਲ।ਸੰਗੁ-ਸੰਗਤ (ਮੇਲ ਜੋਲ)।ਮੁਹਿ-ਮੂੰਹ ਉਤੇ।ਕਾਲਖ-ਕਾਲਖ ਦਾ।ਤਿਨ੍-ਉਨ੍ਹਾਂ।ਜਾਸਨਿ-ਜਾਂਦੇ ਹਨ।ਗਵਾਇ-ਗੁਆ ਕੇ।ਮਨਿ -ਮਨ ਵਿਚ।ਮਲੁ-ਵਿਕਾਰਾਂ ਦੀ ਮੈਲ।ਉਤਰੈ-ਲਹਿ ਜਾਂਦੀ ਹੈ।ਜਨ ਨਾਨਕ-ਦਾਸ ਨਾਨਕ।੪੦।

ਧੁਰਿ ਹਰਿ ਪ੍ਰਭਿ ਕਰਤੈ ਲਿਖਿਆ, ਸੁ ਮੇਟਣਾ ਨ ਜਾਇ ॥ ਜੀਉ ਪਿੰਡੁ ਸਭੁ ਤਿਸ ਦਾ, ਪ੍ਰਤਿਪਾਲ ਕਰੇ ਹਰਿ ਰਾਇ ॥ ਹੇ ਭਾਈ! (ਜੀਵਾਂ ਦੇ ਮੱਥੇ ਤੇ ਜੋ ਲੇਖ) ਹਰੀ ਪ੍ਰਭੂ ਕਰਤਾਰ ਨੇ ਧੁਰ ਤੋਂ ਲਿਖਿਆ ਹੈ, ਉਹ (ਲੇਖ ਭੋਗੇ ਤੋਂ ਬਿਨਾ) ਮੇਟਿਆ ਨਹੀਂ ਜਾ ਸਕਦਾ।ਜਿੰਦ ਤੇ ਸਰੀਰ ਸਭ ਉਸ (ਕਰਤਾਰ) ਦਾ ਦਿਤਾ ਹੋਇਆ ਹੈ, (ਅਤੇ ਉਹ) ਹਰੀ ਰਾਜਾ ਸਭ ਦੀ ਪਾਲਣਾ ਕਰਦਾ ਹੈ।

ਚੁਗਲ ਨਿੰਦਕ ਭੁਖੇ ਰੁਲਿ ਮੁਏ,ਏਨਾ ਹਥੁ ਨ ਕਿਥਾਊ ਪਾਇ ॥ ਬਾਹਰਿ ਪਾਖੰਡ ਸਭ ਕਰਮ ਕਰਹਿ, ਮਨਿ ਹਿਰਦੈ ਕਪਟੁ ਕਮਾਇ ॥ ਚੁਗਲ ਪੁਰਖ ਤੇ ਨਿੰਦਕ ਪੁਰਖ (ਮਾਯਾ ਦੀ ਤ੍ਰਿਸ਼ਨਾ ਵਿਚ ਹੀ) ਭੁੱਖੇ ਰੁਲ ਕੇ ਮਰ ਜਾਂਦੇ ਹਨ, ਇਨ੍ਹਾਂ ਦਾ ਕਿਧਰੇ ਵੀ ਹੱਥ ਨਹੀ ਪੈਂਦਾ ਭਾਵ ਕੋਈ ਆਸਰਾ ਨਹੀਂ ਲਭਦਾ।(ਕਿਉਂਕਿ ਉਹ) ਬਾਹਰੋਂ ਦਿਖਾਵੇ ਲਈ ਪਖੰਡ ਦੇ ਸਾਰੇ ਕਰਮ ਕਰਦੇ ਹਨ, ਅਜੇਹੇ ਲੋਕ) ਮਨ ਤੇ ਹਿਰਦੇ ਵਿਚ ਕਪਟ ਕਮਾਉਂਦੇ ਹਨ।

ਖੇਤਿ ਸਰੀਰ ਜੋ ਬੀਜੀਐ, ਸੋ ਅੰਤਿ ਖਲੋਆ ਆਇ ॥ ਨਾਨਕ ਕੀ ਪ੍ਰਭ ਬੇਨਤੀ, ਹਰਿ ਭਾਵੈ ਬਖਸਿ ਮਿਲਾਇ ॥੪੧॥ ਸਰੀਰ ਰੂਪ ਖੇਤ ਵਿਚ ਜੋ ਵੀ ਕੋਈ (ਚੰਗਾ ਮੰਦਾ ਕਰਮ ਰੂਪ ਬੀਜ) ਬੀਜਿਆ ਜਾਂਦਾ ਹੈ, ਅੰਤ ਨੂੰ ਉਹ ਫਲ ਸਾਹਮਣੇ ਆ ਖੜ੍ਹਦਾ ਹੈ ਭਾਵ ਪ੍ਰਗਟ ਹੋ ਜਾਂਦਾ ਹੈ। ਹੇ ਪ੍ਰਭੂ! ਨਾਨਕ ਦੀ ਬੇਨਤੀ ਹੈ ਕਿ ਹੇ ਹਰੀ! ਜਿਵੇਂ ਤੈਨੂੰ ਚੰਗਾ ਲਗੇ (ਜੀਵਾਂ ਦੇ ਔਗੁਣ) ਬਖਸ਼ ਕੇ (ਅਪਣੇ ਚਰਨਾਂ ਵਿਚ) ਮਿਲਾ ਲਵੋ।੪੧।

ਪਦਾਰਥ = ਧੁਰਿ–ਧੁਰ ਦਰਗਾਹ ਤੋਂ।ਕਰਤੈ–ਕਰਤਾਰ ਨੇ।ਸੁ–ਉਹ।ਜੀਉ–ਜਿੰਦ (ਸੂਖਮ ਸਰੀਰ)।ਪਿੰਡੁ–ਸਰੀਰ।ਹਰਿ ਰਾਇ–ਹਰੀ ਰਾਜਾ।ਰੁਲਿ–ਰੁਲ ਕੇ।ਏਨਾ–ਇਨ੍ਹਾਂ ਦਾ।ਨ ਕਿਥਾਊ ਪਾਇ–ਕਿਤੇ ਨਹੀ ਪੈਂਦਾ।ਕਰਹਿ–ਕਰਦੇ ਹਨ।ਮਨਿ ਹਿਰਦੈ–ਮਨ ਤੇ ਹਿਰਦੇ ਵਿਚ।ਖੇਤਿ ਸਰੀਰਿ–ਖੇਤ ਰੂਪ ਸਰੀਰ ਵਿਚ।ਬੀਜੀਐ–ਚੰਗੇ ਮਾੜੇ ਕਰਮਾਂ ਦਾ ਬੀਜ ਬੀਜਿਆ ਜਾਂਦਾ ਹੈ।ਸੋ–ਉਹ।ਅੰਤਿ–ਅੰਤ ਨੂੰ।ਖਲੋਆ ਆਇ–ਆ ਖੜ੍ਹਦਾ ਹੈ (ਪ੍ਰਗਟ ਹੁੰਦਾ ਹੈ)।ਭਾਵੈ–ਜਿਵੇਂ ਤੈਨੂੰ ਚੰਗਾ ਲੱਗੇ।ਬਖਸਿ–ਔਗੁਣ ਬਖਸ਼ ਕੇ।੪੧।

ਮਨ ਆਵਣ ਜਾਣੁ ਨ ਸੁਝਈ, ਨਾ ਸੁਝੈ ਦਰਬਾਰੁ ॥ ਮਾਇਆ ਮੋਹਿ ਪਲੇਟਿਆ, ਅੰਤਰਿ ਅਗਿਆਨੁ ਗੁਬਾਰੁ ॥ ਹੇ ਮਨ ! (ਤੈਨੂੰ) ਆਉਣਾ ਜਾਣਾ (ਜੰਮਣ ਮਰਨਾ) ਸੁਝਦਾ ਨਹੀਂ (ਪਤਾ ਨਹੀਂ ਕਿ ਜਨਮ ਮਰਨ ਵਿਚ ਪੈਣਾ ਪਵੇਗਾ) ਤੇ ਨਾ ਹੀ (ਹਰੀ ਦਾ) ਦਰਬਾਰ ਸੁਝਦਾ (ਦਿਸਦਾ) ਹੈ।(ਕਿਉਂਕਿ ਮਨ) ਮਾਇਆ ਦੇ ਮੋਹ ਵਿਚ ਫਸਿਆ (ਲਿਪਟਿਆ) ਹੋਇਆ ਹੈ ਅਤੇ ਹਿਰਦੇ ਅੰਦਰ ਅਗਿਆਨ ਰੂਪ ਘੁੱਪ ਹਨ੍ਹੇਰਾ ਹੈ।

ਤਬ ਨਰੁ ਸੁਤਾ ਜਾਗਿਆ, ਸਿਰਿ ਡੰਡੁ ਲਗਾ ਬਹੁ ਭਾਰੁ ॥ (ਮਾਇਆ ਦੀ ਗੂੜ੍ਹੀ ਨੀਂਦ ਵਿਚ) ਸੁੱਤਾ ਹੋਇਆ ਮਨੁੱਖ ਉਦੋਂ ਜਾਗਦਾ ਹੈ ਜਦੋਂ ਸਿਰ ਤੇ ਜਮਾਂ ਦਾ ਬਹੁਤ ਭਾਰਾ ਡੰਡਾ ਲਗਦਾ (ਵਜਦਾ) ਹੈ ਭਾਵ ਜਦ ਮੌਤ ਆਉਂਦੀ ਹੈ, ਉਦੋਂ ਮਨੁੱਖ ਨੂੰ ਹੋਸ਼ ਆਉਦੀ ਹੈ।

ਅੰਗ ੧੪੧੮ = ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ, ਸੇ ਪਾਇਨਿ ਮੋਖ ਦੁਆਰੁ ॥ ਗੁਰਮੁਖਾਂ ਨੇ ਹੱਥਾਂ ਉਪਰ (ਉਂਗਲੀਆਂ ਉਤੇ ਮਾਲਾ ਵਾਂਗ) ਵਾਹਿਗੁਰੂ ਨੂੰ ਸਿਮਰਿਆ ਹੈ (ਨਿਰਣੈ; ਦਰਪਣ); ਗੁਰਮੁਖਾਂ ਦੀ ਹੱਥਾਂ ਉਪਰ ਵੀ ਜਦ ਜਾਨ ਆਉਂਦੀ ਹੈ, ਉਦੋਂ ਵੀ ਹਰੀ ਨੂੰ ਜਪਿਆ ਹੈ; (ਮਾਂ ਦੇ ਗਰਭ ਵਿਚ ਕੀਤੇ) ਕੌਲ ਕਰਾਰਾਂ ਅਨੁਸਾਰ ਗੁਰਮੁਖਾਂ ਨੇ ਹਰੀ ਨੂੰ ਜਪਿਆ ਹੈ; ਗੁਰਮੁਖਾਂ ਨੇ ਹੱਥਾਂ ਆਦਿਕ ਇੰਦ੍ਰੀਆਂ ਦੇ ਵਿਸ਼ਿਆਂ ਤੋਂ ਉਪਰ (ਉਪਰਾਮ) ਹੋ ਕੇ ਹਰੀ ਨੂੰ ਜਪਿਆ ਹੈ; ਗੁਰਮੁਖਾਂ ਨੇ ਹਰੀ ਨੂੰ ਜਪਿਆ ਹੈ, ਇਸ ਕਰਕੇ (ਜਮ ਦੇ) ਕਰਾਂ (ਟੈਕਸਾਂ) ਤੋਂ ਉਪਰ (ਰਹਿਤ) ਹੋ ਗਏ (ਸਾਰੇ ਅਰਥ ਸੰ.ਸ.; ਫ.ਸ.; ਟਕਸਾਲ ਤੇ ਭਾ.ਵੀਰ ਸਿੰਘ ਦੇ ਹਨ), ਅਤੇ ਉਹ (ਗੁਰਮੁਖ) ਮੁਕਤੀ ਦਾ ਦਰਵਾਜਾ (ਰਸਤਾ) ਪਾਉਂਦੇ ਹਨ।

ਨਾਨਕ ਆਪਿ ਓਹਿ ਉਧਰੇ, ਸਭ ਕੁਟੰਬ ਤਰੇ ਪਰਵਾਰ ॥੪੨॥ ਗੁਰੂ ਜੀ ਆਖਦੇ ਹਨ ਕਿ ਉਹ (ਗੁਰਮੁਖ) ਆਪ ਵੀ (ਸੰਸਾਰ ਸਮੁੰਦਰ ਤੋਂ) ਤਰ ਜਾਂਦੇ ਹਨ ਅਤੇ (ਉਨ੍ਹਾਂ ਦੇ) ਪਰਵਾਰ (ਮਾਂ ਬਾਪ ਭੈਣ ਭਰਾ ਆਦਿ ਤੇ) ਕੁਟੰਬ (ਪਤਨੀ ਤੋਂ ਪੈਦਾ ਹੋਏ ਬੱਚੇ ਆਦਿ) ਸਭ ਤਰ ਜਾਂਦੇ ਹਨ।੪੨।

ਪਦਾਰਥ = ਮਨ–ਹੇ ਮਨ!।ਆਵਣ ਜਾਣੁ–ਆਉਣ ਜਾਣ (ਜਨਮ ਮਰਨ) ਦਾ ਗੇੜ।ਨ ਸੁਝਈ–ਸੁਝਦਾ ਨਹੀ; ਪਤਾ ਨਹੀ; ਦਿਸਦਾ ਨਹੀ।ਮੋਹਿ–ਮੋਹ ਵਿਚ।ਪਲੇਟਿਆ–ਲਿਪਟਿਆ (ਫਸਿਆ) ਹੋਇਆ।ਅੰਤਰਿ–ਹਿਰਦੇ ਅੰਦਰ।ਗੁਬਾਰੁ–ਘੁੱਪ ਹਨ੍ਹੇਰਾ।ਤਬ–ਤਦੋਂ; ਉਦੋਂ।ਨਰੁ–ਮਨੁੱਖ।ਸਿਰਿ–ਸਿਰ ਉਤੇ।ਡੰਡੁ–ਸੋਟਾ।ਬਹੁ ਭਾਰੁ–ਬਹੁਤਾ ਭਾਰਾ; ਬਹੁਤ ਤਕੜਾ {ਜਮ ਕੋ ਡੰਡੁ ਪਰਿਓ ਸਿਰ ਊਪਰਿ, ਤਬ ਸੋਵਤ ਤੈ ਜਾਗਿਓ ੧੦੦੮}।ਗੁਰਮੁਖਾਂ–ਗੁਰਮੁਖਾਂ ਨੇ।ਕਰਾਂ ਉਪਰਿ–ਕੌਲ ਕਰਾਰ ਉਪਰ; ਟੈਕਸਾਂ ਤੋਂ ਰਹਿਤ; ਹੱਥਾਂ ਦੀਆਂ ਉਂਗਲਾਂ ਉਤੇ।ਚੇਤਿਆ–ਜਪਿਆ।ਸੇ–ਉਹ (ਗੁਰਮੁਖ)।ਪਾਇਨਿ–ਪਾਉਂਦੇ ਹਨ।ਮੋਖ ਦੁਆਰੁ–ਮੁਕਤੀ ਦਾ ਦਰਵਾਜਾ (ਰਸਤਾ)।ਉਧਰੇ–ਪਾਰ ਹੋ (ਤਰ) ਗਏ।ਕੁਟੰਬ–ਟੱਬਰ।੪੨।

ਸਬਦਿ ਮਰੈ ਸੁ ਮੁਆ ਜਾਪੈ ॥ ਗੁਰ ਪਰਸਾਦੀ ਹਰਿ ਰਸਿ ਧ੍ਰਾਪੈ ॥ (ਜਿਹੜਾ ਮਨੁੱਖ ਗੁਰੂ ਦੇ) ਸ਼ਬਦ ਦੁਆਰਾ ਜੀਵਤ ਭਾਵ ਤੋਂ (ਜਾਂ ਜਿਸਦਾ ਮੰਦਾ ਸੁਭਾਓ) ਮਰਦਾ ਹੈ, ਉਹ (ਮਨੁੱਖ ਹੀ ਜੀਵਤ ਭਾਵ ਤੋਂ) ਮਰਿਆ ਜਾਣਿਆ ਜਾਂਦਾ ਹੈ।ਗੁਰੂ ਦੀ ਕਿਰਪਾ ਨਾਲ (ਉਹ ਮਨੁੱਖ) ਹਰੀ ਦੇ ਨਾਮ ਰਸ ਦੁਆਰਾ ਰੱਜ ਜਾਂਦਾ ਹੈ (ਭੁੱਖਾਂ ਸਾਰੀਆਂ ਮਿਟ ਜਾਂਦੀਆਂ ਹਨ)।

ਹਰਿ ਦਰਗਹਿ ਗੁਰ ਸਬਦਿ ਸਿਞਾਪੈ ॥ ਬਿਨੁ ਸਬਦੈ ਮੁਆ ਹੈ ਸਭੁ ਕੋਇ ॥ ਮਨਮੁਖੁ ਮੁਆ ਅਪਨਾ ਜਨਮੁ ਖੋਇ ॥ (ਉਹ ਮਨੁੱਖ) ਹਰੀ ਦੀ ਦਰਗਾਹ ਵਿਚ ਗੁਰੂ ਦੇ ਸ਼ਬਦ ਕਰਕੇ ਹੀ ਪਛਾਣਿਆ ਜਾਂਦਾ ਹੈ।ਗੁਰੂ ਦੇ ਸ਼ਬਦ ਤੋਂ ਬਿਨਾ ਸਭ ਕੋਈ (ਆਤਮਾ ਵੱਲੋਂ) ਮਰਿਆ ਹੋਇਆ ਹੈ (ਸ਼ਬਦ ਤੋਂ ਬਿਨਾ ਜੀਵਨ ਮਰੇ ਹੋਏ ਦੇ ਬਰਾਬਰ ਹੈ)।ਮਨਮੁਖ ਅਪਣਾ (ਕੀਮਤੀ) ਜਨਮ ਵਿਸ਼ਿਆਂ ਵਿਚ ਖੋ (ਗੁਆ) ਕੇ ਮਰ ਗਿਆ ਹੈ।

ਹਰਿ ਨਾਮੁ ਨ ਚੇਤਹਿ, ਅੰਤਿ ਦੁਖੁ ਰੋਇ ॥ ਨਾਨਕ ਕਰਤਾ ਕਰੇ ਸੁ ਹੋਇ ॥੪੩॥ (ਜਿਹੜੇ ਮਨੁੱਖ) ਹਰੀ ਦਾ ਨਾਮ ਨਹੀਂ ਜਪਦੇ, ਉਹ ਅੰਤ ਸਮੇਂ ਦੁਖ ਪਾ ਕੇ ਰੋਂਦੇ ਹਨ।ਗੁਰੂ ਜੀ ਆਖਦੇ ਹਨ (ਜੀਵਾਂ ਦੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਜੋ ਕੁਛ) ਕਰਤਾਰ ਕਰਦਾ ਹੈ, ਉਹ ਹੀ ਹੁੰਦਾ ਹੈ; (ਜਦ ਜਨਮ ਐਵੇਂ ਨਿਸਫਲ ਗੁਆ ਲਿਆ ਤਾਂ ਕੁਛ ਨਹੀਂ ਬਣਦਾ, ਫਿਰ ਮਨੁੱਖ ਕਹਿੰਦਾ ਹੈ ਕਿ ਜੋ

ਰੱਬ ਕਰਦਾ ਹੈ ਓਹੀ ਹੁੰਦਾ ਹੈ) ਮਨੁੱਖ ਕਰਤਾ ਬਣ ਕੇ ਜੋ ਕਰਮ ਕਰਦਾ ਹੈ,ਓਹੀ ਫਲ ਪ੍ਰਾਪਤ ਹੋਣਾ ਹੈ (ਟਕਸਾਲ ਦੀ ਟੇਪ)।੪੩।

ਪਦਾਰਥ = ਸਬਦਿ-ਸ਼ਬਦ ਦੁਆਰਾ।ਮਰੈ-ਜੀਵਤ ਭਾਵ ਤੋਂ ਮਰਦਾ ਹੈ।ਸੁ-ਉਹ।ਜਾਪੈ-ਜਾਣਿਆ ਜਾਂਦਾ; ਪ੍ਰਤੀਤ ਹੁੰਦਾ ਹੈ।ਗੁਰ ਪਰਦਸਾਦੀ-ਗੁਰੂ ਦੀ ਕਿਰਪਾ ਨਾਲ।ਰਸਿ-(ਨਾਮ ਦੇ) ਰਸ ਦੁਆਰਾ।ਧ੍ਰਾਪੈ-ਰੱਜ ਜਾਂਦਾ ਹੈ।ਸਿਞਾਪੈ-ਪਛਾਣਿਆ ਜਾਂਦਾ ਹੈ।ਮੁਆ-ਜੀਵਨ ਮਰੇ ਦੇ ਬਰਾਬਰ ਹੈ।ਖੋਇ-ਖੋ ਕੇ; ਗੁਆ ਕੇ।ਰੋਇ-ਰੋਂਦਾ ਹੈ।ਨ ਚੇਤਹਿ-ਨਹੀ ਸਿਮਰਦੇ।ਅੰਤਿ-ਅੰਤ ਸਮੇਂ।ਰੋਇ-ਰੋਂਦੇ ਹਨ।ਕਰਤਾ-ਕਰਤਾਰ।ਸੁ ਹੋਇ-ਉਹ ਕੁਛ ਹੁੰਦਾ ਹੈ।੪੩।

ਗੁਰਮੁਖਿ ਬੁਢੇ ਕਦੇ ਨਾਹੀ, ਜਿਨ੍ਾ ਅੰਤਰਿ ਸੁਰਤਿ ਗਿਆਨੁ ॥ ਗੁਰਮੁਖ ਜਨ ਕਦੇ ਬੁੱਢੇ (ਹੰਕਾਰੀ) ਨਹੀਂ ਹੁੰਦੇ, ਜਿਨ੍ਹਾਂ ਦੇ ਹਿਰਦੇ ਅੰਦਰ (ਨਾਮ ਜਪਣ ਦੀ) ਸੋਝੀ ਹੈ ਅਤੇ ਆਤਮਕ ਗਿਆਨ ਹੈ (ਮਨ ਬਲਵਾਨ ਹੋਣ ਕਰਕੇ ਬੁਢੇਪਾ ਅਸਰ ਨਹੀਂ ਪਾਉਂਦਾ, ਕਮਜੋਰ ਨਹੀਂ ਹੁੰਦੇ); ਜਿਨ੍ਹਾਂ ਦੇ ਅੰਦਰ ਹਰੀ ਦੀ ਸ੍ਰੇਸਟ ਪ੍ਰੀਤੀ ਅਤੇ ਗਿਆਨ ਹੈ (ਫ.ਸ.; ਸ਼.ਸ.); ਜਿਨ੍ਹਾਂ ਦੀ ਸੁਰਤ ਦੇ ਅੰਦਰ ਹਰੀ ਦਾ ਗਿਆਨ ਹੈ।

ਸਦਾ ਸਦਾ ਹਰਿ ਗੁਣ ਰਵਹਿ, ਅੰਤਰਿ ਸਹਜ ਧਿਆਨੁ ॥ ਉਹ ਸਦਾ ਹੀ ਮਨ ਬਾਣੀ ਕਰਕੇ ਹਰੀ ਦੇ ਗੁਣ ਉਚਾਰਦੇ ਹਨ, ਅਤੇ ਹਿਰਦੇ ਅੰਦਰ ਸਹਿਜ ਅਵਸਥਾ ਦਾ ਧਿਆਨ ਲਗਾ ਰਹਿੰਦਾ ਹੈ; ਸਹਿਜ ਅਵਸਥਾ ਅੰਦਰ ਧਿਆਨ ਲਗਾਉਂਦੇ ਹਨ; ਹਿਰਦੇ ਅੰਦਰ ਕੁਦਰਤੀ (ਸੁਭਾਵਿਕ ਹੀ) ਧਿਆਨ ਜੁੜ ਜਾਂਦਾ ਹੈ (ਮੇਰਾ ਖਿਆਲ)।

ਓਇ ਸਦਾ ਅਨੰਦਿ ਬਿਬੇਕ ਰਹਹਿ, ਦੁਖਿ ਸੁਖਿ ਏਕ ਸਮਾਨਿ ॥ ਤਿਨਾ ਨਦਰੀ ਇਕੋ ਆਇਆ, ਸਭੁ ਆਤਮ ਰਾਮੁ ਪਛਾਨੁ ॥੪੪॥ ਵਿਚਾਰ ਵਾਲੇ (ਅਜੇਹੇ ਗੁਰਮੁਖ ਜਨ) ਸਦਾ ਹੀ ਅਨੰਦ ਵਿਚ ਰਹਿੰਦੇ ਹਨ ਅਤੇ ਦੁਖ ਵਿਚ ਸੁਖ ਵਿਚ ਇਕੋ ਜਿਹੇ ਰਹਿੰਦੇ ਹਨ।ਉਨ੍ਹਾਂ ਨੂੰ ਸਭ ਥਾਂਵਾਂ ਤੇ ਇਕੋ ਸਰਬ ਵਿਆਪਕ ਵਾਹਿਗੁਰੂ ਪਛਾਣੂ ਨਜਰ ਆਇਆ ਹੈ।੪੪।

ਪਦਾਰਥ = ਬੁਢੇ-ਵੱਡੀ ਉਮਰ ਵਾਲਾ; ਨਿਰਬਲ; ਹੰਕਾਰੀ।ਜਿਨ੍ ਅੰਤਰਿ-ਜਿਨ੍ਹਾਂ ਦੇ ਹਿਰਦੇ ਅੰਦਰ।ਸੁਰਤਿ-ਸੋਝੀ; ਸ੍ਰੇਸਟ ਪ੍ਰੀਤੀ।ਰਵਹਿ-ਉਚਾਰਦੇ ਹਨ।ਸਹਜ ਧਿਆਨੁ-ਸਹਿਜ ਅਵਸਥਾ ਦਾ ਧਿਆਨ; ਸੁਤੇ ਹੀ (ਕੁਦਰਤੀ) ਧਿਆਨ; ਅਡੋਲ ਅਵਸਥਾ (ਮਨ ਦੇ ਟਿਕਾਓ) ਵਾਲਾ ਧਿਆਨ।ਓਇ-ਉਹ।ਬਿਬੇਕ-ਵਿਚਾਰ ਵਾਲਾ।ਰਹਹਿ-ਰਹਿੰਦੇ ਹਨ।ਏਕ ਸਮਾਨਿ-ਇਕੋ ਜਿਹੇ।ਤਿਨਾ-ਉਨ੍ਹਾਂ ਨੂੰ।ਆਤਮ ਰਾਮੁ-ਵਿਆਪਕ ਵਾਹਿਗੁਰੂ।ਪਛਾਨੁ-ਪਛਾਣੂ (ਪਹਿਚਾਨਣ ਵਾਲਾ; ਦੇਖਣ ਵਾਲਾ)।੪੪।

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ, ਜਿਨ੍ਾ ਅੰਤਰਿ ਹਰਿ ਸੁਰਤਿ ਨਾਹੀ ॥ ਜਿਨ੍ਹਾਂ ਦੇ ਹਿਰਦੇ ਅੰਦਰ ਹਰੀ ਦੀ ਸੋਝੀ ਨਹੀਂ (ਉਨ੍ਹਾਂ ਵਾਂਗ ਹੀ), ਮਨਮੁਖ ਬਾਲਕ (ਰਿਸ਼ਟ ਪੁਸ਼ਟ ਹੁੰਦਾ ਹੋਇਆ) ਵੀ ਬੁੱਢੇ ਵਾਂਗ ਬਲਹੀਣ ਹੈ; ਮਨਮੁਖ (ਚੰਚਲ) ਬੱਚੇ ਵਾਂਗ ਅਗਿਆਤ (ਸੋਝੀ ਤੋਂ ਰਹਿਤ) ਅਤੇ ਬੁੱਢੇ ਮਨੁੱਖ ਵਾਂਗ ਕਮਜੋਰ ਹੈ (ਸ਼.ਸ.; ਫ.ਸ.)।

ਵਿਚਿ ਹਉਮੈ ਕਰਮ ਕਮਾਵਦੇ, ਸਭ ਧਰਮ ਰਾਇ ਕੈ ਜਾਂਹੀ ॥ (ਜਿਨ੍ਹਾਂ ਦੇ ਅੰਦਰ ਹਰੀ ਦੀ ਸੁਰਤ ਨਹੀਂ, ਉਹ) ਹਉਮੈ ਵਿਚ ਲਗ ਕੇ (ਪੁੰਨ ਦਾਨ ਜਪ ਤਪ ਆਦਿ ਧਾਰਮਿਕ) ਕਰਮ ਕਮਾਉਂਦੇ ਹਨ, (ਇਸ ਲਈ ਉਹ ਸਾਰੇ ਅਪਣੇ ਕੀਤੇ ਕਰਮਾਂ ਦਾ ਹਿਸਾਬ ਦੇਣ ਵਾਸਤੇ) ਧਰਮਰਾਜ ਦੇ ਕੋਲ ਜਾਂਦੇ ਹਨ ਭਾਵ ਜਮਰਾਜ ਦੇ ਵਸ ਪੈਂਦੇ ਹਨ।

ਗੁਰਮੁਖਿ ਹਛੇ ਨਿਰਮਲੇ, ਗੁਰ ਕੈ ਸਬਦਿ ਸੁਭਾਇ ॥ ਓਨਾ ਮੈਲੁ ਪਤੰਗੁ ਨ ਲਗਈ, ਜਿ ਚਲਨਿ ਸਤਿਗੁਰ ਭਾਇ ॥ ਗੁਰਮੁਖ ਗੁਰੂ ਦੇ ਉਪਦੇਸ਼ ਰਾਹੀ (ਹਰੀ ਦੇ) ਉਤਮ ਪਿਆਰ ਵਿਚ ਰਹਿ ਕੇ ਸ਼ੁੱਧ ਨਿਰਮਲ (ਜੀਵਨ ਵਾਲੇ ਹੋ ਜਾਂਦੇ) ਹਨ।ਜਿਹੜੇ (ਮਨੁੱਖ) ਸੱਤਗੁਰੂ ਦੇ ਭਾਣੇ ਵਿਚ ਚਲਦੇ ਹਨ ,ਉਨ੍ਹਾਂ ਨੂੰ ਰੰਚਕ ਮਾਤਰ ਵੀ (ਵਿਕਾਰਾਂ ਦੀ) ਮੈਲ ਨਹੀ ਲਗਦੀ।

ਮਨਮੁਖ ਜੂਠਿ ਨ ਉਤਰੈ, ਜੇ ਸਉ ਧੋਵਣ ਪਾਇ ॥ ਨਾਨਕ ਗੁਰਮੁਖਿ ਮੇਲਿਅਨੁ, ਗੁਰ ਕੈ ਅੰਕਿ ਸਮਾਇ ॥੪੫॥ ਮਨਮੁਖਾਂ ਦੀ ਜੂਠ (ਅਪਵਿਤ੍ਰਤਾ) ਕਦੇ ਉਤਰਦੀ ਨਹੀ, ਭਾਵੇਂ ਉਹ (ਅਪਣੇ ਸਰੀਰ ਨੂੰ) ਸੌ ਵਾਰੀ ਧੋਣਾ ਪਾਉਣ (ਸੌ ਵਾਰੀ ਤੀਰਥਾਂ ਉਤੇ ਇਸ਼ਨਾਨ ਕਰਦੇ ਰਹਿਣ)।ਗੁਰੂ ਜੀ ਆਖਦੇ ਹਨ, ਜਿਹੜੇ ਗੁਰਮੁਖ ਗੁਰੂ ਦੀ ਗੋਦ (ਸਰੂਪ) ਵਿਚ ਲੀਨ ਹੋਏ ਹਨ, ਉਹ ਹਰੀ ਨੇ ਅਪਣੇ ਨਾਲ ਮੇਲ ਲਏ ਹਨ।੪੫।

ਪਦਾਰਥ = ਬਿਰਧਿ ਸਮਾਨਿ-ਬੁੱਢੇ ਵਾਂਗ।ਜਿਨ੍ ਅੰਤਰਿ-ਜਿਨ੍ਹਾਂ ਦੇ ਹਿਰਦੇ ਅੰਦਰ।ਸੁਰਤਿ-ਸੋਝੀ।ਧਰਮਰਾਇ ਕੈ-ਧਰਮ ਰਾਜ ਦੇ ਕੋਲ।ਜਾਂਹੀ-ਜਾਂਦੇ ਹਨ।ਹਛੇ ਨਿਰਮਲੇ-ਮਨ ਤਨ ਕਰਕੇ ਪਵਿਤ੍ਰ; ਉਜਲ।ਸੁਭਾਇ-ਸ੍ਰੇਸਟ ਪ੍ਰੇਮ ਵਿਚ।ਓਨਾ-ਉਨ੍ਹਾਂ ਨੂੰ।ਮੈਲੁ ਪਤੰਗੁ-ਰੱਤੀ ਭਰ (ਵਿਕਾਰਾਂ ਦੀ) ਮੈਲ।ਜਿ-ਜਿਹੜੇ।ਚਲਨਿ-ਚਲਦੇ ਹਨ।ਭਾਇ-ਭਾਣੇ (ਹੁਕਮ) ਵਿਚ।ਜੂਠ-ਅਪਵਿਤ੍ਰਤਾ (ਮਨਮੁਖ ਹੋਣ ਦੀ ਜੂਠ)।ਨ ਉਤਰੈ-ਨਹੀਂ ਉਤਰਦੀ (ਲਹਿੰਦੀ)।ਜੇ-ਜੇਕਰ; ਭਾਵੇਂ।ਸਉ-ਸੌ ਵਾਰੀ।ਮੇਲਿਆਨੁ-ਮੇਲ ਲਏ ਹਨ।ਅੰਕਿ-ਸਰੂਪ; ਗੋਦ ਵਿਚ।ਸਮਾਇ-ਲੀਨ ਹੋ ਗਏ ਹਨ।੪੫।

ਵਿਆਖਿਆ = ਜਿਹੜਾ ਮਨੁੱਖ ਗੁਰੂ ਦਾ ਉਪਦੇਸ਼ ਛੱਡ ਕੇ ਹੋਰ ਪੁੰਨ ਦਾਨ ਜਪ ਤਪ ਆਦਿ ਕਰਮ ਕਰਦਾ ਹੈ, ਉਹ ਮਨਮੁਖ ਧਰਮ ਰਾਜ ਦੇ ਵਸ ਪੈਂਦਾ ਹੈ।ਕਿਉਂਕਿ ਕਰਮ ਕਾਂਡ ਨਾਲ ਹਉਮੈ ਪੈਦਾ ਹੁੰਦੀ ਹੈ ਤੇ ਨਾ ਹੀ ਧਰਮ ਰਾਜ ਕੋਲ ਕਰਮ ਕਾਂਡ ਦੀ ਕੋਈ ਕੀਮਤ

ਪੈਂਦੀ ਹੈ।ਗੁਰਮੁਖ ਉਹ ਹੀ ਹੈ ਜੋ ਗੁਰੂ ਦੇ ਉਪਦੇਸ਼ ਅਨੁਸਾਰ ਜੀਵਨ ਜਿਉਂਦਾ ਹੈ, ਐਸੇ ਗੁਰਮੁਖਾਂ ਨੂੰ ਵਿਕਾਰਾਂ ਦੀ ਮੈਲ ਨਹੀਂ ਲਗਦੀ।ਮਨਮੁਖ ਭਾਵੇਂ ਬਾਲਕ ਹੋਵੇ ਭਾਵੇਂ ਬਿਰਧ ਹੋਵੇ, ਇਕ ਬਰਾਬਰ ਹਨ ਕਿਉਂਕਿ ਮਨਮੁਖ ਨਾ ਤਾਂ ਬੱਚੇ ਵਾਂਗ ਆਗਿਆਕਾਰ ਨਿਸ਼ ਕਪਟ, ਉਦਮੀ ਤੇ ਸਭ ਨੂੰ ਪਿਆਰ ਕਰਨ ਵਾਲਾ ਹੁੰਦਾ ਹੈ ਤੇ ਨਾ ਹੀ ਬਜ਼ੁਰਗ ਬੰਦੇ ਵਾਂਗ ਸਿਆਣਾ ਤੇ ਧੀਰਜਵਾਨ ਹੁੰਦਾ ਹੈ।

ਬੁਰਾ ਕਰੇ ਸੁ ਕੇਹਾ ਸਿਝੈ ॥ ਆਪਣੈ ਰੋਹਿ ਆਪੇ ਹੀ ਦਝੈ ॥ (ਜਿਹੜਾ ਮਨੁੱਖ ਕਿਸੇ ਦਾ) ਬੁਰਾ ਕਰਦਾ ਹੈ, ਉਹ ਕਿਵੇਂ ਮੁਕਤ ਹੋ ਸਕਦਾ ਹੈ? (ਮਨੁੱਖਾ ਜੀਵਨ ਵਿਚ ਵੀ ਸਫਲ ਨਹੀ ਹੋ ਸਕਦਾ)।ਉਹ ਅਪਣੇ ਗੁੱਸੇ ਵਿਚ ਆਪ ਹੀ ਸੜਦਾ (ਰਹਿੰਦਾ) ਹੈ।

ਮਨਮੁਖਿ ਕਮਲਾ ਰਗੜੈ ਲੁਝੈ ॥ ਗੁਰਮੁਖਿ ਹੋਇ ਤਿਸੁ ਸਭ ਕਿਛੁ ਸੁਝੈ ॥ ਨਾਨਕ ਗੁਰਮੁਖਿ ਮਨ ਸਿਉ ਲੁਝੈ ॥੪੬॥ ਮਨਮੁਖ (ਪ੍ਰਮਾਰਥ ਵਲੋਂ) ਕਮਲਾ ਹੈ, (ਹਰੇਕ ਨਾਲ ਵਿਅਰਥ ਈਰਖਾ ਦੀਆਂ ਤਰਕਾਂ ਮਾਰਕੇ) ਲੜਦਾ ਝਗੜਦਾ ਰਹਿੰਦਾ ਹੈ।ਜਿਹੜਾ ਗੁਰਮੁਖ ਹੁੰਦਾ ਹੈ, ਉਹ ਸਭ ਕੁਛ ਸਮਝਦਾ (ਪਤਾ ਹੁੰਦਾ ਹੈ ਕਿ ਬੁਰਿਆਈ ਦਾ ਨਤੀਜਾ ਬੁਰਾ) ਹੈ।ਗੁਰੂ ਜੀ ਕਹਿੰਦੇ ਹਨ ਕਿ ਗੁਰੂ ਅਨੁਸਾਰੀ ਮਨੁੱਖ (ਲੋਕਾਂ ਨਾਲ ਲੜਨ ਦੀ ਬਜਾਏ ਅਪਣੇ) ਮਨ ਨਾਲ ਝਗੜਦਾ ਹੈ (ਮਨ ਨੂੰ ਬੁਰੇ ਪਾਸੇ ਜਾਣ ਤੋਂ ਰੋਕਦਾ ਹੈ)।੪੬।

ਪਦਾਰਥ = ਸੁ-ਉਹ।ਕੇਹਾ-ਕਿਵੇਂ (ਕਿਸ ਤਰ੍ਹਾਂ)।ਸਿਝੈ-ਮੁਕਤ ਹੁੰਦਾ ਹੈ; ਕਾਮਯਾਬ ਹੁੰਦਾ ਹੈ।ਰੋਹਿ-ਗੁੱਸਾ; ਕ੍ਰੋਧ।ਦਝੈ-ਸੜਦਾ ਹੈ।ਕਮਲਾ-ਝੱਲਾ।ਰਗੜੈ-(ਕਿਸੇ ਨੂੰ) ਤਰਕਾਂ ਮਾਰਨੀਆਂ; ਮੇਹਣੇ ਮਾਰਨੇ; ਲੜਨਾ।ਸਿਉ-ਨਾਲ।ਲੁਝੈ-ਝਗੜਦਾ ਹੈ।੪੬।

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ, ਸਬਦਿ ਨ ਕੀਤੋ ਵੀਚਾਰੁ ॥ ਓਇ ਮਾਣਸ ਜੂਨਿ ਨ ਆਖੀਅਨਿ, ਪਸੂ ਢੋਰ ਗਾਵਾਰ ॥ ਹੇ ਭਾਈ! ਜਿਨ੍ਹਾਂ (ਮਨੁੱਖਾਂ) ਨੇ ਸੱਤਗੁਰੂ ਪੁਰਖ ਨੂੰ ਨਹੀ ਸੇਵਿਆ ਤੇ ਨਾ ਹੀ ਗੁਰੂ ਦੇ ਸ਼ਬਦ ਦੁਆਰਾ (ਆਤਮਕ) ਵੀਚਾਰ ਕੀਤੀ ਹੈ।ਉਹ (ਪੁਰਖ) ਮਨੁੱਖਾ ਜੂਨ ਵਿਚ (ਆਏ) ਨਹੀ ਆਖੇ ਜਾ ਸਕਦੇ, (ਉਹ ਤਾਂ) ਮੂਰਖ ਮਰੇ ਹੋਏ ਪਸ਼ੂਆਂ (ਵਾਂਗ) ਹਨ; ਉਹ ਮੂਰਖ ਹਨ, ਪਸ਼ੂ ਤੇ ਡੰਗਰ ਹਨ; ਮਰੇ ਹੋਏ ਪਸ਼ੂਆਂ ਨੂੰ ਢੋਣ ਵਾਲੇ ਮੂਰਖ ਚੰਡਾਲ ਹਨ {ਆਵਨ ਆਏ ਸ੍ਰਿਸਟਿ ਮਹਿ, ਬਿਨੁ ਬੂਝੇ ਪਸੁ ਢੋਰ ੨੫੧; ਮੂਲੁ ਨ ਬੁਝਹਿ ਆਪਣਾ, ਸੇ ਪਸੂਆ ਸੇ ਢੋਰ ਜੀਉ ੭੫੧}।

ਓਨਾ ਅੰਤਰਿ ਗਿਆਨੁ ਨ ਧਿਆਨੁ ਹੈ, ਹਰਿ ਸਉ ਪ੍ਰੀਤਿ ਨ ਪਿਆਰੁ ॥ ਮਨਮੁਖ ਮੁਏ ਵਿਕਾਰ ਮਹਿ, ਮਰਿ ਜੰਮਹਿ ਵਾਰੋ ਵਾਰ ॥ (ਕਿਉਂਕਿ) ਉਨ੍ਹਾਂ ਪੁਰਖਾਂ ਦੇ ਹਿਰਦੇ ਅੰਦਰ ਨਾ (ਹਰੀ ਦਾ) ਗਿਆਨ ਹੈ ਤੇ ਨਾ ਹੀ (ਹਰੀ ਦਾ) ਧਿਆਨ ਹੈ ਤੇ ਨਾ ਹੀ ਹਰੀ ਨਾਲ ਪ੍ਰੀਤ ਹੈ, ਨਾ (ਬਾਣੀ ਨਾਲ) ਪਿਆਰ ਹੈ।(ਅਜੇਹੇ) ਮਨਮੁਖ ਵਿਕਾਰਾਂ ਵਿਚ ਹੀ ਮਰ ਗਏ ਹਨ ਅਤੇ ਮਰਕੇ ਬਾਰ ਬਾਰ ਜੰਮਦੇ ਹਨ (ਚੁਰਾਸੀ ਦੇ ਗੇੜ ਵਿਚ ਪਏ ਰਹਿੰਦੇ ਹਨ)।

ਜੀਵਦਿਆ ਨੋ ਮਿਲੈ ਸੁ ਜੀਵਦੇ, ਹਰਿ ਜਗਜੀਵਨ ਉਰ ਧਾਰਿ ॥ ਨਾਨਕ ਗੁਰਮੁਖਿ ਸੋਹਣੇ, ਤਿਤੁ ਸਚੈ ਦਰਬਾਰਿ ॥੪੭॥ (ਜਿਹੜੇ ਮਨੁੱਖ) ਆਤਮਕ ਜੀਵਨ ਜਿਉਣ ਵਾਲਿਆਂ ਨੂੰ ਮਿਲਦੇ ਹਨ, ਉਹ (ਮਨੁੱਖ) ਜਗਤ ਨੂੰ ਜੀਵਨ ਦੇਣ ਵਾਲੇ ਵਾਹਿਗੁਰੂ ਨੂੰ ਦਿਲ ਵਿਚ ਵਸਾ ਕੇ (ਸਦਾ ਵਾਸਤੇ) ਜਿਉਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਵਾਹਿਗੁਰੂ ਦੇ ਉਸ ਸੱਚੇ ਦਰਬਾਰ ਵਿਚ ਸੋਹਣੇ ਲਗਦੇ (ਸੋਭਾ ਪਾਉਂਦੇ) ਹਨ।੪੭।

ਪਦਾਰਥ = ਨ ਸੇਵਿਓ-ਨਹੀ ਪੂਜਿਆ; ਭਗਤੀ ਨਹੀ ਕੀਤੀ।ਸਬਦਿ-ਸ਼ਬਦ ਦੁਆਰਾ।ਓਇ-ਉਹ।ਮਾਣਸ ਜੂਨਿ-ਮਨੁੱਖਾ ਜੋਨ ਵਿਚ।ਪਸੂ ਢੋਰ-ਚਾਰ ਪੈਰਾਂ ਵਾਲੇ ਪਸ਼ੂ; ਮਰੇ ਹੋਏ ਡੰਗਰ ਢੋਣ ਵਾਲੇ।ਗਾਵਾਰ-ਮਹਾਂ ਮੂਰਖ।ਓਨਾ ਅੰਤਰਿ-ਉਨ੍ਹਾਂ ਦੇ ਹਿਰਦੇ ਅੰਦਰ।ਸਉ-ਨਾਲ।ਮੁਏ-(ਆਤਮਕ ਜੀਵਨ ਵਲੋਂ) ਮਰ ਗਏ।ਵਿਕਾਰ ਮਹਿ-ਵਿਕਾਰਾਂ ਵਿਚ।ਵਾਰੋ ਵਾਰ-ਬਾਰ ਬਾਰ; ਮੁੜ ਮੁੜ।ਜੀਵਦਿਆ ਨੋ-ਆਤਮਕ ਜੀਵਨ ਜਿਉਣ ਵਾਲਿਆਂ ਨੂੰ।ਜਗ ਜੀਵਨ-ਜਗਤ ਨੂੰ ਜੀਵਨ ਦੇਣ ਵਾਲਾ ਹਰੀ।ਤਿਤੁ-ਉਸ।ਸਚੈ ਦਰਬਾਰਿ-ਸਦਾ ਥਿਰ ਰਹਿਣ ਵਾਲੇ ਵਾਹਿਗੁਰੂ ਦੇ ਦਰਬਾਰ ਵਿਚ।੪੭।

ਹਰਿ ਮੰਦਰੁ ਹਰਿ ਸਾਜਿਆ, ਹਰਿ ਵਸੈ ਜਿਸੁ ਨਾਲਿ ॥ ਗੁਰਮਤੀ ਹਰਿ ਪਾਇਆ, ਮਾਇਆ ਮੋਹ ਪਰਜਾਲਿ ॥ ਹੇ ਭਾਈ! (ਮਨੁੱਖਾ ਸਰੀਰ ਰੂਪ) ਹਰਮੰਦਰ ਹਰੀ ਨੇ ਆਪ ਹੀ ਬਣਾਇਆ ਹੈ, ਜਿਸ (ਸਰੀਰ) ਨਾਲ ਹਰੀ ਆਪ ਵਸਦਾ ਹੈ।(ਪਰ ਇਸ ਸਰੀਰ ਮੰਦਰ ਵਿਚੋਂ ਕਿਸੇ ਵਿਰਲੇ ਨੇ) ਗੁਰੂ ਦੀ ਸਿਖਿਆ ਦੁਆਰਾ ਮਾਇਆ ਦਾ ਮੋਹ ਚੰਗੀ ਤਰ੍ਹਾਂ ਸਾੜ ਕੇ ਹਰੀ ਨੂੰ ਪਾਇਆ ਹੈ।

ਹਰਿ ਮੰਦਰਿ ਵਸਤੁ ਅਨੇਕ ਹੈ, ਨਵ ਨਿਧਿ ਨਾਮੁ ਸਮਾਲਿ ॥ ਧਨੁ ਭਗਵੰਤੀ ਨਾਨਕਾ, ਜਿਨਾ ਗੁਰਮੁਖਿ ਲਧਾ ਹਰਿ ਭਾਲਿ ॥੪੮॥ ਹਰਮੰਦਰ ਰੂਪ ਸਰੀਰ ਵਿਚ (ਸ਼ੁੱਭ ਗੁਣਾਂ ਰੂਪ) ਅਨੇਕ ਤਰ੍ਹਾਂ ਦੀ ਵਸਤੂ ਹੈ ਅਤੇ ਨੌਂ ਨਿਧੀਆਂ ਦਾ ਖਜਾਨਾ ਨਾਮ ਵਸਤੂ (ਵੀ ਹੈ, ਇਸ) ਨੂੰ ਸੰਭਾਲ ਕੇ ਰੱਖ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਮਨੁੱਖ) ਧੰਨ ਤੇ ਵੱਡੇ ਭਾਗਾਂ ਵਾਲੇ ਹਨ, ਜਿਨ੍ਹਾਂ ਨੇ ਗੁਰੂ ਦੁਆਰਾ (ਸਰੀਰ ਮੰਦਰ ਵਿਚੋਂ) ਹਰੀ ਨੂੰ ਭਾਲ ਕੇ ਲੱਭ ਲਿਆ ਹੈ।੪੮।

ਵਡਭਾਗੀ ਗੜ ਮੰਦਰੁ ਖੋਜਿਆ, ਹਰਿ ਹਿਰਦੈ ਪਾਇਆ ਨਾਲਿ ॥੪੮॥ (ਜਿਨ੍ਹਾਂ) ਵੱਡੇ ਭਾਗਾਂ ਵਾਲਿਆਂ ਨੇ ਸਰੀਰ ਰੂਪ ਮੰਦਰ; ਸਰੀਰ ਰੂਪ ਕਿਲੇ ਦੇ ਰਿਦੇ ਰੂਪ ਮੰਦਰ ਨੂੰ ਖੋਜਿਆ ਹੈ, ਉਨ੍ਹਾਂ ਨੇ ਰਿਦੇ ਵਿਚ ਨਾਲ ਵਸਦੇ ਹਰੀ ਨੂੰ ਪਾ ਲਿਆ ਹੈ।੪੮।

ਪਦਾਰਥ = ਹਰਿ ਮੰਦਰੁ-ਸਰੀਰ, ਸਤ ਸੰਗਤ, ਸੰਸਾਰ {ਹਰਿ ਮੰਦਰੁ ਇਹੁ ਸਰੀਰੁ ਹੈ, ਗਿਆਨਿ ਰਤਨਿ ਪਰਗਟੁ ਹੋਇ੧੩੪੬(ਪੂਰੀ

ਅਸਟਪਦੀ ਵਿਚ ਹਰਿ ਮੰਦਰ ਦੀ ਮਹਿਮਾ ਹੈ)}।ਹਰਿ–ਹਰੀ ਨੇ।ਸਾਜਿਆ–ਬਣਾਇਆ।ਜਿਸੁ ਨਾਲਿ–ਜਿਸ (ਸਰੀਰ) ਨਾਲ।ਗੁਰਮਤੀ–ਗੁਰੂ ਦੀ ਸਿਖਿਆ ਦੁਆਰਾ।ਪਰਜਾਲਿ–ਚੰਗੀ ਤਰ੍ਹਾਂ ਸਾੜ ਕੇ।ਹਰਿ ਮੰਦਰਿ–ਹਰਮੰਦਰ ਰੂਪ ਸਰੀਰ ਵਿਚ।ਵਸਤੁ–ਸ਼ੁੱਭ ਗੁਣਾਂ ਰੂਪ ਵਸਤੂ।ਸਮਾਲਿ–ਸੰਭਾਲ ਕੇ।ਧਨੁ–ਧੰਨਤਾ ਦੇ ਯੋਗ।ਭਗਵੰਤੀ–ਵੱਡੇ ਭਾਗਾਂ ਵਾਲਿਆਂ ਨੇ।ਗੁਰਮੁਖਿ–ਗੁਰੂ ਦੁਆਰਾ।ਲਧਾ–ਲੱਭ ਲਿਆ ਹੈ।ਭਾਲਿ–ਖੋਜ ਕੇ।ਗੜ–ਸਰੀਰ।ਹਿਰਦੈ–ਹਿਰਦੇ ਵਿਚ।ਨਾਲਿ–ਨਾਲ (ਵਸਦਾ)।੪੮।

ਮਨਮੁਖ ਦਹ ਦਿਸਿ ਫਿਰਿ ਰਹੇ, ਅਤਿ ਤਿਸਨਾ ਲੋਭ ਵਿਕਾਰ ॥ ਹੇ ਭਾਈ! ਮਨਮੁਖ ਦਸਾਂ ਦਿਸ਼ਾਵਾਂ (ਚਾਰ ਚੁਫੇਰੇ) ਭਟਕਦੇ ਫਿਰ ਰਹੇ ਹਨ, (ਕਿਉਂਕਿ ਉਨ੍ਹਾਂ ਦੇ ਅੰਦਰ ਮਾਇਆ ਦੀ) ਬਹੁਤੀ ਤ੍ਰਿਸ਼ਨਾ ਅਤੇ (ਮਾਇਆ ਦਾ) ਲੋਭ ਆਦਿਕ ਵਿਕਾਰ ਹਨ।

ਮਾਇਆ ਮੋਹੁ ਨ ਚੁਕਈ, ਮਰਿ ਜੰਮਹਿ ਵਾਰੋ ਵਾਰ ॥ (ਉਨ੍ਹਾਂ ਮਨਮੁਖਾਂ ਦੇ ਅੰਦਰੋਂ) ਮਾਇਆ ਦਾ ਮੋਹ ਨਹੀ ਮਿਟਦਾ, (ਇਸ ਲਈ ਉਹ) ਬਾਰ ਬਾਰ ਮਰਦੇ ਜੰਮਦੇ ਹਨ।

ਸਤਿਗੁਰ ਸੇਵਿ ਸੁਖੁ ਪਾਇਆ, ਅਤਿ ਤਿਸਨਾ ਤਜਿ ਵਿਕਾਰ ॥ ਜਨਮ ਮਰਨ ਕਾ ਦੁਖੁ ਗਇਆ, ਜਨ ਨਾਨਕ ਸਬਦੁ ਬੀਚਾਰਿ ॥੪੯॥ (ਜਿਨ੍ਹਾਂ ਮਨੁੱਖਾਂ ਨੇ) ਸੱਤਗੁਰੂ ਦੀ ਸੇਵਾ ਕਰਕੇ (ਮਾਇਆ ਦੀ ਲੱਗੀ) ਬਹੁਤੀ ਤ੍ਰਿਸਨਾ ਆਦਿਕ ਵਿਕਾਰ ਛੱਡ ਦਿਤੇ ਹਨ, (ਉਨ੍ਹਾਂ ਨੇ) ਆਤਮਕ ਅਨੰਦ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਗੁਰੂ ਦੇ ਸ਼ਬਦ ਨੂੰ ਬਿਚਾਰ ਕੇ ਉਨ੍ਹਾਂ ਮਨੁਖਾਂ ਦੇ ਜਨਮ ਮਰਨ ਦਾ ਦੁਖ ਦੂਰ ਹੋ ਗਿਆ ਹੈ।੪੯।

ਪਦਾਰਥ = ਦਹ ਦਿਸਿ–ਦਸਾਂ ਪਾਸੇ।ਫਿਰਿ ਰਹੇ–ਭਟਕਦੇ ਫਿਰ ਰਹੇ ਹਨ।ਅਤਿ–ਬਹੁਤ।ਨ ਚੁਕਈ–ਨਹੀ ਮਿਟਦਾ।ਮਰਿ ਜੰਮਹਿ–ਮਰਦੇ ਜੰਮਦੇ ਰਹਿੰਦੇ ਹਨ।ਸੇਵਿ–ਸੇਵਾ ਕਰਕੇ।ਸੁਖੁ–ਆਤਮਕ ਅਨੰਦ।ਤਜਿ–ਛੱਡ ਕੇ।ਜਨਮ ਮਰਨ–ਆਵਾਗੌਣ ਦਾ।ਜਨ–ਮਨੁੱਖਾਂ ਦੇ; ਦਾਸ।ਸਬਦੁ ਬੀਚਾਰਿ–ਸ਼ਬਦ ਨੂੰ ਬਿਚਾਰ ਕੇ।੪੯।

ਅੰਗ ੧੪੧੯ = ਹਰਿ ਹਰਿ ਨਾਮੁ ਧਿਆਇ ਮਨ, ਹਰਿ ਦਰਗਹ ਪਾਵਹਿ ਮਾਨੁ ॥ ਕਿਲਵਿਖ ਪਾਪ ਸਭ ਕਟੀਅਹਿ, ਹਉਮੈ ਚੁਕੈ ਗੁਮਾਨੁ ॥ ਹੇ (ਮੇਰੇ) ਮਨ! ਹਰੀ ਦਾ ਨਾਮ ਧਿਆਉਣ ਕਰਕੇ ਹਰੀ ਦੀ ਦਰਗਾਹ ਵਿਚ ਸਨਮਾਨ ਪਾਵੇਂਗਾ।(ਸਿਮਰਨ ਦੀ ਬਰਕਤ ਨਾਲ) ਵੱਡੇ ਪਾਪ ਤੇ ਛੋਟੇ ਪਾਪ ਸਾਰੇ ਕੱਟੇ ਜਾਂਦੇ ਹਨ ਅਤੇ ਦੇਹ ਦਾ ਹੰਕਾਰ ਤੇ ਮਨ ਦਾ ਗੁਮਾਨ ਦੂਰ ਹੋ ਜਾਂਦਾ ਹੈ।

ਗੁਰਮੁਖਿ ਕਮਲੁ ਵਿਗਸਿਆ, ਸਭੁ ਆਤਮ ਬ੍ਰਹਮੁ ਪਛਾਨੁ ॥ ਹਰਿ ਹਰਿ ਕਿਰਪਾ ਧਾਰਿ ਪ੍ਰਭ, ਜਨ ਨਾਨਕ ਜਪਿ ਹਰਿ ਨਾਮੁ ॥੫੦॥ ਗੁਰੂ ਦੁਆਰਾ (ਜਿਨ੍ਹਾਂ ਮਨੁੱਖਾਂ ਦਾ) ਹਿਰਦਾ ਕਮਲ ਖਿੜ ਗਿਆ ਹੈ, ਉਨ੍ਹਾਂ ਨੇ ਸਭ ਆਤਮਾਵਾਂ ਦੇ ਬ੍ਰਹਮ ਨੂੰ ਪਛਾਣ ਲਿਆ ਹੈ (ਸਭ ਦੀ ਆਤਮਾ ਵਿਚ ਹਰੀ ਵਸਦਾ ਜਾਣ ਲਿਆ ਹੈ)।(ਅਰਦਾਸ) ਹੇ ਹਰੀ! ਹੇ ਪ੍ਰਭੂ! (ਮੇਰੇ ਤੇ) ਕਿਰਪਾ ਕਰ, (ਤਾਂ ਕਿ ਤੇਰਾ) ਦਾਸ ਨਾਨਕ ਹਰੀ ਦਾ ਨਾਮ ਜਪਦਾ ਰਹੇ।੫੦।

ਪਦਾਰਥ = ਮਨ–ਹੇ ਮਨ।ਮਾਨੁ–ਆਦਰ; ਸਨਮਾਨ।ਕਿਲਵਿਖ–ਵੱਡੇ ਪਾਪ।ਕਟੀਅਹਿ–ਕੱਟੇ ਜਾਂਦੇ ਹਨ।ਚੁਕੈ–ਦੂਰ ਹੁੰਦਾ ਹੈ।ਗੁਰਮੁਖਿ–ਗੁਰ ਦੁਆਰਾ।ਕਮਲ–ਹਿਰਦਾ।ਵਿਗਸਿਆ–ਖਿੜ ਗਿਆ।ਆਤਮ ਬ੍ਰਹਮੁ–ਆਤਮਾ (ਸਰੀਰ) ਵਿਚ ਵਸਦੇ ਹਰੀ ਨੂੰ; ਵਿਆਪਕ ਹਰੀ ਨੂੰ।ਕਿਰਪਾ ਧਾਰਿ–ਕਿਰਪਾ ਕਰ।ਜਨ ਨਾਨਕ–ਦਾਸ ਨਾਨਕ।੫੦।

ਧਨਾਸਰੀ ਧਨਵੰਤੀ ਜਾਣੀਐ ਭਾਈ, ਜਾਂ ਸਤਿਗੁਰ ਕੀ ਕਾਰ ਕਮਾਇ ॥ ਤਨੁ ਮਨੁ ਸਉਪੇ ਜੀਅ ਸਉ ਭਾਈ, ਲਏ ਹੁਕਮਿ ਫਿਰਾਉ ॥ ਹੇ ਭਾਈ! ਧਨਾਸਰੀ ਗਾਉਣ ਵਾਲਾ ਧੰਨਤਾ ਯੋਗ (ਉਸ ਮਨੁੱਖ ਨੂੰ) ਜਾਣਨਾ ਚਾਹੀਦਾ ਹੈ, ਜੋ ਸੱਤਗੁਰੂ ਦੀ ਸੇਵਾ ਰੂਪ ਕਾਰ ਕਮਾਉਂਦਾ ਹੈ; ਧਨਵਾਨ ਦਾ ਧਨ ਸੰਪਦਾ ਆਦਿ (ਦਾ ਸੁਖ ਤਾਂ ਸਫਲ) ਸਮਝੀਏ, ਜੇ ਇਸ ਧਨ ਦੁਆਰਾ ਸੱਤਗੁਰੂ ਦੀ ਸੇਵਾ ਰੂਪ ਕਾਰ ਕਮਾਈ ਜਾਵੇ।(ਸੱਤਗੁਰੂ ਦੀ ਸੇਵਾ ਲਈ) ਜਿੰਦ ਦੇ ਸਮੇਤ ਤਨ ਤੇ ਮਨ ਸੌਂਪ ਦੇਵੇ (ਪੂਰਾ ਜੀਵਨ ਅਰਪ ਦੇਵੇ) ਤੇ ਹੁਕਮ ਦੁਆਰਾ (ਮਨ ਨੂੰ ਔਗੁਣਾਂ ਵਲੋਂ) ਮੋੜ ਲਵੇ (ਸੰ. ਸ.; ਫ.ਸ.); ਹੁਕਮ ਵਿਚ ਫੇਰੀ ਲਵੇ (ਵਿਚਰੇ)।

ਜਹ ਬੈਸਾਵਹਿ ਬੈਸਹ ਭਾਈ, ਜਹ ਭੇਜਹਿ ਤਹ ਜਾਉ ॥ ਏਵਡੁ ਧਨੁ ਹੋਰੁ ਕੋ ਨਹੀ ਭਾਈ, ਜੇਵਡੁ ਸਚਾ ਨਾਉ ॥ (ਫਿਰ ਅਜੇਹਾ ਗੁਰਮੁਖ ਆਖਦਾ ਹੈ ਕਿ) ਹੇ ਭਾਈ!ਜਿੱਥੇ ਸੱਤਗੁਰੂ ਜੀ ਬਿਠਾਉਂਦੇ ਹਨ,ਮੈਂ ਉਥੇ ਬੈਠਦਾ ਹਾਂ ਤੇ ਜਿੱਥੇ ਭੇਜਦੇ ਹਨ,ਮੈਂ ਉਥੇ ਜਾਂਦਾ ਹਾਂ (ਸਦਾ ਹੁਕਮ ਵਿਚ ਰਹਿੰਦਾ ਹਾਂ)।ਹੇ ਭਾਈ! ਜਿੰਨਾ ਵੱਡਾ ਸਦਾ ਥਿਰ ਵਾਹਿਗੁਰੂ ਦਾ ਨਾਮ ਹੈ, ਉਨਾ ਵੱਡਾ ਹੋਰ ਕੋਈ ਧਨ ਨਹੀਂ (ਧਨ ਲਈ ਰਾਗ ਗਾਉਣ ਨਾਲੋਂ ਨਾਮ ਧਨ ਲਈ ਰਾਗ ਗਾਉਣਾ ਚਾਹੀਦਾ ਹੈ)।

ਸਦਾ ਸਚੇ ਕੇ ਗੁਣ ਗਾਵਾਂ ਭਾਈ, ਸਦਾ ਸਚੇ ਕੈ ਸੰਗਿ ਰਹਾਉ ॥ ਪੈਨਣੁ ਗੁਣ ਚੰਗਿਆਈਆ ਭਾਈ, ਅਪਣੀ ਪਤਿ ਕੇ ਸਾਦ ਆਪੇ ਖਾਇ ॥ ਹੇ ਭਾਈ! ਮੈ ਸਦਾ ਹੀ ਸੱਚੇ ਵਾਹਿਗੁਰੂ ਦੇ ਗੁਣ (ਮਨੁੱਖ ਨੂੰ) ਗਾਉਂਦਾ ਹਾਂ ਤੇ ਸਦਾ ਸਚੇ ਵਾਹਿਗੁਰੂ ਦੇ ਨਾਲ (ਮਨ ਜੋੜ ਕੇ) ਰਹਿੰਦਾ ਹਾਂ।(ਜਿਹੜਾ ਮਨੁੱਖ) ਚੰਗਿਆਈਆਂ ਆਦਿਕ ਗੁਣਾਂ ਦੀ ਪੁਸ਼ਾਕ ਪਹਿਨਦਾ ਹੈ, (ਉਹ) ਅਪਣੀ ਇੱਜਤ ਦੇ ਅਨੰਦ ਆਪੇ ਖਾਂਦਾ (ਲੋਕ ਪ੍ਰਲੋਕ ਵਿਚ ਮਾਣਦਾ) ਹੈ।ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ। (੧੪੭)

ਤਿਸ ਕਾ ਕਿਆ ਸਾਲਾਹੀਐ ਭਾਈ, ਦਰਸਨ ਕਉ ਬਲਿ ਜਾਇ ॥ ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ, ਕਰਮਿ ਮਿਲੈ ਤਾਂ

ਪਾਇ ॥ ਹੇ ਭਾਈ! (ਇਹੋ ਜਿਹੇ ਗੁਰਮੁਖ ਦੀ) ਕੀ ਸਿਫਤ ਕਰੀਏ ? (ਉਸਦੀ ਉਪਮਾ ਨਹੀਂ ਹੋ ਸਕਦੀ, ਉਸਦੇ ਤਾਂ) ਦਰਸ਼ਨਾਂ ਤੋਂ ਬਲਹਾਰ ਜਾਈਏ।ਹੇ ਭਾਈ! ਸੱਤਗੁਰੂ ਵਿਚ ਵਡੀਆਂ ਵਡਿਆਈਆਂ ਹਨ ਭਾਵ ਬਹੁਤ ਸਿਫਤਾਂ ਹਨ, (ਪਰ) ਚੰਗੇ ਭਾਗਾਂ ਨਾਲ ਸੱਤਗੁਰੂ ਮਿਲਦਾ ਹੈ, ਤਦ (ਗੁਰੂ ਤੋਂ ਇਹ ਸਿਫਤਾਂ ਕਰਨ ਦਾ ਗੁਣ) ਪ੍ਰਾਪਤ ਕਰਦਾ ਹੈ।

ਇਕਿ ਹੁਕਮੁ ਮੰਨਿ ਨ ਜਾਣਨੀ ਭਾਈ, ਦੂਜੈ ਭਾਇ ਫਿਰਾਇ ॥ ਸੰਗਤਿ ਢੋਈ ਨ ਮਿਲੈ ਭਾਈ, ਬੈਸਣਿ ਮਿਲੈ ਨ ਥਾਉ ॥ ਹੇ ਭਾਈ! ਕਈ (ਮਨੁੱਖ ਗੁਰੂ ਦਾ) ਹੁਕਮ ਮੰਨਣਾ ਨਹੀ ਜਾਣਦੇ, ਕਿਉਂਕਿ ਉਹ ਦ੍ਵੈਤ ਭਾਵ ਵਿਚ ਭਟਕਦੇ ਫਿਰਦੇ ਹਨ।ਹੇ ਭਾਈ! (ਉਨ੍ਹਾਂ ਨੂੰ) ਗੁਰੂ ਦੀ ਸੰਗਤ ਵਿਚ ਆਸਰਾ ਨਹੀ ਮਿਲਦਾ ਅਤੇ ਨਾ ਹੀ (ਸੰਗਤ ਵਿਚ) ਬੈਠਣ ਲਈ ਕੋਈ ਥਾਂ ਮਿਲਦਾ ਹੈ (ਉਨ੍ਹਾਂ ਦਾ ਚਿਤ ਸੰਗਤ ਵਿਚ ਨਹੀਂ ਜੁੜਦਾ)।

ਨਾਨਕ ਹੁਕਮੁ ਤਿਨਾ ਮਨਾਇਸੀ ਭਾਈ, ਜਿਨਾ ਧੁਰੇ ਕਮਾਇਆ ਨਾਉ ॥ ਤਿਨ੍ ਵਿਟਹੁ ਹਉ ਵਾਰਿਆ ਭਾਈ, ਤਿਨ ਕਉ ਸਦ ਬਲਿਹਾਰੈ ਜਾਉ ॥੫੧॥ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! (ਵਾਹਿਗੁਰੂ ਅਪਣਾ) ਹੁਕਮ ਉਨ੍ਹਾਂ ਨੂੰ ਮਨਵਾਉਂਦਾ (ਹੁਕਮ ਮੰਨਣ ਦਾ ਬਲ ਉਨ੍ਹਾਂ ਨੂੰ ਬਖਸ਼ਦਾ) ਹੈ, ਜਿਨ੍ਹਾਂ ਨੇ ਧੁਰੋਂ (ਬਖਸ਼ੇ ਹੋਏ) ਨਾਮ ਜਪਣ ਦੀ ਕਮਾਈ ਕੀਤੀ ਹੈ।ਹੇ ਭਾਈ! ਮੈਂ ਉਨ੍ਹਾਂ (ਹੁਕਮ ਮੰਨਣ ਵਾਲਿਆਂ) ਤੋਂ ਮਨ ਕਰਕੇ ਸਦਕੇ ਜਾਂਦਾ ਹਾਂ ਅਤੇ ਤਨ ਕਰਕੇ ਵੀ ਸਦਾ ਬਲਹਾਰ ਜਾਂਦਾ ਹਾਂ।੫੧।

ਪਦਾਰਥ = ਧਨਾਸਰੀ-ਇਕ ਰਾਗਣੀ ਜਿਸਦਾ ਗੁਰੂ ਗ੍ਰੰਥ ਸਾਹਿਬ ਵਿਚ ਦਸਵਾਂ ਸਥਾਨ ਹੈ; ਧਨ ਸੰਪਦਾ (ਐਸ਼ ਕਰਨ ਵਾਲੇ ਲੋਕਾਂ ਦਾ ਧਨ)।ਧਨਵੰਤੀ-ਧਨਵਾਨ (ਅਮੀਰ)।ਜਾਣੀਐ-ਸਮਝਣਾ ਚਾਹੀਦਾ ਹੈ।ਭਾਈ-ਹੇ ਭਾਈ!।ਜਾਂ-ਜਦ; ਜੋ; ਜੇ।ਕਾਰ-ਸੇਵਾ।ਸਉਪੇ-ਭੇਟਾ ਕਰ ਦੇਵੇ।ਜੀਅ ਸਉ-ਜਿੰਦ ਦੇ ਸਮੇਤ।ਹੁਕਮਿ-ਹੁਕਮ ਵਿਚ।ਲਏ ਫਿਰਾਉ-ਮੋੜ ਲਵੇ; ਫੇਰੀ ਲਵੇ (ਵਿਚਰੇ)।ਜਹ-ਜਿੱਥੇ।ਬੈਸਾਵਹਿ-ਬਿਠਾ ਦੇਣ।ਬੈਸਹਿ-ਬੈਠਦਾ ਹਾਂ।ਤਹ-ਉਥੇ।ਜਾਉ-ਜਾਂਦਾ ਹਾਂ।ਏਵਡੁ-ਇਤਨਾ ਵੱਡਾ।ਕੋ-ਕੋਈ।ਜੇਵਡੁ-ਜਿਤਨਾ ਵੱਡਾ।ਕੈ ਸੰਗਿ-ਦੇ ਨਾਲ।ਰਹਾਉ-ਰਹਿੰਦਾ ਹਾਂ।ਪੈਨਣੁ-ਪੁਸ਼ਾਕ।ਪਤਿ-ਇਜਤ।ਕੇ ਸਾਦ-ਦੇ ਸੁਆਦ (ਅਨੰਦ)।ਖਾਇ-ਖਾਂਦਾ (ਮਾਣਦਾ; ਭੋਗਦਾ) ਹੈ।ਤਿਸ ਕਾ-ਉਸ (ਮਨੁੱਖ) ਦਾ।ਕਿਆ-ਕੀ।ਕਉ-ਤੋਂ।ਬਲਿ ਜਾਇ-ਬਲਹਾਰ ਜਾਈਏ।ਕਰਮਿ-ਕਰਮਾਂ (ਚੰਗੇ ਭਾਗਾਂ) ਨਾਲ।ਮਿਲੈ-(ਗੁਰੂ) ਮਿਲਦਾ ਹੈ।ਤਾਂ ਪਾਇ-ਤਦ (ਗੁਰੂ ਤੋਂ ਸਿਫਤਾਂ) ਪ੍ਰਾਪਤ ਕਰਦਾ ਹੈ।ਇਕਿ-ਕਈ।ਮੰਨਿ ਨ ਜਾਣਨੀ-ਮੰਨਣਾ ਨਹੀਂ ਜਾਣਦੇ।ਦੂਜੈ ਭਾਇ-ਦ੍ਵੈਤ ਭਾਵ (ਮਾਯਾ ਦੇ ਪਿਆਰ) ਵਿਚ।ਫਿਰਾਇ-ਭਟਕਦੇ ਫਿਰਦੇ ਹਨ।ਸੰਗਤਿ-ਸੰਗਤ ਵਿਚ।ਢੋਈ-ਆਸਰਾ।ਬੈਸਣਿ-ਬੈਠਣ ਲਈ।ਤਿਨਾ-ਉਨ੍ਹਾਂ ਨੂੰ।ਮਨਾਇਸੀ-ਮਨਵਾਉਂਦਾ (ਮੰਨਣ ਦਾ ਬਲ ਬਖਸ਼ਦਾ) ਹੈ।ਜਿਨਾ-ਜਿਨ੍ਹਾਂ ਨੇ।ਧੁਰੇ-ਧੁਰ ਦਰਗਾਹ ਤੋਂ।ਤਿਨ੍ ਵਿਟਹੁ-ਉਨ੍ਹਾਂ ਤੋਂ।ਹਉ-ਮੈਂ।ਵਾਰਿਆ-ਸਦਕੇ; ਕੁਰਬਾਨ।ਸਦ-ਸਦਾ।ਜਾਉ-ਜਾਂਦਾ ਹਾਂ।੫੧।

ਵਿਆਖਿਆ = ਕੋਈ ਗਵੱਈਆ ਗੁਰੂ ਅਮਰਦਾਸ ਜੀ ਕੋਲ ਆਇਆ, ਉਸ ਨੇ ਸਮਾਂ ਮੰਗ ਕੇ ਬੜੇ ਸੋਹਣੇ ਢੰਗ ਨਾਲ ਧਨਾਸਰੀ ਰਾਗ ਸੁਣਾਇਆ।ਸੰਗਤਾਂ ਨੇ ਰਾਗ ਦਾ ਅਨੰਦ ਮਾਣਿਆ ਅਤੇ ਗਵੱਈਏ ਦੀ ਬੜੀ ਸਿਫਤ ਕੀਤੀ, ਪਰ ਇਹ ਗਵੱਈਆ ਕੇਵਲ ਮਾਯਾ ਦੇ ਲੋਭ ਕਰਕੇ ਹੀ ਗਾਉਦਾ ਸੀ, ਅੰਦਰ ਗੁਰੂ ਦਾ ਪ੍ਰੇਮ ਹੈ ਨਹੀਂ ਸੀ।ਤਿਸ ਤੇ ਗੁਰੂ ਜੀ ਨੇ ਇਹ ਸਲੋਕ ਉਚਾਰਿਆ।ਧਨਾਸਰੀ ਗਾਉਣ ਵਾਲਾ ਭਾਗਾਂ ਵਾਲਾ ਉਹ ਹੈ, ਜੋ ਸੇਵਾ ਦੀ ਭਾਵਨਾ ਨਾਲ ਗੁਰੂ ਦਾ ਜਸ ਗਾਉਂਦਾ ਹੈ।ਗੁਰੂ ਨੂੰ ਤਨ ਮਨ ਧਨ ਅਰਪ ਦੇਂਦਾ ਹੈ ਅਤੇ ਹੁਕਮ ਵਿਚ ਜੀਵਨ ਬਤੀਤ ਕਰਦਾ ਹੈ।ਨਾਮ ਨੂੰ ਸਭ ਤੋਂ ਵੱਡ ਧਨ ਸਮਝ ਕੇ ਸਿਮਰੇ ਤੇ ਸਦਾ ਹੀ ਵਾਹਿਗੁਰੂ ਦੇ ਗੁਣ ਗਾਉਂਦਾ ਰਹੇ।ਅਜੇਹਾ ਮਨੁੱਖ ਸਿਫਤ ਕਰਾਉਣ ਦੇ ਯੋਗ ਹੁੰਦਾ ਹੈ, ਅਜੇਹੇ ਹੁਕਮ ਵਿਚ ਚਲਣ ਵਾਲੇ ਅਤੇ ਸਿਮਰਨ ਵਾਲੇ ਮਨੁੱਖ ਤੋਂ ਸਦਕੇ ਜਾਣਾ ਚਾਹੀਦਾ ਹੈ।

ਪਤਿ ਕੇ ਸਾਦ ਦਾ ਅਰਥ ঃ- ਮਨੁੱਖ ਨੂੰ ਮਿਲੀ ਇਜਤ ਦਾ ਅਨੰਦ (ਕਿਸੇ ਉਚੇ ਦਰਬਾਰ ਵਿਚ ਜਦ ਇਜਤ ਮਿਲਦੀ ਹੈ ਤਾਂ ਮਨ ਵਿਚ ਅਨੰਦ ਮਿਲਦਾ ਹੈ)।੫੧।

ਸੇ ਦਾੜੀਆਂ ਸਚੀਆ, ਜਿ ਗੁਰ ਚਰਨੀ ਲਗੰਨਿ੍ ॥ ਅਨਦਿਨੁ ਸੇਵਨਿ ਗੁਰੁ ਆਪਣਾ, ਅਨਦਿਨੁ ਅਨਦਿ ਰਹੰਨਿ੍ ॥ ਨਾਨਕ ਸੇ ਮੁਹ ਸੋਹਣੇ, ਸਚੈ ਦਰਿ ਦਿਸੰਨਿ੍ ॥੫੨॥ ਹੇ ਭਾਈ! (ਮਨੁੱਖਾਂ ਦੀਆਂ) ਉਹ ਦਾੜ੍ਹੀਆਂ ਸੱਚੀਆਂ ਹਨ, ਜੋ ਗੁਰੂ ਦੇ ਚਰਨਾਂ ਨਾਲ ਲਗਦੀਆਂ ਹਨ (ਦਾੜ੍ਹੀ ਤੋਂ ਭਾਵ ਮਨੁੱਖ ਹੈ, ਉਹ ਮਨੁੱਖ ਸਫਲ ਹਨ ਜੋ ਗੁਰ ਚਰਨਾਂ ਵਿਖੇ ਮੱਥਾ ਟੇਕਦੇ ਹਨ) {ਗਰੀਬਾ ਉਪਰਿ ਜਿ ਖਿੰਜੈ ਦਾੜੀ ।ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ ੧੯੯; ਭਲਕੇ ਥੁਕ ਪਵੈ ਨਿਤ ਦਾੜੀ ੪੭੧}।ਜਿਹੜੇ ਮਨੁੱਖ ਹਰ ਰੋਜ ਅਪਣੇ ਗੁਰੂ ਨੂੰ ਪੂਜਦੇ ਹਨ, ਉਹ ਸਦਾ ਅਨੰਦ ਵਿਚ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਗੁਰੂ ਦੀ ਸ਼ਰਣ ਵਿਚ ਰਹਿਣ ਵਾਲੇ ਮਨੁੱਖਾਂ ਦੇ) ਉਹ ਮੂੰਹ ਵਾਹਿਗੁਰੂ ਦੇ ਸੱਚੇ ਦਰ ਉਤੇ ਸੋਹਣੇ ਦਿਸਦੇ ਹਨ।੫੨।

ਪਦਾਰਥ = ਸੇ-ਉਹ (ਬਹੁ ਵਚਨ)।ਸਚੀਆ-ਸਫਲੀਆਂ; ਸੱਚੀਆਂ; ਆਦਰ ਯੋਗ।ਜਿ-ਜੋ; ਜਿਹੜੀਆਂ।ਲਗੰਨਿ-ਲਗਦੀਆਂ ਹਨ।ਅਨ ਦਿਨ-ਹਰ ਰੋਜ।ਸੇਵਨਿ-ਪੂਜਦੇ ਹਨ; ਸੇਵਾ ਕਰਦੇ ਹਨ।ਅਨਦਿ-ਅਨੰਦ ਵਿਚ।ਰਹੰਨਿ-ਰਹਿੰਦੇ ਹਨ।ਸੇ ਮੁਹ-ਉਹ

ਮੂੰਹ। ਸਚੈ ਦਰਿ–ਸੱਚੇ ਹਰੀ ਦੇ ਦਰ ਉਤੇ। ਦਿਸੰਨਿ–ਦਿਸਦੇ ਹਨ।੫੨।

ਵਿਆਖਿਆ = ਮੂੰਹ ਉਤੇ ਦਾੜ੍ਹੀ ਹੋਣਾ ਸਿਆਣਪ ਅਤੇ ਸਨਮਾਨ ਦਾ ਪ੍ਰਤੀਕ ਹੈ, ਧਰਮ ਦਾ ਵੀ ਚਿੰਨ੍ਹ ਹੈ। ਪੁਰਾਣੇ ਜਮਾਨੇ ਵਿਚ ਸਭ ਲੋਕ ਦਾੜ੍ਹੀਆਂ ਰਖਦੇ ਸਨ, ਦਾੜ੍ਹੀ ਕਟਾਉਣਾ ਬਹੁਤ ਬੁਰਾ ਸਮਝਿਆ ਜਾਂਦਾ ਸੀ। ਪਰ ਅਜੋਕੇ ਅਧੁਨਿਕ ਜੁਗ ਵਿਚ ਦਾੜ੍ਹੀ ਕਟਾਉਣਾ ਇਕ ਫੈਸ਼ਨ ਜਿਹਾ ਬਣ ਗਿਆ ਹੈ। ਸਾਰੇ ਮਹਾਂ ਪੁਰਖ ਅਵਤਾਰ ਰਿਸ਼ੀ ਮੁਨੀ ਦਰਵੇਸ਼ ਤੇ ਗੁਰੂ ਸਾਹਿਬਾਨ ਕੇਸ ਦਾੜ੍ਹੀਆਂ ਵਾਲੇ ਸਨ। ਸਿੱਖ ਧਰਮ ਵਿਚ ਸਰੀਰ ਦੇ ਰੋਮ ਕੱਟਣ ਵਾਲਾ ਪਤਿਤ ਹੈ।੫੨।

ਮੁਖ ਸਚੇ ਸਚੁ ਦਾੜੀਆ, ਸਚੁ ਬੋਲਹਿ ਸਚੁ ਕਮਾਹਿ ॥ ਸਚਾ ਸਬਦੁ ਮਨਿ ਵਸਿਆ, ਸਤਿਗੁਰ ਮਾਂਹਿ ਸਮਾਂਹਿ ॥ ਹੇ ਭਾਈ! (ਉਨ੍ਹਾਂ ਮਨੁੱਖਾਂ ਦੇ) ਮੂੰਹ ਸੱਚੇ (ਸਫਲੇ) ਹਨ ਤੇ ਦਾੜ੍ਹੀਆਂ ਵੀ ਸਚੀਆਂ (ਸਫਲੀਆਂ) ਹਨ, ਜਿਹੜੇ ਸੱਚ ਬੋਲਦੇ (ਨਾਮ ਜਪਦੇ) ਹਨ ਅਤੇ ਸੱਚੇ ਨਾਮ ਜਪਣ ਦੀ ਕਮਾਈ ਕਰਦੇ ਹਨ। (ਉਨ੍ਹਾਂ ਦੇ) ਮਨ ਵਿਚ ਸੱਚਾ ਸ਼ਬਦ ਵਸਿਆ (ਰਹਿੰਦਾ) ਹੈ ਅਤੇ ਸੱਤਗੁਰੂ ਵਿਚ ਸਮਾ ਜਾਂਦੇ ਹਨ (ਉਨ੍ਹਾਂ ਦੀ ਆਤਮਾ ਸੱਤਗੁਰੂ ਦੀ ਆਤਮਾ ਵਿਚ ਲੀਨ ਹੋ ਜਾਂਦੀ ਹੈ)।

ਸਚੀ ਰਾਸੀ ਸਚੁ ਧਨੁ, ਉਤਮ ਪਦਵੀ ਪਾਂਹਿ ॥ ਸਚੁ ਸੁਣਹਿ ਸਚੁ ਮੰਨਿ ਲੈਨਿ, ਸਚੀ ਕਾਰ ਕਮਾਹਿ ॥ (ਉਨ੍ਹਾਂ ਪਾਸ ਸ਼ਰਧਾ ਰੂਪ) ਸੱਚੀ ਪੂੰਜੀ ਹੁੰਦੀ ਹੈ ਅਤੇ ਸਚਾ (ਨਾਮ) ਧਨ ਹੁੰਦਾ ਹੈ (ਇਸ ਕਰਕੇ ਉਹ) ਉਤਮ ਪਦਵੀ (ਉਚੀ ਆਤਮਕ ਅਵਸਥਾ) ਪ੍ਰਾਪਤ ਕਰ ਲੈਂਦੇ ਹਨ। (ਉਹ) ਸੱਚੇ ਨਾਮ ਨੂੰ ਸੁਣਦੇ ਹਨ, ਸੱਚੇ ਨਾਮ ਨੂੰ ਹੀ ਮੰਨਦੇ ਹਨ ਤੇ ਸਚੀ ਭਗਤੀ ਰੂਪ ਕਾਰ ਕਮਾਉਂਦੇ ਹਨ (ਧਰਮ ਦੀ ਸੱਚੀ ਕਿਰਤ ਕਰਦੇ ਹਨ ਭਾਵ ਹੇਰਾ ਫੇਰੀ ਵਾਲੀ ਕਮਾਈ ਨਹੀਂ ਕਰਦੇ)।

ਸਚੀ ਦਰਗਹ ਬੈਸਣਾ, ਸਚੇ ਮਾਹਿ ਸਮਾਹਿ ॥ ਨਾਨਕ, ਵਿਣੁ ਸਤਿਗੁਰ ਸਚੁ ਨ ਪਾਈਐ, ਮਨਮੁਖ ਭੂਲੇ ਜਾਂਹਿ ॥ (ਉਨ੍ਹਾਂ ਨੂੰ) ਸੱਚੀ ਦਰਗਾਹ (ਸੱਤ ਸੰਗਤ) ਵਿਚ ਬੈਠਣ ਲਈ ਥਾਂ ਮਿਲਦਾ ਹੈ, (ਇਸ ਤਰ੍ਹਾਂ) ਸਦਾ ਥਿਰ ਵਾਹਿਗੁਰੂ ਵਿਚ ਲੀਨ ਹੋ ਜਾਂਦੇ ਹਨ। ਗੁਰੂ ਜੀ ਕਹਿੰਦੇ ਹਨ, ਸੱਤਗੁਰੂ ਤੋਂ ਬਿਨਾ ਸਦਾ ਥਿਰ ਵਾਹਿਗੁਰੂ ਪ੍ਰਾਪਤ ਨਹੀ ਹੋ ਸਕਦਾ ਅਤੇ ਮਨਮੁਖ (ਵਾਹਿਗੁਰੂ ਤੋਂ) ਭੁੱਲੇ ਹੋਏ (ਵਿਆਰਥ ਜੀਵਨ ਬਤੀਤ ਕਰਕੇ ਸੰਸਾਰ ਤੋਂ ਚਲੇ) ਜਾਂਦੇ ਹਨ।

ਪਦਾਰਥ = ਮੁਖੁ–ਮੂੰਹ। ਸਚੁ ਬੋਲਹਿ–ਸਚਾ ਨਾਮ ਜਪਦੇ ਹਨ। ਸਚੁ ਕਮਾਹਿ–ਸਚੇ ਨਾਮ ਜਪਣ ਦੀ ਕਮਾਈ ਕਰਦੇ ਹਨ। ਮਨਿ–ਮਨ ਵਿਚ। ਮਾਂਹਿ–ਵਿਚ। ਸਮਾਂਹਿ–ਸਮਾ ਜਾਂਦੇ ਹਨ। ਰਾਸੀ–ਪੂੰਜੀ। ਪਾਂਹਿ–ਪਾ ਲੈਂਦੇ ਹਨ। ਮੰਨਿ ਲੈਨਿ–ਮੰਨ ਲੈਂਦੇ ਹਨ। ਕਾਰ ਕਮਾਹਿ–ਭਗਤੀ ਰੂਪ ਕਾਰ ਕਮਾਉਂਦੇ ਹਨ। ਬੈਸਣਾ–ਬੈਠਣ ਲਈ ਥਾਂ। ਭੂਲੇ ਜਾਂਹਿ–ਭੁੱਲੇ ਹੋਏ (ਜਨਮ ਗਵਾਕੇ) ਚਲੇ ਜਾਂਦੇ ਹਨ।੫੩।

ਬਾਬੀਹਾ ਪ੍ਰਿਉ ਪ੍ਰਿਉ ਕਰੇ, ਜਲ ਨਿਧਿ ਪ੍ਰੇਮ ਪਿਆਰਿ ॥ ਗੁਰ ਮਿਲੇ ਸੀਤਲ ਜਲੁ ਪਾਇਆ, ਸਭਿ ਦੂਖ ਨਿਵਾਰਣਹਾਰੁ ॥ ਹੇ ਭਾਈ! (ਜਿਵੇਂ ਸ੍ਵਾਂਤੀ ਬੂੰਦ ਲਈ) ਪਪੀਹਾ ਬੱਦਲ ਦੇ ਪ੍ਰੇਮ ਪਿਆਰ ਵਿਚ ਪ੍ਰਿਉ ਪ੍ਰਿਉ ਦੀ ਪੁਕਾਰ ਕਰਦਾ ਹੈ (ਤਿਵੇਂ ਮਨੁੱਖ ਸੱਤਗੁਰੂ ਦੇ ਪ੍ਰੇਮ ਪਿਆਰ ਵਿਚ ਮਨ ਬਾਣੀ ਕਰਕੇ ਨਾਮ ਲਈ ਅਰਦਾਸ ਕਰਦਾ ਹੈ)। ਗੁਰੂ ਦੇ ਮਿਲਿਆਂ ਸਾਰੇ ਦੁਖ ਦੂਰ ਕਰਨ ਵਾਲਾ ਸੀਤਲ ਨਾਮ ਜਲ (ਮਨੁੱਖ ਨੇ) ਪ੍ਰਾਪਤ ਕੀਤਾ ਹੈ।

ਤਿਸ ਚੁਕੈ ਸਹਜੁ ਊਪਜੈ, ਚੁਕੈ ਕੂਕ ਪੁਕਾਰ ॥ ਨਾਨਕ ਗੁਰਮੁਖਿ ਸਾਂਤਿ ਹੋਇ, ਨਾਮੁ ਰਖਹੁ ਉਰਿ ਧਾਰਿ ॥੫੪॥ (ਜਿਵੇਂ ਪਪੀਹੇ ਨੂੰ ਸ੍ਵਾਂਤੀ ਬੂੰਦ ਮਿਲਣ ਤੇ ਉਸਦੀ ਪਿਆਸ ਲਹਿ ਜਾਂਦੀ ਹੈ ਅਤੇ ਪ੍ਰਿਉ ਪ੍ਰਿਉ ਦੀ ਸਾਰੀ ਕੂਕ ਪੁਕਾਰ ਮੁੱਕ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਦੀ ਨਾਮ ਲਈ) ਪਿਆਸ ਮੁੱਕ (ਪੂਰੀ ਹੋ) ਜਾਂਦੀ ਹੈ, ਸ਼ਾਂਤੀ ਪੈਦਾ ਹੋ ਜਾਂਦੀ ਹੈ ਅਤੇ (ਨਾਮ ਜਲ ਮਿਲਣ ਕਰਕੇ) ਕੂਕ ਪੁਕਾਰ ਮੁੱਕ (ਚਿੰਤਾ ਮਿਟ) ਜਾਂਦੀ ਹੈ (ਮੇਰਾ ਖਿਆਲ); ਮਾਇਆ ਦੀ ਪਿਆਸ ਮੁੱਕ ਜਾਂਦੀ ਹੈ, ਸਹਿਜ ਅਵਸਥਾ ਪੈਦਾ ਹੋ ਜਾਂਦੀ ਅਤੇ ਮਾਇਆ ਲਈ ਸਾਰੀਆਂ ਕੂਕਾਂ ਪੁਕਾਰਾਂ ਮਿਟ ਜਾਂਦੀਆਂ ਹਨ (ਸਭ ਨੇ ਇਹੀ ਅਰਥ ਕੀਤੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੁਆਰਾ (ਵਾਹਿਗੁਰੂ ਦਾ) ਨਾਮ ਹਿਰਦੇ ਵਿਚ ਟਿਕਾ ਕੇ ਰੱਖੋ ਤਾਂ ਸ਼ਾਂਤੀ ਪ੍ਰਾਪਤ ਹੁੰਦੀ ਹੈ।੫੪।

ਪਦਾਰਥ = ਬਾਬੀਹਾ–ਪਪੀਹਾ। ਪ੍ਰਿਉ ਪ੍ਰਿਉ ਕਰੇ–ਪ੍ਰਿਉ ਪ੍ਰਿਉ ਦੀ ਪੁਕਾਰ ਕਰਦਾ ਹੈ। ਜਲ ਨਿਧਿ–ਜਲ ਦਾ ਖਜਾਨਾ ਬੱਦਲ;ਨਾਮ ਰੂਪ ਜਲ ਦਾ ਖਜਾਨਾ ਸੱਤਗੁਰੂ। ਸੀਤਲ ਜਲੁ–(ਮਨ ਵਿਚ) ਠੰਢ ਪਾਉਣ ਵਾਲਾ ਨਾਮ ਰੂਪ ਜਲ। ਨਿਵਾਰਣਹਾਰੁ–ਦੂਰ ਕਰਨ ਵਾਲਾ। ਤਿਸ–ਪਿਆਸ। ਚੁਕੈ–ਮਿਟ ਜਾਂਦੀ ਹੈ। ਸਹਜੁ–ਸ਼ਾਂਤੀ। ਊਪਜੈ–ਪੈਦਾ ਹੁੰਦੀ ਹੈ। ਕੂਕ ਪੁਕਾਰ–ਸ੍ਵਾਂਤੀ ਬੂੰਦ ਲਈ ਕਰ ਰਿਹਾ ਉਚੀ ਕੂਕ ਪੁਕਾਰ ਭਾਵ ਨਾਮ ਜਲ ਲਈ ਕੀਤੀ ਜਾਂਦੀ ਅਰਦਾਸ ਪੂਰੀ ਹੋ ਗਈ। ਉਰਿ ਧਾਰਿ–ਹਿਰਦੇ ਵਿਚ ਟਿਕਾ ਕੇ।੫੪।

ਵਿਆਖਿਆ = ਸਾਵਣ ਦੇ ਮਹੀਨੇ ਬੱਦਲ ਛਾਏ ਰਹਿੰਦੇ ਹਨ, ਵਰਖਾ ਨਾਲ ਖੇਤੀਆਂ ਹੁੰਦੀਆਂ ਹਨ। ਸੁੱਕਿਆ ਘਾਹ ਹਰਾ ਹੋ ਜਾਂਦਾ ਹੈ, ਬ੍ਰਿਛਾਂ ਨੂੰ ਫਲ ਲਗਦੇ ਹਨ, ਤਪਸ਼ ਦੂਰ ਹੁੰਦੀ ਹੈ, ਲੋਕਾਂ ਅਤੇ ਪਸ਼ੂਆਂ ਜਾਨਵਰਾਂ ਨੂੰ ਸੁਖ ਮਿਲਦਾ ਹੈ। ਮਨੁੱਖਾ ਜਨਮ ਵਿਚ ਸਾਡਾ ਸਰੀਰ ਸ਼ੁੱਭ ਗੁਣਾਂ ਦੀ ਫਸਲ ਬੀਜਣ ਲਈ ਇਕ ਖੇਤ ਵਾਂਙ ਹੈ। ਨਿਰੰਕਾਰ ਨੇ ਸਾਡੇ ਸਰੀਰਾਂ ਦੀ ਖੇਤੀ ਨੂੰ ਉਪਦੇਸ਼ ਰੂਪ ਜਲ ਦੇਣ ਲਈ ਗੁਰੂ ਨਾਨਕ ਦੇਵ ਜੀ ਨੂੰ ਬੱਦਲ ਦੀ ਨਿਆਈਂ ਸੰਸਾਰ ਵਿਚ ਭੇਜਿਆ ਹੈ। ਚਿਤ ਵਿਚ ਨਾਮ ਜਲ ਦਾ ਸ਼ੌਕ ਹੋਣਾ ਸਾਵਣ ਦਾ ਮਹੀਨਾ ਹੈ, ਗੁਰੂ ਦਾ ਦਿਆਲੂ ਹੋ ਕੇ ਉਪਦੇਸ਼ ਦੇਣਾ ਵਰਖਾ ਹੈ। ਮੀਂਹ ਨਾਲ ਸਾਰੀਆਂ ਥਾਂਵਾਂ ਜਲ ਨਾਲ ਭਰ ਜਾਂਦੀਆਂ ਹਨ, ਨੀਵੇਂ

ਥਾਂ ਵੀ ਭਰ ਜਾਂਦੇ ਹਨ ਅਤੇ ਉਚੇ ਥਾਵਾਂ ਟਿੱਬਿਆ ਆਦਿ ਤੇ ਵੀ ਕੋਈ ਫਸਲ ਹੋ ਜਾਂਦੀ ਹੈ।ਭਾਵ ਨਿਮ੍ਰਤਾ ਵਾਲੇ ਮਨੁੱਖ ਲਾਭ ਲੈ ਲੈਂਦੇ ਹਨ, ਹੰਕਾਰੀਆਂ ਤੇ ਵੀ ਕੋਈ ਨਾ ਕੋਈ ਅਸਰ ਹੋ ਜਾਂਦਾ ਹੈ।ਗੁਰ ਉਪਦੇਸ਼ ਨਾਲ ਸ਼ੁੱਭ ਗੁਣਾਂ ਦੀ ਖੇਤੀ ਹੁੰਦੀ ਹੈ, ਕੋਈ ਕਿਸੇ ਕਿਸਮ ਦੀ ਕਾਮਨਾ, ਕੋਈ ਧਨ ਦੌਲਤ ਪਦਾਰਥ, ਇਜਤ ਸਨਮਾਨ, ਕੋਈ ਉਚੀਆਂ ਪਦਵੀਆਂ ਰਾਜ ਭਾਗ ਆਦਿ ਤੇ ਕੋਈ ਮੁਕਤੀ ਮੰਗਦਾ ਹੈ।ਸਾਡੇ ਸਰੀਰ ਖੇਤੀ ਵਿਚ ਜੋ ਸ਼ੁੱਭ ਗੁਣਾਂ ਰੂਪ ਫਸਲਾਂ ਤੇ ਫਲ ਆਦਿ ਪੈਦਾ ਹੁੰਦੇ ਹਨ, ਉਨ੍ਹਾਂ ਵਿਚ ਸਰਵਣ ਰੂਪ ਰਸ, ਮੰਨਣ ਰੂਪ ਫਲ ਦਾ ਪੱਕਣਾ ਤੇ ਹਰੀ ਦਾ ਅਨੁਭਵ ਮਿੱਠਾ ਰਸ ਪ੍ਰਾਪਤ ਹੁੰਦਾ ਹੈ।ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਬਬੀਹਾ ਤਾਂ ਪਸ਼ੂ ਹੈ, ਨਾਮ ਜਲ ਦੀ ਪਿਆਸ ਵਾਲੇ ਬਬੀਹੇ ਰੂਪ ਮਨੁੱਖ ਨੂੰ ਸਿਖਿਆ ਦਿਤੀ ਹੈ, {ਇਹੁ ਬਾਬੀਹਾ ਪਸੂ ਹੈ, ਇਸ ਨੋ ਬੂਝਣੁ ਨਾਹਿ ੧੨੮੩}।ਗੁਰੂ ਮਿਲਣ ਨਾਲ ਨਾਮ ਦੀ ਪ੍ਰਾਪਤੀ ਹੁਦੀ ਹੈ।ਸ਼ਾਂਤੀ ਮਿਲ ਜਾਂਦੀ ਹੈ, ਕਾਮਾਦਿਕਾਂ ਦੀ ਤਪਸ਼ ਦੇ ਸਾਰੇ ਦੁੱਖ ਮਿਟ ਜਾਂਦੇ ਹਨ।੫੪।

ਬਾਬੀਹਾ ਤੂੰ ਸਚੁ ਚਉ, ਸਚੇ ਸਉ ਲਿਵ ਲਾਇ ॥ ਬੋਲਿਆ ਤੇਰਾ ਥਾਇ ਪਵੈ, ਗੁਰਮੁਖਿ ਹੋਇ ਅਲਾਇ ॥ ਹੇ ਜਗਿਆਸੂ ਰੂਪ ਬਬੀਹੇ! ਤੂੰ ਸਚਾ ਨਾਮ ਉਚਾਰਣ ਕਰ ਤੇ ਸੱਚੇ ਪ੍ਰਭੂ ਨਾਲ ਲਿਵ ਲਗਾ (ਜੋੜ।ਹੇ ਭਾਈ ਬਬੀਹੇ! ਜੇ) ਗੁਰੂ ਅਨੁਸਾਰੀ ਹੋ ਕੇ ਪੁਕਾਰ ਕਰੇਂਗਾ ਤਦ ਤੇਰਾ ਬੋਲਿਆ ਹੋਇਆ (ਬਚਨ) ਸਫਲ ਭਾਵ ਪ੍ਰਵਾਨ ਹੋਵੇਗਾ।

ਸਬਦੁ ਚੀਨਿ ਤਿਖ ਉਤਰੈ, ਮੰਨਿ ਲੈ ਰਜਾਇ ॥ ਚਾਰੇ ਕੁੰਡਾ ਝੋਕਿ ਵਰਸਦਾ, ਬੂੰਦ ਪਵੈ ਸਹਜਿ ਸੁਭਾਇ ॥ ਗੁਰੂ ਦੇ ਸ਼ਬਦ ਨੂੰ ਜਾਨਣ ਨਾਲ(ਤੇਰੀ) ਪਿਆਸ ਉਤਰ ਜਾਵੇਗੀ ਅਤੇ ਗੁਰੂ ਦੀ ਰਜਾ ਮੰਨ ਲੈ।(ਜਿਵੇਂ ਬੱਦਲ) ਚਾਰੇ ਪਾਸੇ ਝੁਕ ਕੇ ਵਰਸਦਾ ਹੈ ਤੇ ਸ੍ਵਾਂਤੀ ਬੂੰਦ ਸੁਤੇ ਸਿੱਧ (ਬਬੀਹੇ ਦੇ ਮੂੰਹ ਵਿਚ) ਪੈਂਦੀ ਹੈ (ਇਸੇ ਤਰ੍ਹਾਂ ਸੱਤਗੁਰੂ ਦਿਆਲੂ ਹੋ ਕੇ ਅਪਣਾ ਉਪਦੇਸ਼ ਰੂਪ ਜਲ ਦੀ ਵਰਖਾ ਕਰਦੇ ਹਨ,ਜਿਹੜਾ ਜਗਿਆਸੂ ਸੱਚੇ ਦਿਲੋਂ ਅਰਦਾਸ ਕਰਦਾ ਹੈ, ਉਸਦੇ ਮੂੰਹ ਵਿਚ ਨਾਮ ਜਲ ਦੀ ਬੂੰਦ ਸੁਤੇ ਸਿੱਧ ਆ ਪੈਂਦੀ ਹੈ)।

ਜਲ ਹੀ ਤੇ ਸਭ ਊਪਜੈ, ਬਿਨੁ ਜਲ ਪਿਆਸ ਨ ਜਾਇ ॥ ਨਾਨਕ ਹਰਿ ਜਲੁ ਜਿਨਿ ਪੀਆ, ਤਿਸੁ ਭੂਖ ਨ ਲਾਗੈ ਆਇ ॥੫੫॥ ਹਰੀ ਦੇ ਨਾਮ ਜਲ ਤੋਂ ਹੀ ਸਾਰੀ (ਸ੍ਰਿਸਟੀ) ਪੈਦਾ ਹੁੰਦੀ ਹੈ ਅਤੇ ਨਾਮ ਜਲ ਤੋਂ ਬਿਨਾ (ਮਾਇਆ ਦੀ ਤ੍ਰਿਸ਼ਨਾ ਦੀ) ਪਿਆਸ ਨਹੀ ਜਾਂਦੀ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ) ਨੇ ਹਰੀ ਦਾ ਨਾਮ ਜਲ ਪੀਤਾ (ਜਪਿਆ) ਹੈ, ਉਸ ਨੂੰ (ਮਾਯਾ ਦੀ) ਭੁੱਖ ਨਹੀ ਆ ਕੇ ਲਗਦੀ।੫੫।

ਪਦਾਰਥ = ਬਾਬੀਹਾ–ਨਾਮ ਰੂਪ ਸ੍ਵਾਂਤੀ ਬੂੰਦ ਦਾ ਚਾਹਵਾਨ ਮਨੁੱਖ।ਚਉ–ਬੋਲ (ਜਪ)।ਸਚੇ ਸਉ–ਸੱਚੇ ਪ੍ਰਭੂ ਨਾਲ।ਲਿਵ ਲਾਇ–ਲਿਵ ਲਗਾ (ਜੋੜ)।ਥਾਇ ਪਵੈ–ਸਫਲ ਹੋਵੇਗਾ।ਗੁਰਮੁਖਿ–ਗੁਰੂ ਅਨੁਸਾਰੀ ਹੋ ਕੇ।ਅਲਾਇ–ਬੋਲੇਂਗਾ; ਪੁਕਾਰੇਂਗਾ।ਚੀਨਿ–ਪਛਾਣ ਕੇ; ਜਾਨਣ ਕਰਕੇ।ਤਿਖ–ਪਿਆਸ।ਉਤਰੈ–ਉਤਰ ਜਾਏਗੀ।ਰਜਾਇ–ਰਜਾ; ਭਾਣਾ।ਚਾਰੇ ਕੁੰਡਾ–ਚਾਰੇ ਪਾਸੇ।ਝੋਕਿ–ਝੁਕ ਕੇ।ਸਹਜਿ ਸੁਭਾਇ–ਸੁਤੇ ਸਿਧ; ਕੁਦਰਤੀ।ਤੇ–ਤੋਂ।ਜਿਨਿ–ਜਿਸ ਨੇ।ਪੀਆ–ਪੀਤਾ (ਜਪਿਆ) ਹੈ।ਤਿਸੁ–ਉਸ (ਮਨੁੱਖ) ਨੂੰ।੫੫।

ਬਾਬੀਹਾ ਤੂੰ ਸਹਜਿ ਬੋਲਿ, ਸਚੈ ਸਬਦਿ ਸੁਭਾਇ ॥ ਸਭੁ ਕਿਛੁ ਤੇਰੈ ਨਾਲਿ ਹੈ, ਸਤਿਗੁਰਿ ਦੀਆ ਦਿਖਾਇ ॥ (ਹੇ ਸ੍ਵਾਂਤੀ ਬੂੰਦ ਰੂਪ ਨਾਮ ਦੇ ਚਾਹਵਾਨ) ਬਬੀਹੇ ਰੂਪ ਮਨੁੱਖ! ਤੂੰ ਅਡੋਲ ਹੋ ਕੇ ਬੋਲ ਤੇ ਸੱਚੇ (ਗੁਰੂ ਦੇ) ਸ਼ਬਦ ਵਿਚ ਸ੍ਰੇਸਟ ਪ੍ਰੇਮ ਕਰ; ਸਹਿਜੇ ਸਹਿਜੇ ਸੱਚੇ ਗੁਰੂ ਦੇ ਸ਼ਬਦ ਰਾਹੀਂ ਸ੍ਰੇਸਟ ਪ੍ਰੇਮ ਨਾਲ ਨਾਮ ਜਪ (ਕੋਈ ਹਠ ਨਾ ਕਰ (ਮੇਰਾ ਖਿਆਲ) {ਸਹਜਿ ਸਹਜਿ ਗੁਣ ਰਮੈ ਕਬੀਰੁ ੩੨੮; ਸਹਜਿ ਸਹਜਿ ਗੁਨ ਰਵੈ ਕਬੀਰਾ ੪੭੮}।ਹੇ ਭਾਈ! ਸਭ ਕੁਛ (ਆਤਮਕ ਅਨੰਦ) ਤਾਂ ਤੇਰੇ ਨਾਲ ਹੀ ਹੈ (ਪਰ ਇਹ ਗੁਪਤ ਖਜਾਨਾ) ਸੱਤਗੁਰੂ ਨੇ ਦਿਖਾ ਦਿਤਾ ਹੈ {ਬਾਹਰਿ ਢੂਢਨ ਤੇ ਛੂਟਿ ਪਰੇ, ਗੁਰਿ ਘਰ ਹੀ ਮਾਹਿ ਦਿਖਾਇਆ ਥਾ ੧੦੦੨}।

ਅੰਗ ੧੪੨੦ = ਆਪੁ ਪਛਾਣਹਿ ਪ੍ਰੀਤਮੁ ਮਿਲੈ, ਵੁਠਾ ਛਹਬਰ ਲਾਇ ॥ ਝਿਮਿ ਝਿਮਿ ਅੰਮ੍ਰਿਤੁ ਵਰਸਦਾ, ਤਿਸਨਾ ਭੁਖ ਸਭ ਜਾਇ ॥ (ਜਿਹੜੇ ਮਨੁੱਖ) ਆਪਣਾ ਆਪ ਪਛਾਣ ਲੈਂਦੇ ਹਨ, (ਉਨ੍ਹਾਂ ਨੂੰ) ਪਿਆਰਾ ਹਰੀ ਮਿਲਦਾ ਹੈ, (ਉਨ੍ਹਾਂ ਅੰਦਰ ਗੁਰੂ ਉਪਦੇਸ) ਝੜੀ ਲਾ ਕੇ ਵਰਸਦਾ ਹੈ।(ਜਦੋਂ) ਇਕ ਰਸ ਲਗਤਾਰ ਅੰਮ੍ਰਿਤ ਮਈ ਨਾਮ ਜਲ ਵਰਸਦਾ ਹੈ ਤਾਂ ਮਾਇਆ ਦੀ ਤ੍ਰਿਸ਼ਨਾ ਅਤੇ ਪਦਾਰਥਾਂ ਦੀ ਭੁੱਖ ਸਭ ਚਲੇ ਜਾਂਦੀ ਹੈ।

ਕੂਕ ਪੁਕਾਰ ਨ ਹੋਵਈ, ਜੋਤੀ ਜੋਤਿ ਮਿਲਾਇ ॥ ਨਾਨਕ ਸੁਖ ਸਵਨ੍ਹਿ ਸੋਹਾਗਣੀ, ਸਚੈ ਨਾਮਿ ਸਮਾਇ ॥੫੬॥ ਉਚੀ ਉਚੀ ਕੂਕਾਂ ਪੁਕਾਰਾਂ ਦੀ ਵੀ (ਉਸ ਨੂੰ ਲੋੜ) ਨਹੀ ਹੁੰਦੀ; ਜਮਾਂ ਦੀ ਕੂਕ ਪੁਕਾਰ ਨਹੀਂ ਹੁੰਦੀ, ਕਿਉਂਕਿ ਹਰੀ ਉਨ੍ਹਾਂ ਦੀ ਜੋਤ ਨੂੰ ਅਪਣੀ ਜੋਤ ਵਿਚ ਮਿਲਾ ਲੈਂਦਾ ਹੈ (ਮਿਲਾਪ ਲਈ ਉਚੀ ਕੂਕਾਂ ਪੁਕਾਰਾਂ ਦੀ ਲੋੜ ਨਹੀ ਰਹਿੰਦੀ, ਕਿਉਂਕਿ ਹਰੀ ਉਸ ਦੀ ਜੋਤ ਨੂੰ ਅਪਣੀ ਜੋਤ ਵਿਚ ਮਿਲਾ ਲੈਂਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ, ਉਹ ਸੁਹਾਗਣਾਂ ਸੁਖ ਨਾਲ ਸੌਂਦੀਆਂ ਹਨ (ਅਨੰਦ ਨਾਲ ਜੀਵਨ ਰੂਪ ਰਾਤ ਬਤੀਤ ਕਰਦੀਆਂ ਹਨ) ਅਤੇ ਸਦਾ ਥਿਰ ਹਰੀ ਦੇ ਨਾਮ ਵਿਚ ਸਮਾ ਜਾਂਦੀਆਂ ਹਨ।੫੬।

ਪਦਾਰਥ = ਬਾਬੀਹਾ–ਹੇ ਪਪੀਹੇ!।ਸਹਜਿ ਬੋਲ–ਅਡੋਲ ਹੋ ਕੇ ਬੋਲ (ਨਾਮ ਜਪ); ਇਕ ਮਨ ਹੋ ਕੇ ਨਾਮ ਜਪ।ਸਚੈ ਸਬਦਿ–ਸੱਚੇ ਗੁਰੂ ਦੇ ਸ਼ਬਦਿ ਵਿਚ ਜੁੜ ਕੇ।ਸੁਭਾਇ–ਸ੍ਰੇਸਟ ਪ੍ਰੇਮ ਨਾਲ।ਸਤਿਗੁਰਿ–ਸਤਿਗੁਰੂ ਨੇ।ਆਪੁ–ਅਪਣੇ ਆਪ ਨੂੰ।ਵੁਠਾ–ਵਰਸਦਾ ਹੈ। ਛਹਬਰ ਲਾਇ–ਝੜੀ ਲਾ ਕੇ; ਇਕ ਰਸ ਲਗਾਤਾਰ।ਝਿਮਿ ਝਿਮਿ–ਮੀਂਹ ਪੈਣ ਦੀ ਮਿੱਠੀ ਮਿੱਠੀ ਆਵਾਜ; ਇਕ ਰਸ ਮੀਂਹ

ਵਰ੍ਹਨਾ।ਕੂਕ ਪੁਕਾਰ-ਉਚੀ ਕੂਕਣਾ ਅਤੇ ਪੁਕਾਰਾਂ ਕਰਨੀਆਂ; ਜਮਾਂ ਦਾ ਸ਼ੋਰ ਸ਼ਰਾਬਾ।ਜੋਤੀ ਜੋਤਿ ਮਿਲਾਇ-ਮਨੁਖ ਦੀ ਆਤਮ ਜੋਤੀ ਹਰੀ ਦੀ ਜੋਤ ਵਿਚ ਮਿਲ ਗਈ।ਸੁਖ ਸਵਨ੍ਹਿ-ਸੁੱਖ ਨਾਲ ਸੌਂਦੀਆਂ ਹਨ; ਜੀਵਨ ਦੀ ਰਾਤ ਅਨੰਦ ਨਾਲ ਬਿਤਾਉਂਦੀਆਂ ਹਨ।ਨਾਮਿ ਸਮਾਇ-ਨਾਮ ਵਿਚ ਲੀਨ ਹੋ ਜਾਂਦੀਆਂ ਹਨ।੫੬।

ਧੁਰਹੁ ਖਸਮਿ ਭੇਜਿਆ, ਸਚੈ ਹੁਕਮਿ ਪਠਾਇ ॥ ਇੰਦੁ ਵਰਸੈ ਦਇਆ ਕਰਿ, ਗੂੜ੍ਹੀ ਛਹਬਰ ਲਾਇ ॥ ਹੇ ਭਾਈ! ਧੁਰ ਦਰਗਾਹ ਤੋਂ ਨਿਰੰਕਾਰ ਮਾਲਕ ਨੇ (ਸੱਤਗੁਰੂ ਰੂਪ ਬੱਦਲ ਨੂੰ) ਭੇਜਿਆ ਹੈ, ਸਦਾ ਥਿਰ ਹਰੀ ਨੇ ਅਪਣੇ ਹੁਕਮ ਅਨੁਸਾਰ ਭੇਜਿਆ ਹੈ।ਬੱਦਲ ਦੇ (ਰੂਪ ਵਿਚ ਗੁਰੂ) ਦਇਆ ਕਰਕੇ ਗਾੜ੍ਹੀ ਝੜੀ ਲਾ ਕੇ ਵਰਸਦਾ ਹੈ।

ਬਾਬੀਹੇ ਤਨਿ ਮਨਿ ਸੁਖੁ ਹੋਇ, ਜਾਂ ਤਤੁ ਬੂੰਦ ਮੁਹਿ ਪਾਇ ॥ ਅਨੁ ਧਨੁ ਬਹੁਤਾ ਉਪਜੈ, ਧਰਤੀ ਸੋਭਾ ਪਾਇ ॥ ਬਬੀਹੇ ਦੇ ਤਨ ਅਤੇ ਮਨ ਵਿਚ ਅਨੰਦ ਹੁੰਦਾ ਹੈ, ਜਦੋਂ (ਬਬੀਹਾ) ਤੱਤ ਰੂਪ ਨਾਮ ਦੀ ਬੂੰਦ ਮੂੰਹ ਵਿਚ ਪਾਉਂਦਾ ਹੈ।(ਗੁਰੂ ਰੂਪ ਬੱਦਲ ਦੇ ਵਰ੍ਹਨ ਨਾਲ) ਸ਼ੁੱਭ ਗੁਣਾਂ ਰੂਪ ਅਨਾਜ ਤੇ ਨਾਮ ਧਨ ਬਹੁਤ ਪੈਦਾ ਹੁੰਦਾ ਹੈ ਅਤੇ ਸਰੀਰ ਰੂਪ ਧਰਤੀ (ਸ਼ੁੱਭ ਗੁਣ ਪੈਦਾ ਹੋਣ ਤੇ) ਸੋਭਾ ਪਾਉਂਦੀ ਹੈ।

ਅਨਦਿਨੁ ਲੋਕੁ ਭਗਤਿ ਕਰੇ, ਗੁਰ ਕੈ ਸਬਦਿ ਸਮਾਇ ॥ ਆਪੇ ਸਚਾ ਬਖਸਿ ਲਏ, ਕਰਿ ਕਿਰਪਾ ਕਰੈ ਰਜਾਇ ॥ (ਮੀਂਹ ਪੈਣ ਨਾਲ ਲੋਕ ਰੱਬ ਦਾ ਸ਼ੁਕਰ ਕਰਦੇ ਹਨ) ਗੁਰੂ ਦੇ ਸ਼ਬਦ ਵਿਚ ਲੀਨ ਹੋ ਕੇ ਲੋਕ ਹਰ ਰੋਜ ਹਰੀ ਦੀ ਭਗਤੀ ਕਰਦੇ ਹਨ।ਸੱਚਾ ਹਰੀ ਆਪੇ ਹੀ ਉਨ੍ਹਾਂ (ਸ਼ਬਦ ਵਿਚ ਲੀਨ ਹੋਏ ਲੋਕਾਂ) ਨੂੰ ਬਖਸ਼ ਲੈਂਦਾ ਹੈ ਤੇ ਕਿਰਪਾ ਕਰਕੇ (ਮਾਯਾ ਤੋਂ) ਤ੍ਰਿਪਤ ਕਰ ਦੇਂਦਾ ਹੈ; ਆਗਿਆ ਵਿਚ ਲਾ ਲੈਂਦਾ ਹੈ।

ਹਰਿ ਗੁਣ ਗਾਵਹੁ ਕਾਮਣੀ, ਸਚੈ ਸਬਦਿ ਸਮਾਇ ॥ ਭੈ ਕਾ ਸਹਜੁ ਸੀਗਾਰੁ ਕਰਿਹੁ ,ਸਚਿ ਰਹਹੁ ਲਿਵ ਲਾਇ ॥ ਹੇ ਜਗਿਆਸੂ ਰੂਪ ਇਸਤ੍ਰੀਓ! ਸੱਚੇ ਹਰੀ ਦੇ ਸ਼ਬਦ ਵਿਚ ਲੀਨ ਹੋ ਕੇ ਹਰੀ ਦੇ ਗੁਣ ਗਾਓ।(ਹਰੀ ਦੇ) ਭੈ ਤੋਂ ਪੈਦਾ ਹੋਈ ਸਹਿਜ ਅਵਸਥਾ ਨੂੰ ਸਿੰਗਾਰ ਬਣਾਓ ਅਤੇ ਸੱਚੇ ਹਰੀ ਵਿਚ ਲਿਵ ਲਾ ਕੇ ਰਹੋ।

ਨਾਨਕ ਨਾਮੋ ਮਨਿ ਵਸੈ, ਹਰਿ ਦਰਗਹ ਲਏ ਛਡਾਇ ॥੫੭॥ਨਾਨਕ ਗੁਰੂ ਜੀ ਕਹਿੰਦੇ ਹਨ ਕਿ ਜਿਨ੍ਹਾਂ ਦੇ ਮਨ ਵਿਚ ਹਰੀ ਦਾ ਨਾਮ ਵਸਦਾ ਹੈ, ਉਨ੍ਹਾਂ ਨੂੰ ਹਰੀ ਦਰਗਾਹ ਵਿਚ (ਕੀਤੇ ਕਰਮਾਂ ਦੇ ਲੇਖੇ) ਤੋਂ ਛੁਡਾ ਲੈਂਦਾ ਹੈ।

ਪਦਾਰਥ = ਧੁਰਹੁ-ਧੁਰ ਦਰਗਾਹ ਤੋਂ।ਖਸਮਿ-ਮਾਲਕ (ਨਿਰੰਕਾਰ) ਨੇ।ਹੁਕਮਿ-ਹੁਕਮ ਅਨੁਸਾਰ।ਪਠਾਇ-ਭੇਜਿਆ।ਇੰਦੁ-ਬੱਦਲ (ਰੂਪ ਗੁਰੂ)।ਗੂੜ੍ਹੀ ਛਹਬਰ-ਗਾੜ੍ਹੀ ਝੜੀ (ਜੋਰ ਦਾ ਮੀਂਹ)।ਤਨਿ-ਸਰੀਰ ਵਿਚ।ਮਨਿ-ਮਨ ਵਿਚ।ਤਤੁ ਬੂੰਦ-ਸਾਰ ਰੂਪ (ਨਾਮ ਦੀ) ਬੂੰਦ; ਜੀਵਨ ਤੱਤ ਨਾਮ।ਮੁਹਿ-ਮੂੰਹ ਵਿਚ।ਅਨੁ-ਅਨਾਜ।ਉਪਜੈ-ਪੈਦਾ ਹੁੰਦਾ ਹੈ।ਪਾਇ-ਪਾਉਂਦੀ ਹੈ।ਅਨਦਿਨੁ-ਹਰ ਰੋਜ।ਸਮਾਇ-ਲੀਨ ਹੋ ਕੇ।ਰਜਾਇ-ਤ੍ਰਿਪਤ ਕਰ ਦੇਂਦਾ ਹੈ।ਕਾਮਣੀ-ਹੇ ਇਸਤ੍ਰੀਓ!।ਸਹਜੁ-ਸਹਿਜ ਅਵਸਥਾ।ਸੀਗਾਰੁ ਕਰਿਹੁ-ਸਿੰਗਾਰ ਬਣਾਓ ।ਹਰਿ ਦਰਗਹ-ਨਿਆਉਂ ਕਰਨ ਵਾਲਾ ਹਰੀ ਦਾ ਦਰਬਾਰ।ਲਏ ਛਡਾਇ-(ਲੇਖੇ ਤੋਂ) ਛੁਡਾ ਲੈਂਦਾ ਹੈ।੫੭।

ਬਾਬੀਹਾ ਸਗਲੀ ਧਰਤੀ ਜੇ ਫਿਰਹਿ, ਊਡਿ ਚੜਹਿ ਆਕਾਸਿ ॥ ਹੇ ਜਗਿਆਸੂ ਰੂਪ ਬਬੀਹੇ! ਜੇ ਤੂੰ (ਤੀਰਥ ਯਾਤਰਾ ਲਈ) ਸਾਰੀ ਧਰਤੀ ਤੇ ਫਿਰਦਾ ਰਹੇਂ ਅਤੇ ਸਿੱਧੀ ਦੇ ਬਲ ਨਾਲ ਅਕਾਸ਼ ਵਿਖੇ ਚੜ੍ਹ ਜਾਵੇਂ {ਉਡਾਂ ਊਡਿ ਚੜਾ ਅਸਮਾਨਿ ੧੨੫੭}; ਪ੍ਰਾਣਾਂ ਯਾਮ ਕਰਕੇ ਦਸਮ ਦੁਆਰ ਵਿਚ ਪੁਜ ਜਾਵੇਂ; ਸੁਰਗ ਜਾਂ ਸੁਮੇਰ ਤੇ ਚੜ੍ਹ ਜਾਵੇਂ (ਫਿਰ ਵੀ ਸੱਤਗੁਰੂ ਤੋਂ ਬਿਨਾ ਸ਼ਾਂਤੀ ਨਹੀਂ ਮਿਲੇਗੀ)।

ਸਤਿਗੁਰਿ ਮਿਲਿਐ ਜਲੁ ਪਾਈਐ, ਚੂਕੈ ਭੂਖ ਪਿਆਸ ॥ ਜੀਉ ਪਿੰਡੁ ਸਭੁ ਤਿਸ ਕਾ, ਸਭੁ ਕਿਛੁ ਤਿਸ ਕੈ ਪਾਸਿ ॥ ਸੱਤਗੁਰੂ ਦੇ ਮਿਲਣ ਨਾਲ ਨਾਮ ਜਲ ਪਾਈਦਾ ਹੈ, (ਜਿਸ ਕਰਕੇ ਸਭ ਚੀਜਾਂ ਦੀ) ਭੁੱਖ ਤੇ ਪਿਆਸ ਮਿਟ ਜਾਂਦੀ ਹੈ।(ਇਹ) ਜਿੰਦ ਤੇ ਸਰੀਰ ਸਭ (ਹਰੀ ਦਾ ਦਿਤਾ ਹੋਇਆ) ਹੈ, ਕਿਉਂਕਿ ਹਰੇਕ ਦਾਤ ਉਸ ਹਰੀ ਪਾਸ ਹੈ।

ਵਿਣੁ ਬੋਲਿਆ ਸਭੁ ਕਿਛੁ ਜਾਣਦਾ, ਕਿਸੁ ਆਗੈ ਕੀਚੈ ਅਰਦਾਸਿ ॥ ਨਾਨਕ ਘਟਿ ਘਟਿ ਏਕੋ ਵਰਤਦਾ, ਸਬਦਿ ਕਰੇ ਪਰਗਾਸ ॥੫੮॥ ਬਿਨਾ ਬੋਲਿਆਂ ਹੀ ਸਭ ਕੁਛ ਜਾਣਦਾ ਹੈ, (ਫਿਰ) ਕਿਸ ਅੱਗੇ ਅਰਦਾਸ ਕੀਤੀ ਜਾਵੇ? (ਦਿਲ ਦੀ ਗੱਲ ਜਾਣ ਕੇ ਸਭ ਕੁਛ ਵਾਹਿਗੁਰੂ ਦੇਈ ਜਾਂਦਾ ਹੈ ਤਾਂ ਉਸ ਨੂੰ ਛਡ ਕੇ ਦੇਵੀ ਦੇਵਤਿਆਂ ਅੱਗੇ ਕਿਉਂ ਅਰਦਾਸਾਂ ਕਰਦੇ ਹੋ)।ਗੁਰੂ ਜੀ ਆਖਦੇ ਹਨ ਕਿ ਹਰੇਕ ਸਰੀਰ ਵਿਚ ਇਕੋ ਹਰੀ ਵਰਤਦਾ (ਵਿਆਪਕ) ਹੈ, (ਪਰ ਉਸਦੇ ਗਿਆਨ ਦਾ) ਪ੍ਰਕਾਸ਼ ਸ਼ਬਦ ਦੁਆਰਾ ਹੀ ਹੁੰਦਾ ਹੈ (ਪ੍ਰਗਟ ਸ਼ਬਦ ਰਾਹੀ ਹੁੰਦਾ ਹੈ)।੫੮।

ਪਦਾਰਥ = ਬਾਬੀਹਾ-ਹੇ ਪਪੀਹੇ (ਨਾਮ ਰੂਪ ਸ੍ਵਾਂਤੀ ਬੂੰਦ ਦੇ ਚਾਹਵਾਨ ਮਨੁੱਖ)!।ਸਗਲੀ-ਸਾਰੀ।ਜੇ ਫਿਰਹਿ-ਜੇ ਫਿਰਦਾ ਰਹੇਂ। ਊਡਿ-ਉਡ ਕੇ।ਚੜਹਿ ਆਕਾਸਿ-ਅਕਾਸ਼ ਵਿਚ ਚੜ੍ਹ ਜਾਵੇਂ(ਸਿੱਧੀ ਜਾਂ ਪ੍ਰਾਣਾਯਾਮ ਦੇ ਬਲ ਨਾਲ ਜੋਗੀ ਸਾਧੂ ਦਸਮ ਦੁਆਰ, ਸੁਰਗ ,ਅਕਾਸ਼ ਵਿਚ, ਦੇਵਤਿਆਂ ਦੀਆਂ ਪੁਰੀਆਂ ਵਿਚ ਪਹੁੰਚ ਜਾਂਦੇ ਹਨ)।ਚੂਕੈ-ਮਿਟ ਜਾਂਦੀ ਹੈ।ਜੀਉ-ਜਿੰਦ।ਪਿੰਡੁ-ਸਰੀਰ।ਤਿਸ ਕਾ-ਉਸ (ਹਰੀ) ਦਾ।ਤਿਸ ਕੈ-ਉਸ ਦੇ।ਵਿਣੁਬੋਲਿਆ-ਬਿਨਾ ਬੋਲਿਆਂ ਤੋਂ ਹੀ।ਕੀਚੈ-ਕੀਤੀ ਜਾਏ।ਘਟਿ ਘਟਿ-ਹਰੇਕ ਸਰੀਰ ਵਿਚ। ਏਕੋ-ਇਕ ਪ੍ਰਭੂ।ਸਬਦਿ-ਗੁਰੂ ਦੇ ਸ਼ਬਦ ਦੁਆਰਾ।ਪਰਗਾਸ-ਗਿਆਨ ਦਾ ਪ੍ਰਕਾਸ਼।੫੮।

ਨਾਨਕ ਤਿਸੈ ਬਸੰਤੁ ਹੈ, ਜਿ ਸਤਿਗੁਰੁ ਸੇਵਿ ਸਮਾਇ ॥ ਹਰਿ ਵੁਠਾ ਮਨੁ ਤਨੁ ਸਭੁ ਪਰਫੜੈ, ਸਭੁ ਜਗੁ ਹਰੀਆਵਲੁ ਹੋਇ ॥੫੯॥ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪੁਰਖ ਲਈ ਸਦਾ ਬਸੰਤ (ਬਹਾਰ ਦੀ ਰੁੱਤ ਭਾਵ ਆਤਮਕ ਅਨੰਦ) ਹੈ, ਜਿਹੜਾ ਸੱਤਗੁਰੂ ਨੂੰ ਸੇਵ ਕੇ (ਨਾਮ ਵਿਚ) ਲੀਨ ਰਹਿੰਦਾ ਹੈ।(ਉਸ ਮਨੁੱਖ ਦੇ ਅੰਦਰ) ਹਰੀ ਵਸ ਜਾਂਦਾ ਹੈ (ਇਸ ਕਰਕੇ ਉਸਦਾ) ਮਨ ਤੇ ਤਨ ਖਿੜ ਜਾਂਦਾ ਹੈ, (ਉਸ ਮਨੁੱਖ ਨੂੰ) ਸਾਰਾ ਜਗਤ ਹਰਾ ਭਰਾ ਹੋਇਆ ਦਿਸਦਾ ਹੈ; ਜਦੋਂ ਹਰੀ ਵਰਖਾ ਕਰਦਾ ਹੈ, (ਜਦ ਹਰੀ ਰੂਪ ਸਤਗੁਰੂ ਉਪਦੇਸ਼ ਰੂਪ ਵਰਖਾ ਕਰਦਾ ਹੈ) ਉਦੋਂ (ਤਪਸ਼ ਦੂਰ ਹੋ ਕੇ ਗੁਰਮੁਖਾਂ ਦਾ) ਮਨ ਤਨ ਪ੍ਰਫੁਲੱਤ ਹੋ (ਖਿੜ) ਜਾਂਦਾ ਹੈ (ਉਸ ਪਿਆਰੇ ਗੁਰਮੁਖ ਦੀ ਹਰਿਆਵਲਤਾ ਨੂੰ ਦੇਖ ਕੇ) ਸਾਰਾ ਜਗਤ ਹਰਾ ਭਰਾ ਹੋ ਜਾਂਦਾ ਹੈ (ਟਕਸਾਲ ਦੀ ਟੇਪ)।੫੯।

ਪਦਾਰਥ = ਤਿਸੈ–ਉਸ ਮਨੁੱਖ ਲਈ।ਬਸੰਤੁ–ਬਹਾਰ ਦੀ ਰੁੱਤ; (ਆਤਮਕ ਅਨੰਦ ਦਾ ਸਮਾਂ); ਖਿੜਾਉ।ਜਿ–ਜਿਹੜਾ।ਸੇਵਿ–ਸੇਵਾ ਵਿਚ।ਸਮਾਇ–ਲੀਨ ਰਹਿੰਦਾ ਹੈ।ਵੁਠਾ–ਵਸਦਾ ਹੈ।ਪਰਫੜੈ–ਖਿੜ ਜਾਂਦਾ ਹੈ।ਜਗੁ–ਜਗਤ।ਹਰੀਆਵਲੁ–ਹਰਾ ਭਰਾ।

ਵਿਆਖਿਆ = ਵਰਖਾ ਰੁੱਤ ਵਿਚ ਬਬੀਹੇ ਦੀ ਮਿਸਾਲ ਦੇ ਕੇ ਗੁਰੂ ਅਮਰਦਾਸ ਜੀ ਨੇ ਨਾਮ ਦੇ ਚਾਹਵਾਨ ਮਨੁੱਖ ਦਾ ਵਰਨਣ ਕੀਤਾ ਹੈ।ਇਸੇ ਤਰ੍ਹਾਂ ਬਸੰਤ ਰੁੱਤ ਵਿਚ ਸਾਰੀ ਬਨਸਪਤੀ ਤੇ ਨਵਾਂ ਜੋਬਨ ਤੇ ਖਿੜਾਉ ਆਇਆ ਹੁੰਦਾ ਹੈ।ਨਾਮ ਰਸੀਏ ਮਨੁੱਖ ਦੇ ਮਨ ਵਿਚ ਵੀ ਇਸੇ ਤਰ੍ਹਾਂ ਦਾ ਅਨੰਦ ਬਣਿਆ ਰਹਿੰਦਾ ਹੈ।ਲੋਕ ਕਹਾਵਤ ਹੈ, ਸਦਾ ਦਿਵਾਲੀ ਸਾਧ ਦੀ ਅੱਠੇ ਪਹਿਰ ਬਸੰਤ।{ਸਾਚਿ ਰਤੇ ਤਿਨ ਸਦ ਬਸੰਤ ੧੧੭੩; ਤਿਨ੍ ਬਸੰਤੁ ,ਜੋ ਹਰਿ ਗੁਣ ਗਾਇ ੧੧੭੬}।ਜਦ ਮੀਂਹ ਵਰ੍ਹਦਾ ਹੈ ਤਾਂ ਤਪਸ਼ ਦੂਰ ਹੋ ਕੇ ਸਭ ਦੇ ਮਨ ਤੇ ਤਨ ਨੂੰ ਸ਼ਾਂਤੀ ਮਿਲਦੀ ਹੈ, ਸਾਰੇ ਪਾਸੇ ਹਰਿਆਵਲ ਹੋ ਜਾਂਦੀ ਹੈ।ਜਦ ਗੁਰੂ ਨਾਮ ਬਾਣੀ ਦੇ ਉਪਦੇਸ਼ ਦਾ ਮੀਂਹ ਵਰਸਾਉਂਦਾ ਹੈ, ਤਾਂ ਮਨ ਤਨ ਰੂਪ ਸਾਰੀ ਧਰਤੀ ਸ਼ੁੱਭ ਗੁਣਾਂ ਨਾਲ ਹਰੀ ਭਰੀ ਹੋ ਜਾਂਦੀ ਹੈ।੫੯।

ਸਬਦੇ ਸਦਾ ਬਸੰਤੁ ਹੈ, ਜਿਤੁ ਤਨੁ ਮਨੁ ਹਰਿਆ ਹੋਇ ॥ ਨਾਨਕ ਨਾਮੁ ਨ ਵੀਸਰੈ, ਜਿਨਿ ਸਿਰਿਆ ਸਭੁ ਕੋਇ ॥੬੦॥ ਹੇ ਭਾਈ! ਗੁਰੂ ਦੇ ਸ਼ਬਦ ਕਰਕੇ ਸਦਾ ਬਸੰਤ ਦੀ ਰੁੱਤ ਵਾਲਾ ਖਿੜਾਉ (ਆਤਮਕ ਅਨੰਦ) ਬਣਿਆ ਰਹਿੰਦਾ ਹੈ, ਜਿਸ ਨਾਲ ਤਨ ਮਨ (ਸ਼ੁੱਭ ਗੁਣਾਂ ਨਾਲ) ਹਰਾ ਭਰਾ (ਪ੍ਰਫੁਲਤ) ਹੋ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਹਰੀ ਨੇ ਸਭ ਕਿਸੇ (ਸਾਰੇ ਜੀਵਾਂ) ਨੂੰ ਪੈਦਾ ਕੀਤਾ ਹੈ, ਉਸਦਾ ਨਾਮ ਕਦੇ ਵੀ ਮੈਨੂੰ ਭੁੱਲਦਾ ਨਹੀ।੬੦।

ਪਦਾਰਥ = ਸਬਦੇ–ਸ਼ਬਦ ਕਰਕੇ।ਬਸੰਤੁ–ਬਸੰਤ ਦੀ ਰੁੱਤ।ਜਿਤੁ–ਜਿਸ ਨਾਲ।ਹਰਿਆ–ਪ੍ਰਫੁਲਤ; ਖਿੜਿਆ ਹੋਇਆ।ਨ ਵੀਸਰੈ–ਨਹੀਂ ਭੁਲਦਾ।ਜਿਨਿ–ਜਿਸ (ਹਰੀ) ਨੇ।ਸਿਰਿਆ–ਪੈਦਾ ਕੀਤਾ।ਸਭ ਕੋਇ–ਸਭ ਕੋਈ (ਹਰੇਕ ਜੀਵ)।੬੦।

ਨਾਨਕ ਤਿਨਾ ਬਸੰਤੁ ਹੈ, ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥ ਹਰਿ ਵੁਠੈ ਮਨੁ ਤਨੁ ਪਰਫੜੈ, ਸਭੁ ਜਗੁ ਹਰਿਆ ਹੋਇ ॥੬੧॥ ਹੇ ਨਾਨਕ! ਉਨ੍ਹਾਂ (ਮਨੁੱਖਾਂ) ਨੂੰ ਸਦਾ ਅਨੰਦ (ਬਹਾਰ ਦਾ ਮੌਸਮ) ਬਣਿਆ ਰਹਿੰਦਾ ਹੈ, ਜਿਨ੍ਹਾ ਦੇ ਮਨ ਵਿਚ ਗੁਰੂ ਦੁਆਰਾ ਉਹ ਹਰੀ ਵਸਿਆ ਹੈ।(ਕਿਉਂਕਿ ਜਦ ਮਨੁੱਖ ਦੇ ਅੰਦਰ) ਹਰੀ ਆ ਵਸਦਾ ਹੈ ਤਾਂ ਮਨ ਤਨ ਖਿੜ ਜਾਂਦੇ ਹਨ, ਜਿਵੇਂ (ਬਸੰਤ ਰੁੱਤ ਵਿਚ) ਸਾਰਾ ਜਗਤ ਹਰਾ ਭਰਾ ਹੋ ਜਾਂਦਾ ਹੈ।੬੧।

ਪਦਾਰਥ = ਤਿਨਾ–ਉਨ੍ਹਾਂ ਨੂੰ।ਬਸੰਤੁ–ਬਸੰਤ ਰੁੱਤ।ਜਿਨਾ–ਜਿਨ੍ਹਾਂ ਦੇ।ਗੁਰਮੁਖਿ–ਗੁਰੂ ਦੁਆਰਾ।ਮਨਿ–ਮਨ ਵਿਚ।ਸੋਇ–ਉਹ (ਹਰੀ)।ਵੁਠੈ–ਵਸਦਾ ਹੈ।ਪਰਫੜੈ–ਖਿੜ ਜਾਂਦਾ ਹੈ।ਹਰਿਆ–ਹਰਾ ਭਰਾ।੬੧।

ਵਡੜੈ ਝਾਲਿ ਝਲੁੰਭਲੈ, ਨਾਵੜਾ ਲਈਐ ਕਿਸੁ ॥ ਨਾਉ ਲਈਐ ਪਰਮੇਸਰੈ, ਭੰਨਣ ਘੜਣ ਸਮਰਥੁ ॥੬੨॥ (ਸਿੱਖ ਵੱਲੋਂ ਬੇਨਤੀ, ਹੇ ਗੁਰੂ ਜੀ!) ਵੱਡੇ ਸਵੇਰੇ ਭਾਵ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਕਿਸ ਦਾ ਨਾਮ ਲੈਣਾ (ਜਪਣਾ) ਚਾਹੀਦਾ ਹੈ? (ਗੁਰ ਉਤਰ, ਹੇ ਗੁਰਸਿੱਖੋ!) ਪ੍ਰਮੇਸ਼ਰ ਦਾ ਨਾਮ ਹੀ ਲੈਣਾ (ਜਪਣਾ) ਚਾਹੀਦਾ ਹੈ, ਜੋ ਜਗਤ ਨੂੰ ਬਣਾਉਣ ਅਤੇ ਤੋੜਨ (ਨਾਸ ਕਰਨ) ਦੀ ਸ਼ਕਤੀ ਰਖਦਾ ਹੈ।੬੨।ਭੰਨਣ ਘੜਣ ਸਮਰਥੁ ਹੈ, ਓਪਤਿ ਸਭ ਪਰਲੈ।(੧੧੦੨)

ਪਦਾਰਥ = ਵਡੜੈ–ਵੱਡੇ ਵੇਲੇ।ਝਾਲਿ–ਉਹ ਵੇਲਾ ਜਦ ਚਾਨਣਾ ਆ ਪਵੇ (ਪਹੁ ਫੁਟਾਲਾ); ਸਵੇਰੇ; ਤੜਕੇ।ਝਲੁੰਭਲੈ–ਅੰਭ–ਜਲ ਦੀ ਲਹਿਰ ਵਿਚ ਗੋਤਾ ਮਾਰਨਾ; ਇਸ਼ਨਾਨ ਕਰਨਾ (ਮ.ਕੋ.)।ਵਡੜੈ ਝਾਲਿ ਝਲੁੰਭਲੈ–ਵੱਡੇ ਤੋਂ ਵੱਡਾ ਤੜਕਾ (ਪਹਿਰ ਰਾਤ ਰਹਿੰਦੀ ਦਾ ਸਮਾਂ); ਪਹੁ ਫੁੱਟਣ (ਚਾਨਣਾ ਹੋਣ) ਤੋਂ ਪਹਿਲਾਂ ਦਾ ਸਮਾਂ।ਨਾਵੜਾ–ਨਾਮ।ਲਈਐ–ਲਈਏ (ਜਪੀਏ)।ਕਿਸੁ–ਕਿਸਦਾ।ਪਰਮੇਸਰੈ–ਪ੍ਰਮੇਸਰ ਦਾ।ਭੰਨਣ–ਤੋੜਨ ਦੀ।ਘੜਣ–ਰਚਨ; ਬਣਾਉਣ ਦੀ।ਸਮਰਥੁ–ਤਾਕਤ; ਸ਼ਕਤੀ।੬੨।

ਵਿਆਖਿਆ = ਚੁਰਾਸੀ ਲੱਖ ਜੂਨ ਰਾਤ ਦੇ ਪਹਿਲੇ ਤਿੰਨ ਪਹਿਰ ਹਨ ਤੇ ਮਨੁੱਖਾ ਜਨਮ ਸਾਰੀਆਂ ਜੂਨਾਂ ਤੋਂ ਬਾਦ ਮਿਲਿਆ ਹੋਣ ਕਰਕੇ ਰਾਤ ਦਾ ਚੌਥਾ ਪਹਿਰ (ਅੰਮ੍ਰਿਤ ਵੇਲਾ) ਹੈ।ਇਸੇ ਤਰ੍ਹਾਂ ਚਾਰ ਜੁਗਾਂ ਵਿਚੋਂ ਪਹਿਲੇ ਤਿੰਨ ਜੁਗ ਰਾਤ ਦੇ ਪਹਿਲੇ ਤਿੰਨ ਪਹਿਰਾਂ ਦੀ ਨਿਆਈਂ ਹਨ ਅਤੇ ਕਲਜੁਗ ਮਗਰੋਂ ਆਇਆ ਕਰਕੇ ਅੰਮ੍ਰਿਤ ਵੇਲਾ ਹੈ।ਕਲਜੁਗ ਅੰਮ੍ਰਿਤ ਵੇਲਾ ਨਾਮ ਜਪਣ ਦਾ ਸਮਾਂ ਹੈ {ਅਬ ਕਲੂ ਆਇਓ ਰੇ।ਇਕ ਨਾਮੁ ਬੋਵਹੁ ਬੋਵਹੁ ੧੧੮੫} ਗੁਰੂ ਦੀ ਸ਼ਰਣ ਵਿਚ ਆਉਣ ਦਾ ਸਮਾਂ ਵੀ ਅੰਮ੍ਰਿਤ ਵੇਲਾ ਹੈ {ਪਿਛਲ ਰਾਤਿ ਨ ਜਾਗਿਓਹਿ, ਜੀਵਦੜੋ ਮੁਇਓਹਿ ੧੩੮੩}।ਅੰਮ੍ਰਿਤ ਵੇਲੇ ਸ਼ਨਾਨ ਕਰਕੇ ਵਾਹਿਗੁਰੂ ਦਾ ਨਾਮ ਜਪਣਾ ਚਾਹੀਦਾ ਹੈ ਜੋ ਸਭ ਨੂੰ

ਬਣਾਉਣ ਅਤੇ ਨਾਸ਼ ਕਰਨ ਦੀ ਸਮਰੱਥਾ ਰੱਖਦਾ ਹੈ।੬੨।

ਹਰਹਟ ਭੀ ਤੂੰ ਤੂੰ ਕਰਹਿ, ਬੋਲਹਿ ਭਲੀ ਬਾਣਿ ॥ ਸਾਹਿਬੁ ਸਦਾ ਹਦੂਰਿ ਹੈ, ਕਿਆ ਉਚੀ ਕਰਹਿ ਪੁਕਾਰ ॥ ਹੇ ਹਰ੍ਹਟ! ਤੂੰ ਵੀ (ਮਿੱਠੀ ਸੁਰ ਵਿਚ) ਤੂੰ ਤੂੰ ਕਰਦਾ ਹੈਂ ਅਤੇ ਸੁੰਦਰ ਬੋਲੀ ਬੋਲਦਾ ਹੈਂ।(ਪਰ) ਮਾਲਕ ਤਾਂ ਸਦਾ ਹੀ ਹਾਜਰ ਨਾਜਰ (ਪ੍ਰਤੱਖ) ਹੈ, ਫਿਰ ਤੂੰ ਉਚੀ ਉਚੀ ਪੁਕਾਰਾਂ ਕਿਸ ਵਾਸਤੇ ਕਰਦਾ ਹੈਂ? (ਉਸ ਨੂੰ ਮਨ ਕਰਕੇ ਚੇਤੇ ਕਰ)।

ਜਿਨਿ ਜਗਤੁ ਉਪਾਇ, ਹਰਿ ਰੰਗੁ ਕੀਆ, ਤਿਸੈ ਵਿਟਹੁ ਕੁਰਬਾਣੁ ॥ ਆਪੁ ਛੋਡਹਿ ਤਾਂ ਸਹੁ ਮਿਲੈ, ਸਚਾ ਏਹੁ ਵੀਚਾਰੁ ॥ ਜਿਸ ਹਰੀ ਨੇ ਜਗਤ ਪੈਦਾ ਕਰਕੇ ਖੇਲ ਬਣਾਇਆ ਹੈ, ਉਸ (ਹਰੀ) ਤੋਂ ਸਦਕੇ ਜਾਇਆ ਕਰ।(ਤੂੰ) ਆਪਾ ਭਾਵ ਛਡ ਦੇਵੇਂ ਤਾਂ ਮਾਲਕ ਹਰੀ ਮਿਲਦਾ ਹੈ, ਇਹ (ਆਤਮਾ ਦਾ) ਸੱਚਾ ਵਿਚਾਰ ਹੈ।

ਹਉਮੈ ਫਿਕਾ ਬੋਲਣਾ, ਬੁਝਿ ਨ ਸਕਾ ਕਾਰ ॥ ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ, ਅਨਦਿਨੁ ਸਦਾ ਵਿਹਾਣ ॥ ਬਿਨੁ ਸਤਿਗੁਰ ਕਿਨੈ ਨ ਪਾਇਆ, ਕਰਿ ਕਰਿ ਥਕੇ ਵੀਚਾਰ ॥ ਹਉਮੈ ਵਿਚ (ਤੂੰ ਤੂੰ) ਬੋਲਣਾ ਫਿੱਕਾ (ਬੇ ਰਸਾ) ਹੈ, (ਇਸ ਨਾਲ ਵਾਹਿਗੁਰੂ ਦੀ ਭਗਤੀ ਰੂਪ) ਕਾਰ ਨੂੰ ਸਮਝ ਨਹੀਂ ਸਕੀਦਾ।(ਹੇ ਹਰੀ!) ਜੰਗਲ, ਘਾਹ ਅਤੇ ਤਿੰਨੇ ਭਵਣ (ਮਾਤ ਲੋਕ, ਪਤਾਲ ਲੋਕ ਤੇ ਪ੍ਰਲੋਕ ਦੇ ਜੀਵ ਸਾਰੇ) ਤੈਨੂੰ ਧਿਆਉਂਦੇ ਹਨ, ਹਰ ਰੋਜ (ਉਨ੍ਹਾਂ ਦਾ ਤੇਰੀ ਹੀ ਯਾਦ ਵਿਚ) ਸਦਾ ਬੀਤਦਾ ਹੈ।(ਵਾਹਿਗੁਰੂ ਦੀ ਪ੍ਰਾਪਤੀ ਦੀਆਂ) ਵਿਚਾਰਾਂ ਕਰ ਕਰ ਕੇ ਸਾਰੇ ਥੱਕ ਗਏ ਹਨ, (ਪਰ) ਸੱਤਗੁਰੂ ਤੋਂ ਬਿਨਾ ਹਰੀ ਨੂੰ ਕਿਸੇ ਨੇ ਨਹੀਂ ਪਾਇਆ।

ਨਦਰਿ ਕਰਹਿ ਜੇ ਆਪਣੀ, ਤਾਂ ਆਪੇ ਲੈਹਿ ਸਵਾਰਿ ॥ ਨਾਨਕ ਗੁਰਮੁਖਿ ਜਿਨੀ ਧਿਆਇਆ, ਆਏ ਸੇ ਪਰਵਾਣੁ ॥੬੩॥ ਜੇ ਹਰੀ ਅਪਣੀ ਮੇਹਰ ਦੀ ਨਜਰ ਕਰ ਦੇਵੇ, ਤਾਂ ਆਪੇ (ਜੀਵਾਂ ਨੂੰ) ਸਵਾਰ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸ਼ਰਨ ਵਿਚ ਪੈ ਕੇ (ਹਰੀ ਦਾ ਨਾਮ) ਧਿਆਇਆ ਹੈ, ਉਹ (ਹੀ ਸੰਸਾਰ ਵਿਚ) ਆਏ ਹੋਏ ਪ੍ਰਵਾਨ ਹਨ।੬੩।

ਪਦਾਰਥ = ਹਰਹਟ-(ਖੂਹ ਵਿਚੋਂ ਟਿੰਡਾਂ ਰਾਹੀਂ ਪਾਣੀ ਕੱਢਣ ਵਾਲਾ ਸੰਦ)ਹੇ ਹਰ੍ਹਟ!।ਤੂੰ ਭੀ-ਤੂੰ ਵੀ।ਕਰਹਿ-ਕਰਦਾ ਹੈਂ।ਬੋਲਹਿ-ਬੋਲਦਾ ਹੈਂ।ਭਲੀ ਬਾਣਿ-ਸੁੰਦਰ ਬੋਲੀ।ਸਾਹਿਬੁ-ਮਾਲਕ (ਹਰੀ)।ਹਦੂਰਿ-ਹਾਜਰ ਨਾਜਰ।ਕਿਆ-ਕਿਸ ਵਾਸਤੇ।ਜਿਨਿ-ਜਿਸ (ਪ੍ਰਭੂ) ਨੇ।ਉਪਾਇ-ਪੈਦਾ ਕਰਕੇ।ਰੰਗੁ ਕੀਆ-ਖੇਲ ਬਣਾਇਆ ਹੈ।ਤਿਸੈ ਵਿਟਹੁ-ਉਸ ਤੋਂ।ਆਪੁ-ਅਪਣੱਤ; ਆਪਾ ਭਾਵ।ਸਹੁ-ਪਤੀ ਮਾਲਕ।ਫਿਕਾ-ਬੇ ਰਸ ਵਾਲਾ; ਬੇ ਸੁਆਦਾ।ਕਾਰ-ਭਗਤੀ ਰੂਪ ਕਾਰ।ਵਣੁ-ਜੰਗਲ।ਤ੍ਰਿਣੁ-ਘਾਹ।ਤ੍ਰਿਭਵਣੁ-ਤਿੰਨੇ ਭਵਣ।ਅਨਦਿਨੁ -ਹਰ ਰੋਜ।ਵਿਹਾਣ-ਬੀਤਦਾ ਹੈ।ਨਦਰਿ-ਮੇਹਰ ਦੀ ਨਜਰ।ਕਰਹਿ-ਕਰ ਦੇਵੇਂ।ਲੈਹਿ ਸਵਾਰਿ-ਸਵਾਰ ਲੈਂਦਾ ਹੈ।ਗੁਰਮੁਖਿ-ਗੁਰੂ ਦੀ ਸ਼ਰਨ ਵਿਚ ਪੈ ਕੇ।ਜਿਨੀ-ਜਿਨ੍ਹਾਂ ਨੇ।ਸੇ-ਉਹ (ਮਨੁੱਖ)।ਪਰਵਾਣੁ-ਪ੍ਰਵਾਨ; ਕਬੂਲ।੬੩।

ਵਿਆਖਿਆ = ਕੋਈ ਫਕੀਰ ਲੋਕ ਦਿਖਾਵੇ ਲਈ, ਇਕ ਚਲ ਰਹੇ ਹਰ੍ਹਟ ਕੋਲ ਬੈਠਾ ਉਚੀ ਉਚੀ ਤੂੰ ਹੀ ਤੂੰ ਹੀ ਜਪ ਰਿਹਾ ਸੀ।ਪਰ ਦਿਲ ਵਿਚ ਹਰੀ ਦਾ ਪ੍ਰੇਮ ਹੈ ਨਹੀਂ ਸੀ।ਉਸ ਨੂੰ ਅਨੁਕਤੀ ਅਲੰਕਾਰ ਰਾਹੀਂ ਗੁਰੂ ਜੀ ਸਿਖਿਆ ਦਿੰਦੇ ਹਨ।ਹੇ ਫਕੀਰ! ਹਰ੍ਹਟ ਵਿਚ ਬੇਸ਼ੱਕ ਜਾਨ ਨਹੀਂ ਹੈ ਪਰ ਇਹ ਵੀ ਤਾਂ ਤੂੰ ਭੀ ਤੂੰ ਭੀ ਦੀ ਮਿੱਠੀ ਸੁਰ ਵਿਚ ਬੋਲੀ ਬੋਲਦਾ ਹੈ, ਇਹ ਹਰ੍ਹਟ ਦਾ ਕੋਈ ਸਿਮਰਨ ਥੋੜ੍ਹੀ ਹੈ? ਹਰੀ ਤਾਂ ਦਿਲ ਵਿਚ ਵਸਦਾ ਹੈ, ਉਸਨੂੰ ਦਿਲੋਂ ਯਾਦ ਕਰ, ਉਚੀ ਬੋਲ ਕੇ ਕੀਹਨੂੰ ਸੁਣਾਉਂਦਾ ਹੈਂ, ਉਹ ਬਾਹਰ ਥੋੜ੍ਹੀ ਹੈ? ਬ੍ਰਿਤੀ ਨੂੰ ਅੰਤਰ ਮੁਖੀ ਕਰਕੇ ਉਸਨੂੰ ਸਿਮਰ, ਤਾਂ ਹੀ ਤੇਰਾ ਸੰਸਾਰ ਵਿਚ ਆਇਆ ਪ੍ਰਵਾਨ ਹੈ।੬੩।

ਜੋਗੁ ਨ ਭਗਵੀ ਕਪੜੀ, ਜੋਗੁ ਨ ਮੈਲੇ ਵੇਸਿ ॥ (ਹੇ ਭਾਈ! ਗ੍ਰਿਹਸਤ ਛਡ ਕੇ ਨਿਰੇ) ਭਗਵੇਂ ਕਪੜੇ ਪਹਿਨਣ ਨਾਲ ਜੋਗ ਪ੍ਰਾਪਤ ਨਹੀ ਹੁੰਦਾ ਅਤੇ ਨਾ ਹੀ (ਜੈਨੀਆਂ ਵਾਂਗ) ਮੈਲੇ ਕੁਚੈਲੇ ਪਹਿਰਾਵੇ ਨਾਲ ਜੋਗ (ਹਰੀ ਦਾ ਮਿਲਾਪ) ਪ੍ਰਾਪਤ ਹੁੰਦਾ ਹੈ।

ਅੰਗ ੧੪੨੧ = ਨਾਨਕ ਘਰਿ ਬੈਠਿਆ ਜੋਗੁ ਪਾਈਐ, ਸਤਿਗੁਰ ਕੈ ਉਪਦੇਸਿ ॥੬੪॥ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ ਕਿ ਘਰ ਵਿਚ ਬੈਠਿਆਂ (ਗ੍ਰਿਹਸਤ ਵਿਚ ਰਹਿੰਦਿਆਂ) ਹੀ ਸੱਤਗੁਰੂ ਦੇ ਉਪਦੇਸ਼ ਦੁਆਰਾ ਹਰੀ ਦਾ ਮਿਲਾਪ ਪਾ ਲਈਦਾ ਹੈ।੬੪।

ਨਾਨਕ ਘਰ ਹੀ ਬੈਠਿਆ ਸਹੁ ਮਿਲੈ, ਜੇ ਨੀਅਤਿ ਰਾਸਿ ਕਰੇਇ।(੧੩੮੩)

ਪਦਾਰਥ = ਜੋਗੁ-ਹਰੀ ਦਾ ਮਿਲਾਪ।ਭਗਵੀ ਕਪੜੀ-ਗੇਰੂ ਰੰਗੇ ਕਪੜੇ ਪਹਿਨਣ ਨਾਲ।ਮੈਲੇ ਵੇਸਿ-ਮੈਲਾ ਪਹਿਰਾਵਾ ਪਹਿਨਣ ਨਾਲ।ਘਰਿ-ਘਰ (ਗ੍ਰਿਹਸਤ) ਵਿਚ; ਅੰਤਰ ਮੁਖੀ ਬ੍ਰਿਤੀ ਕਰਕੇ।ਸਤਿਗੁਰ ਕੈ-ਸਤਿਗੁਰੂ ਦੇ।ਉਪਦੇਸਿ-ਉਪਦੇਸ ਦੁਆਰਾ।੬੪।

ਚਾਰੇ ਕੁੰਡਾ ਜੇ ਭਵਹਿ, ਬੇਦ ਪੜਹਿ ਜੁਗ ਚਾਰਿ ॥ ਨਾਨਕ ਸਾਚਾ ਭੇਟੈ, ਹਰਿ ਮਨਿ ਵਸੈ, ਪਾਵਹਿ ਮੋਖ ਦੁਆਰ ॥੬੫॥ ਹੇ ਭਾਈ! ਜੇ ਤੂੰ (ਧਰਤੀ ਤੇ) ਚਾਰੇ ਕੋਣਿਆਂ ਵਿਚ (ਘਰ ਬਾਰ ਛਡ ਕੇ ਜੰਗਲਾਂ ਅਤੇ ਤੀਰਥਾਂ ਉਤੇ) ਤੁਰਿਆ ਫਿਰਦਾ ਰਹੇਂ ਅਤੇ ਚਾਰ ਜੁੱਗਾਂ ਵਿਚ (ਚਾਰ ਜੁਗਾਂ ਜਿੰਨੀ ਵੱਡੀ ਉਮਰ ਕਰ ਕੇ) ਬੇਦ ਵੀ ਪੜ੍ਹਦਾ ਰਹੇਂ (ਫਿਰ ਵੀ ਮੁਕਤੀ ਨਹੀਂ ਮਿਲ ਸਕਦੀ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਤੈਨੂੰ) ਸੱਚਾ ਗੁਰੂ ਮਿਲ ਪਏਗਾ ਤਾਂ (ਗੁਰੂ ਦੀ ਕ੍ਰਿਪਾ ਨਾਲ) ਹਰੀ ਮਨ ਵਿਚ ਆ ਵਸਦਾ ਹੈ, (ਫਿਰ ਤੂੰ) ਮੁਕਤੀ ਦਾ ਦਰ ਪਾ ਲਵੇਂਗਾ।੬੫।

ਪਦਾਰਥ = ਚਾਰੇ ਕੁੰਡਾ-ਚਾਰੇ ਪਾਸੇ; ਚਾਰੇ ਕੋਣਿਆਂ ਵਿਚ।ਜੇ-ਜੇ ਕਰ।ਭਵਹਿ-ਫਿਰਦਾ ਰਹੇਂ।ਜੁਗ ਚਾਰਿ-ਚਾਰ ਜੁਗਾਂ ਵਿਚ (ਚਾਰ

ਜੁਗਾਂ ਜਿੰਨੀ ਲੰਬੀ ਉਮਰ ਕਰ ਲਵੇਂ)।ਭੇਟੈ-ਮਿਲ ਪਵੇ।ਮਨਿ-ਮਨ ਵਿਚ।ਮੋਖ ਦੁਆਰ-ਮੁਕਤੀ ਦਾ ਦਰ।੬੫।
ਨਾਨਕ ਹੁਕਮੁ ਵਰਤੈ ਖਸਮ ਕਾ, ਮਤਿ ਭਵੀ ਫਿਰਹਿ ਚਲ ਚਿਤ ॥ ਮਨਮੁਖ ਸਉ ਕਰਿ ਦੋਸਤੀ, ਸੁਖ ਕਿ ਪੁਛਹਿ ਮਿਤ॥ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ! ਸਾਰੇ ਪਾਸੇ) ਮਾਲਕ ਹਰੀ ਦਾ ਹੁਕਮ ਵਰਤ ਰਿਹਾ ਹੈ, (ਪਰ ਹਰੀ ਦੇ ਹੁਕਮ ਤੋਂ ਤੇਰੀ) ਮੱਤ ਮੁੜੀ (ਉਲਟੇ ਰਸਤੇ ਪਈ) ਹੋਈ ਹੈ ਅਤੇਤੂੰ ਚੰਚਲ ਚਿਤ ਹੋ ਕੇ (ਸੰਸਾਰ ਵਿਚ) ਫਿਰ (ਭਟਕ) ਰਿਹਾ ਹੈਂ।ਹੇ ਮਿਤ੍ਰ! ਮਨਮੁਖਾਂ ਨਾਲ ਦੋਸਤੀ ਕਰਕੇ ਹੁਣ ਤੂੰ ਕੀ ਸੁਖ ਪੁਛਦਾ ਹੈਂ? (ਮਨਮੁਖਾਂ ਨਾਲ ਦੋਸਤੀ ਕਰਕੇ ਤੈਨੂੰ ਸੁੱਖ ਨਹੀਂ ਮਿਲ ਸਕਦਾ)।
ਗੁਰਮੁਖ ਸਉ ਕਰਿ ਦੋਸਤੀ, ਸਤਿਗੁਰ ਸਉ ਲਾਇ ਚਿਤੁ ॥ ਜੰਮਣ ਮਰਣ ਕਾ ਮੂਲੁ ਕਟੀਐ, ਤਾਂ ਸੁਖੁ ਹੋਵੀ ਮਿਤ ॥੬੬॥ (ਇਸ ਕਰਕੇ ਤੂੰ) ਗੁਰਮੁਖਾਂ ਨਾਲ ਦੋਸਤੀ ਕਰਕੇ ਸੱਤਗੁਰੂ ਦੇ ਚਰਨਾਂ ਨਾਲ (ਅਪਣੇ) ਚਿਤ ਨੂੰ ਜੋੜ ਲੈ।(ਫਿਰ ਤੇਰਾ) ਜਨਮ ਮਰਨ ਦਾ ਮੂਲ ਕਾਰਣ ਕੱਟਿਆ ਜਾਏਗਾ, ਹੇ ਮਿਤ੍ਰ! ਤਾਂ (ਤੈਨੂੰ ਸਦੀਵੀ) ਸੱਖ ਪ੍ਰਾਪਤ ਹੋਵੇਗਾ।੬੬।
ਪਦਾਰਥ = ਵਰਤੈ-ਵਰਤਦਾ ਹੈ।ਖਸਮ ਕਾ-ਮਾਲਕ ਪ੍ਰਭੂ ਦਾ।ਮਤਿ-ਮੱਤ (ਬੁਧੀ)।ਭਵੀ-ਉਲਟੀ (ਮੁੜੀ) ਹੋਈ।ਚਲ ਚਿਤ-ਚੰਚਲ ਚਿਤ ਹੋ ਕੇ।ਫਿਰਹਿ-ਤੂੰ ਫਿਰਦਾ ਹੈਂ।ਸਉ-ਨਾਲ।ਕਰਿ-ਕਰਕੇ।ਕਿ ਪੁਛਹਿ-ਕੀ ਪੁਛਦਾ ਹੈਂ; ਕੀ ਆਸ ਰੱਖਦਾ ਹੈ? ਮਿਤ-ਹੇ ਮਿਤ੍ਰ !।ਮੂਲੁ-ਮੂਲ ਕਾਰਣ; ਮੁੱਢ ਅਗਿਆਨ; ਜੜ (ਜਨਮ ਮਰਨ ਦੀ)।ਕਟੀਐ-ਕੱਟਿਆਂ ਜਾਂਦਾ ਹੈ।ਹੋਵੀ-ਹੋਵੇਗਾ।੬੬।
ਭੁਲਿਆਂ ਆਪਿ ਸਮਝਾਇਸੀ, ਜਾ ਕਉ ਨਦਰਿ ਕਰੇ ॥ ਨਾਨਕ ਨਦਰੀ ਬਾਹਰੀ, ਕਰਣ ਪਲਾਹ ਕਰੇ ॥੬੭॥ ਹੇ ਭਾਈ! ਜਿਨ੍ਹਾਂ ਉਤੇ (ਵਾਹਿਗੁਰੂ ਅਪਣੀ) ਮੇਹਰ ਦੀ ਨਜਰ ਕਰ ਦੇਵੇ, ਉਨ੍ਹਾਂ ਭੁੱਲੇ ਹੋਇਆਂ (ਕੁਰਾਹੇ ਪਏ ਮਨੁੱਖਾਂ) ਨੂੰ ਵੀ ਆਪ ਸਮਝਾ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਵਾਹਿਗੁਰੂ ਦੀ) ਕ੍ਰਿਪਾ ਦ੍ਰਿਸਟੀ ਤੋਂ ਬਿਨਾ (ਮਨੁੱਖ ਦੁੱਖ ਵਿਚ) ਵਿਰਲਾਪ ਕਰਦਾ ਰਹਿੰਦਾ ਹੈ।੬੭।
ਪਦਾਰਥ = ਭੁਲਿਆਂ-ਭੁੱਲਿਆਂ ਹੋਇਆਂ ਨੂੰ।ਸਮਝਾਇਸੀ-ਸਮਝਾ ਦਿੰਦਾ ਹੈ।ਜਾ ਕਉ-ਜਿਨ੍ਹਾਂ ਉਤੇ।ਨਦਰਿ-ਮੇਹਰ ਦੀ ਨਜਰ। ਨਦਰੀ ਬਾਹਰੀ-ਮੇਹਰ ਦੀ ਨਜਰ ਤੋਂ ਵਿਹੂਣਾ (ਬਿਨਾ)।ਕਰਣ ਪਲਾਹ-ਦੁੱਖ ਦੇ ਕੀਰਨੇ; ਦੁੱਖ ਭਰਿਆ ਵਿਰਲਾਪ।੬੭।

॥ ਸ੍ਰੀ ਗੁਰੂ ਅਮਰਦਾਸ ਜੀ ਦੇ ਸਲੋਕ ਸਮਾਪਤ ਹਨ ॥

ਸਕਯਥੁ ਸੁ ਸਿਰੁ ਜਲਪੁ ਭਣੈ, ਜੁ ਸਿਰੁ ਨਿਵੈ ਗੁਰ ਅਮਰ ਨਿਤ ॥ (੧੩੯੪)

===
===

॥ ਸ੍ਰੀ ਸਤਿ ਨਾਮੁ ਕਰਤਾ ਪੁਰਖੁ ,ਗੁਰ ਰਾਮਦਾਸ ਚਿਤਹ ਬਸੈ ॥(੧੪੦੪)

॥ ਸਲੋਕ ਮਹਲਾ ੪ ੧ੴ ਸਤਿਗੁਰ ਪ੍ਰਸਾਦਿ ॥

ਵਡਭਾਗੀਆ ਸੋਹਗਣੀ, ਜਿਨ੍ਹਾ ਗੁਰਮੁਖਿ ਮਿਲਿਆ ਹਰਿ ਰਾਇ ॥ ਅੰਤਰਿ ਜੋਤਿ ਪਰਗਾਸੀਆ, ਨਾਨਕ ਨਾਮਿ ਸਮਾਇ ॥੧॥ ਉਹ ਵੱਡੇ ਭਾਗਾਂ ਵਾਲੀਆਂ ਸੁਹਾਗਣਾਂ (ਗੁਰਮੁਖ) ਹਨ, ਜਿਨ੍ਹਾਂ ਨੂੰ ਗੁਰੂ ਦੁਆਰਾ ਹਰੀ ਪਾਤਸ਼ਾਹ ਮਿਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਨ੍ਹਾਂ ਦੇ ਅੰਦਰ ਗਿਆਨ ਦੀ ਜੋਤ ਪ੍ਰਕਾਸ਼ਤ ਹੋ ਗਈ ਹੈ ਅਤੇ (ਹਰੀ ਦੇ) ਨਾਮ ਵਿਚ ਲੀਨ ਹੋ ਗਈਆਂ ਹਨ।੧।
ਪਦਾਰਥ = ਵਡਭਾਗੀਆ-ਵੱਡੇ ਭਾਗਾਂ ਵਾਲੀਆਂ।ਸੋਹਾਗਣੀ-ਪਤੀ ਦੇ ਸੁਖ ਨੂੰ ਮਾਨਣ ਵਾਲੀ ਇਸਤ੍ਰੀ; ਜਿਉਂਦੇ ਪਤੀ ਵਾਲੀ ਇਸਤ੍ਰੀ।ਜਿਨ੍-ਜਿਨ੍ਹਾਂ ਨੂੰ।ਗੁਰਮੁਖਿ-ਗੁਰੂ ਰਾਹੀਂ।ਹਰਿ ਰਾਇ-ਹਰੀ ਪਾਤਸ਼ਾਹ।ਅੰਤਰਿ-ਹਿਰਦੇ ਅੰਦਰ।ਜੋਤਿਪਰਗਾਸੀਆ-ਗਿਆਨ ਦੀ ਜੋਤਪ੍ਰਕਾਸ਼ਤ ਹੋ ਗਈ।ਨਾਮਿ-ਨਾਮ ਵਿਚ।ਸਮਾਇ-ਲੀਨ ਹੋ ਗਈਆਂ।੧।
ਵਾਹੁ ਵਾਹੁ ਸਤਿਗੁਰੁ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ ॥ ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲੁ ਹੋਇ ॥ ਹੇ ਭਾਈ! ਮਹਾਨ ਪੁਰਖ ਸੱਤਗੁਰੂ ਧੰਨਤਾ ਯੋਗ ਹੈ, ਸਲਾਹੁਣ ਯੋਗ ਹੈ, ਜਿਸ ਨੇ ਉਸ ਸੱਚ ਸਰੂਪ ਵਾਹਿਗੁਰੂ ਨੂੰ ਜਾਣਿਆ ਹੈ।ਜਿਸ (ਗੁਰੂ) ਨੂੰ ਮਿਲਣ ਨਾਲ (ਮਾਯਾ ਦੀ) ਪਿਆਸ ਉਤਰ ਜਾਂਦੀ ਹੈ ਅਤੇ ਤਨ ਮਨ ਠੰਢਾ ਹੋ ਜਾਂਦਾ ਹੈ।
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ, ਜਿਸ ਨੋ ਸਮਤੁ ਸਭ ਕੋਇ ॥ ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ, ਜਿਸੁ ਨਿੰਦਾ ਉਸਤਤਿ ਤੁਲਿ

ਹੋਇ ॥ ਸਦਾ ਥਿਰ ਅਕਾਲ ਪੁਰਖ ਦਾ ਰੂਪ ਸੱਤਗੁਰੂ ਧੰਨਤਾ ਯੋਗ ਤੇ ਅਚਰਜ ਰੂਪ ਹੈ, ਜਿਸ (ਸੱਤਗੁਰੂ) ਨੂੰ ਸਭ ਕੋਈ (ਹਰੇਕ ਜੀਵ) ਇਕੋ ਜਿਹਾ ਦਿਸਦਾ ਹੈ। ਅਚਰਜ ਰੂਪ ਧੰਨਤਾ ਯੋਗ ਸੱਤਗੁਰੂ ਵੈਰ ਭਾਵ ਤੋਂ ਰਹਿਤ ਹੈ, ਜਿਸ (ਗੁਰੂ) ਵਾਸਤੇ ਨਿੰਦਿਆ ਤੇ ਉਸਤਤੀ ਇਕ ਬਰਾਬਰ ਹੈ (ਚਾਹੇ ਗੁਰੂ ਦੀ ਕੋਈ ਵਡਿਆਈ ਕਰੀ ਜਾਵੇ, ਚਾਹੇ ਨਿੰਦਿਆ ਕਰੀ ਜਾਵੇ, ਗੁਰੂ ਲਈ ਇਕ ਸਮਾਨ ਹੈ)।

ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ, ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥ ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ, ਜਿਸੁ ਅੰਤੁ ਨ ਪਾਰਾਵਾਰੁ ॥ ਅੰਤਰਜਾਮੀ ਸੱਤਗੁਰੂ ਧੰਨ ਧੰਨ ਹੈ, ਜਿਸ ਦੇ ਹਿਰਦੇ ਅੰਦਰ ਬ੍ਰਹਮ ਹੈ ਅਤੇ ਆਤਮ ਵੀਚਾਰ ਹੈ। ਨਿਰੰਕਾਰ ਸਰੂਪ ਸੱਤਗੁਰੂ ਧੰਨ ਧੰਨ ਹੈ, ਜਿਸ (ਗੁਰੂ ਦੇ ਗੁਣਾਂ) ਦਾ ਅੰਤ ਨਹੀ ਤੇ ਨਾ ਉਰਲੇ ਪਾਰਲੇ ਪਾਸੇ ਦਾ ਅੰਤ ਹੈ।

ਵਾਹੁ ਵਾਹੁ ਸਤਿਗੁਰੂ ਹੈ, ਜਿ ਸਚੁ ਦ੍ਰਿੜਾਏ ਸੋਇ ॥ ਨਾਨਕ ਸਤਿਗੁਰ ਵਾਹੁ ਵਾਹੁ, ਜਿਸ ਤੇ ਨਾਮੁ ਪਰਾਪਤਿ ਹੋਇ ॥੨॥ ਸੱਤਗੁਰੂ ਧੰਨ ਧੰਨ ਹੈ,ਜਿਹੜਾ ਉਸ ਸਚ ਸਰੂਪ ਨੂੰ ਦ੍ਰਿੜ ਕਰਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਸੱਤਗੁਰੂ ਧੰਨ ਧੰਨ ਹੈ, ਜਿਸ ਤੋਂ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਵਾਹੁ ਵਾਹੁ–ਸਲਾਹੁਣ ਯੋਗ; ਧੰਨ ਧੰਨ; ਅਜਰਜ ਰੂਪ। ਪੁਰਖੁ–ਮਹਾਨ ਹਸਤੀ (ਪੁਰਖ)। ਜਿਨਿ–ਜਿਸ ਨੇ। ਜਾਤਾ–ਜਾਣਿਆ। ਸੋਇ–ਉਸ ਨੂੰ। ਜਿਤੁ–ਜਿਸ ਨੂੰ। ਮਿਲਿਐ–ਮਿਲਣ ਨਾਲ। ਤਿਖ–ਪਿਆਸ। ਉਤਰੈ–ਉਤਰ ਜਾਂਦੀ ਹੈ। ਸੀਤਲੁ–ਠੰਢਾ ਠਾਰ। ਸਤਿ ਪੁਰਖੁ–ਸਦਾ ਥਿਰ ਅਕਾਲ ਪੁਰਖ। ਸਮਤ–(ਸਮੱਤ ਨਾ ਬੋਲੋ) ਇਕੋ ਜਿਹਾ; ਬਰਾਬਰ। ਸਭ ਕੋਇ–ਸਭ ਕੋਈ; ਹਰੇਕ ਜੀਵ। ਨਿਰਵੈਰੁ–ਵੈਰ ਭਾਵ ਤੋਂ ਰਹਿਤ। ਤੁਲਿ–ਇਕ ਬਰਾਬਰ। ਸੁਜਾਣੁ–ਸਿਆਣਾ; ਅੰਤਰਜਾਮੀ। ਅੰਤੁ ਨ–(ਗੁਣਾਂ) ਦਾ ਅੰਤ ਨਹੀਂ। ਪਾਰਾਵਾਰੁ–ਉਰਾਰ ਤੇ ਪਾਰ ਦਾ ਕੰਢਾ। ਜਿ–ਜਿਹੜਾ। ਸਚੁ ਦ੍ਰਿੜਾਏ–ਸੱਚ ਸਰੂਪ ਨੂੰ ਦ੍ਰਿੜ ਕਰਾਉਂਦਾ ਹੈ।੨।

ਹਰਿ ਪ੍ਰਭ ਸਚਾ ਸੋਹਿਲਾ, ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ ਨਾਮੁ ਸਲਾਹਣਾ, ਹਰਿ ਜਪਿਆ ਮਨਿ ਆਨੰਦੁ ॥ ਹੇ ਭਾਈ! ਗੁਰਮੁਖਾਂ ਲਈ ਗੋਵਿੰਦ ਹਰੀ ਪ੍ਰਭੂ ਦਾ ਨਾਮ (ਜਪਣਾ) ਹੀ ਸੱਚਾ ਜਸ ਗਾਉਣਾ ਹੈ; ਗੋਵਿੰਦ ਹਰੀ ਪ੍ਰਭੂ ਦਾ ਨਾਮ ਜਪਣ ਨਾਲ ਗੁਰਮੁਖਾਂ ਨੂੰ ਸਦਾ ਰਹਿਣ ਵਾਲਾ ਅਨੰਦ ਮਿਲਦਾ ਹੈ। (ਉਹ ਗੁਰਮੁਖ) ਹਰ ਰੋਜ ਹਰੀ ਨਾਮ ਨੂੰ ਸਲਾਹੁੰਦੇ ਹਨ (ਕਿਉਂਕਿ ਉਨ੍ਹਾਂ ਨੂੰ) ਹਰੀ ਦਾ ਨਾਮ ਜਪਣ ਨਾਲ ਮਨ ਵਿਚ ਅਨੰਦ ਮਿਲਦਾ ਹੈ (ਮੇਰਾ ਖਿਆਲ; ਜਿਨ੍ਹਾਂ ਮਨੁੱਖਾਂ ਨੇ) ਹਰ ਰੋਜ ਹਰੀ ਦਾ ਨਾਮ ਸਲਾਹਿਆ ਹੈ ਤੇ ਨਾਮ ਹੀ ਜਪਿਆ ਹੈ, ਉਨ੍ਹਾਂ ਦੇ ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ।

ਵਡਭਾਗੀ ਹਰਿ ਪਾਇਆ, ਪੂਰਨ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ, ਬਹੁੜਿ ਨ ਮਨਿ ਤਨਿ ਭੰਗੁ ॥੩॥ (ਉਨ੍ਹਾਂ) ਵੱਡੇ ਭਾਗਾਂ ਵਾਲਿਆਂ ਨੇ ਵਿਆਪਕ ਪਰਮ ਅਨੰਦ ਸਰੂਪ ਹਰੀ ਨੂੰ ਪਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ, (ਜਿਨ੍ਹਾਂ) ਸੇਵਕਾਂ ਨੇ (ਵਾਹਿਗੁਰੂ) ਦੇ ਨਾਮ ਨੂੰ ਸਲਾਹਿਆ ਹੈ, (ਉਨ੍ਹਾਂ ਦੇ) ਤਨ ਵਿਚ ਤੇ ਮਨ ਵਿਚ ਮੁੜ ਕੋਈ ਵਿਘਨ ਨਹੀਂ ਪੈਂਦਾ; ਮੁੜ ਕੇ ਮਨਤੇ ਤਨ ਨਾਸ਼ ਨਹੀਂ ਹੁੰਦੇ, ਅਮਰ ਹੋ ਜਾਂਦੇ ਹਨ।੩।

ਪਦਾਰਥ = ਸੋਹਿਲਾ–ਖੁਸ਼ੀ ਦਾ ਗੀਤ; ਜਸ; ਅਨੰਦ। ਗੁਰਮੁਖਿ–ਗੁਰਮੁਖਾਂ ਲਈ। ਅਨਦਿਨੁ–ਹਰ ਰੋਜ। ਮਨਿ–ਮਨ ਵਿਚ। ਵਡਭਾਗੀ–ਵੱਡੇ ਭਾਗਾਂ ਵਾਲਿਆਂ ਨੇ। ਪੂਰਨ–ਸਰਬ ਵਿਆਪਕ। ਪਰਮਾਨੰਦੁ–ਪਰਮ ਅਨੰਦ ਸਰੂਪ। ਜਨ–ਸੇਵਕਾਂ ਨੇ। ਬਹੁੜਿ–ਮੁੜ; ਫਿਰ ਦੁਬਾਰਾ। ਭੰਗੁ–ਵਿਘਨ; ਨਾਸ਼।੩।

ਮੂੰ ਪਿਰੀਆ ਸਉ ਨੇਹੁ, ਕਿਉ ਸਜਣ ਮਿਲਹਿ ਪਿਆਰਿਆ ॥ ਹਉ ਢੂਢੇਦੀ ਤਿਨ, ਸਜਣ ਸਚਿ ਸਵਾਰਿਆ ॥ ਮੇਰਾ ਪਤੀ (ਹਰੀ) ਨਾਲ ਪ੍ਰੇਮ ਹੈ, ਹੇ ਭਾਈ ਪਿਆਰੇ! (ਪਤੀ ਨਾਲ ਮਿਲਾ ਦੇਣ ਵਾਲੇ ਗੁਰੂ) ਸੱਜਣ ਕਿਵੇਂ ਮਿਲਣ? ਮੈਂ ਉਨ੍ਹਾਂ (ਸੱਜਣਾਂ) ਨੂੰ ਢੂੰਡਦੀ ਹਾਂ, ਜਿਨ੍ਹਾਂ ਸੱਜਣਾਂ ਨੇ ਸੱਚਾ (ਨਾਮ ਜਪ ਕੇ ਅਪਣਾ) ਜਨਮ ਸਵਾਰਿਆ ਹੈ।

ਸਤਿਗੁਰੁ ਮੈਡਾ ਮਿਤੁ ਹੈ, ਜੇ ਮਿਲੈ ਤ ਇਹੁ ਮਨੁ ਵਾਰਿਆ ॥ ਦੇਂਦਾ ਮੂੰ ਪਿਰੁ ਦਸਿ, ਹਰਿ ਸਜਣੁ ਸਿਜਣਹਾਰਿਆ ॥ ਨਾਨਕ ਹਉ ਪਿਰੁ ਭਾਲੀ ਆਪਣਾ, ਸਤਿਗੁਰ ਨਾਲਿ ਦਿਖਾਲਿਆ ॥੪॥ ਸੱਤਗੁਰੂ ਮੇਰਾ ਪਰਮ ਮਿਤ੍ਰ ਹੈ ਜੇ (ਉਹ ਮੈਨੂੰ) ਮਿਲ ਪੈਣ ਤਾਂ ਮੈਂ ਅਪਣਾ ਇਹ ਮਨ ਉਨ੍ਹਾਂ ਤੋਂ ਵਾਰ ਦਿਆਂ। (ਕਿਉਂਕਿ) ਗੁਰੂ ਜੀ ਮੈਨੂੰ ਦੱਸ ਸਕਦੇ ਹਨ ਕਿ ਪਤੀ ਸਿਰਜਨਹਾਰ ਹਰੀ ਹੀ ਅਸਲੀ ਸੱਜਣ ਹੈ। ਨਾਨਕ ਗੁਰੂ ਜੀ ਆਖਦੇ ਹਨ, ਜਿਸ ਪਤੀ ਪ੍ਰਭੂ ਨੂੰ ਮੈਂ ਭਾਲਦੀ ਸੀ, (ਉਹ ਪਤੀ ਪ੍ਰਭੂ) ਸੱਤਗੁਰੂ ਨੇ ਨਾਲ ਵਸਦਾ ਦਿਖਾ ਦਿਤਾ ਹੈ।

ਪਦਾਰਥ = ਮੂੰ–ਮੇਰਾ। ਪਿਰੀਆ–ਪਤੀ (ਪ੍ਰਭੂ)। ਸਉ–ਨਾਲ। ਨੇਹੁ–ਪ੍ਰੇਮ। ਕਿਉਂ–ਕਿਵੇਂ। ਮਿਲਹਿ–ਮਿਲ ਪੈਣ। ਹਉ–ਮੈਂ। ਢੂਢੇਦੀ–ਲੱਭਦੀ ਹਾਂ। ਤਿਨ ਸਜਣ–ਉਨ੍ਹਾਂ ਸੱਜਣਾਂ ਨੂੰ। ਸਚਿ ਸਵਾਰਿਆ–ਸੱਚਾ ਨਾਮ ਜਪ ਕੇ ਜਨਮ ਸਵਾਰ ਲਿਆ ਹੈ (ਸੰ.ਸ.); ਸੱਚ ਨਾਲ ਸਵਾਰੇ ਹੋਏ ਸੱਜਣ ਭਾਵ ਗੁਰੂ (ਸ਼ਬਦਾਰਥ)। ਮੈਡਾ–ਮੇਰਾ। ਮਿਤੁ–ਮਿਤ੍ਰ। ਤ–ਤਾਂ। ਵਾਰਿਆ–ਵਾਰ ਦੇਵਾਂ। ਦੇਂਦਾ ਦਸਿ–ਦੱਸ ਦੇਂਦਾ (ਦੱਸ ਸਕਦਾ) ਹੈ। ਭਾਲੀ–ਲਭਦੀ ਹਾਂ। ਨਾਲਿ–ਨਾਲ (ਵਸਦਾ)।੪।

ਹਉ ਖੜੀ ਨਿਹਾਲੀ ਪੰਧੁ, ਮਤੁ ਮੂੰ ਸਜਣੁ ਆਵਏ ॥ ਕੋ ਆਣਿ ਮਿਲਾਵੈ ਅਜੁ, ਮੈ ਪਿਰੁ ਮੇਲਿ ਮਿਲਾਵਏ ॥ ਹੇ ਭਾਈ! ਮੈਂ ਖੜੀ ਹੋ

ਕੇ (ਅਪਣੇ ਪਿਆਰੇ ਦਾ) ਰਾਸਤਾ ਦੇਖ ਰਹੀ ਹਾਂ ਕਿ ਸ਼ਾਇਦ ਮੇਰਾ ਸਜਣ ਆਉਂਦਾ ਹੋਵੇ।ਕੋਈ ਅੱਜ (ਮਨੁੱਖਾ ਜਨਮ ਵਿਚ) ਹੀ ਆ ਕੇ (ਮੈਨੂੰ ਗੁਰੂ ਨਾਲ) ਮਿਲਾ ਦੇਵੇ, ਜੋ ਮੈਨੂੰ (ਅਪਣੇ ਨਾਲ) ਮਿਲਾ ਕੇ ਵਾਹਿਗੁਰੂ ਨਾਲ ਮਿਲਾ ਦੇਵੇ।

ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ, ਜੋ ਮੈ ਪਿਰੀ ਦਿਖਾਵਏ ॥ ਨਾਨਕ ਹਰਿ ਹੋਇ ਦਇਆਲੁ, ਤਾਂ ਗੁਰੁ ਪੂਰਾ ਮੇਲਾਵਏ ॥੫ ॥ ਮੈਂ ਉਸ (ਗੁਰੂ) ਤੋਂ ਅਪਣੀ ਜਿੰਦ ਦੇ ਚਾਰ ਟੋਟੇ (ਆਪਾ ਕੁਰਬਾਨ) ਕਰ ਦਿਆਂ, ਜਿਹੜਾ ਮੈਨੂੰ ਪਤੀ (ਪ੍ਰਭੂ) ਦੇ ਦਰਸ਼ਨ ਕਰਾ ਦੇਵੇ।ਨਾਨਕ ਗੁਰੂ ਜੀ ਆਖਦੇ ਹਨ, ਜਦ ਹਰੀ ਦਿਆਲ ਹੁੰਦਾ ਹੈ ਤਾਂ ਪੂਰਾ ਗੁਰੂ ਮਿਲਾ ਦੇਂਦਾ ਹੈ।੫।

ਪਦਾਰਥ = ਹਉ-ਮੈਂ।ਖੜੀ-ਖੜੀ ਹੋ ਕੇ।ਨਿਹਾਲੀ-ਦੇਖ ਰਹੀ ਹਾਂ।ਪੰਧੁ-ਰਸਤਾ।ਮਤੁ-ਮੱਤਾਂ; ਸ਼ਾਇਦ।ਮੂੰ-ਮੇਰਾ।ਆਵਏ-ਆ ਜਾਵੇ।ਕੋ-ਕੋਈ।ਆਣਿ-ਆ ਕੇ।ਅਜੁ-ਅੱਜ (ਇਸੇ ਜਨਮ ਵਿਚ)।ਮੇਲਿ ਮਿਲਾਵਏ-(ਅਪਣੇ ਨਾਲ) ਮਿਲਾ ਕੇ (ਵਾਹਿਗੁਰੂ ਨਾਲ) ਮਿਲਾ ਦੇਵੇ।ਜੀਉ-ਜਿੰਦ।ਕਰੀ-ਕਰ ਦੇਵਾਂ।ਤਿਸ ਵਿਟਉ-ਉਸ ਤੋਂ।ਚਉਖੰਨੀਐ-ਚਾਰ ਟੋਟੇ ਕਰ ਦਿਆਂ; ਆਪਾ ਸਮਰਪਣ ਕਰ ਦਿਆਂ।ਜੋ-ਜਿਹੜਾ।ਮੈ-ਮੈਨੂੰ।ਪਿਰੀ-ਪਤੀ (ਪ੍ਰਭੂ)।੫।

ਅੰਗ ੧੪੨੨ = ਅੰਤਰਿ ਜੋਰੁ ਹਉਮੈ ਤਨਿ ਮਾਇਆ, ਕੂੜੀ ਆਵੈ ਜਾਇ ॥ ਹੇ ਭਾਈ! (ਜਿਸ ਮਨੁੱਖ ਦੇ) ਅੰਦਰ ਹਉਮੈ ਦਾ ਜੋਰ ਹੈ ਤੇ ਸਰੀਰ ਵਿਚ ਮਾਯਾ ਦਾ ਮੋਹ ਹੈ, (ਅਜੇਹਾ ਮਨੁੱਖ ਗੁਰੂ ਦੀ ਸੰਗਤ ਵਿਚ) ਝੂਠਾ (ਕੇਵਲ ਦਿਖਾਵੇ ਮਾਤ੍ਰ) ਆਉਂਦਾ ਹੈ, (ਤੇ ਕੁਛ ਲਾਭ ਖੱਟੇ ਬਿਨਾ ਹੀ) ਚਲੇ ਜਾਂਦਾ ਹੈ (ਟਕਸਾਲ; ਦਰਪਣ); ਝੂਠੀ ਮਾਇਆ ਦੇ ਮੋਹ ਤੇ ਹੰਕਾਰ ਕਾਰਣ ਆਉਂਦਾ ਜਾਂਦਾ (ਜੰਮਦਾ ਮਰਦਾ) ਰਹਿੰਦਾ ਹੈ (ਸੰ.ਸ.; ਫ.ਸ.)।

ਸਤਿਗੁਰ ਕਾ ਫੁਰਮਾਇਆ ਮੰਨਿ ਨ ਸਕੀ, ਦੁਤਰੁ ਤਰਿਆ ਨ ਜਾਇ ॥ ਨਦਰਿ ਕਰੇ ਜਿਸੁ ਆਪਣੀ, ਸੋ ਚਲੈ ਸਤਿਗੁਰ ਭਾਇ ॥ (ਉਹ ਮਨੁੱਖ) ਸੱਤਗੁਰੂ ਦਾ ਹੁਕਮ ਮੰਨ ਨਹੀ ਸਕਦਾ (ਇਸ ਕਰਕੇ) ਔਖਾ ਤਰਿਆ ਜਾਣ ਵਾਲਾ (ਸੰਸਾਰ ਸਮੁੰਦਰ) ਤਰਿਆ ਨਹੀਂ ਜਾ ਸਕਦਾ।ਜਿਸ (ਮਨੁੱਖ) ਤੇ ਹਰੀ ਅਪਣੀ ਮੇਹਰ ਦੀ ਨਜਰ ਕਰਦਾ ਹੈ, ਉਹ ਸੱਤਗੁਰੂ ਦੇ ਭਾਣੇ (ਹੁਕਮ) ਵਿਚ ਚਲਦਾ ਹੈ।

ਸਤਿਗੁਰ ਕਾ ਦਰਸਨੁ ਸਫਲੁ ਹੈ, ਜੋ ਇਛੇ ਸੋ ਫਲੁ ਪਾਇ ॥ ਜਿਨੀ ਸਤਿਗੁਰੁ ਮੰਨਿਆਂ, ਹਉ ਤਿਨ ਕੇ ਲਾਗਉ ਪਾਇ ॥ ਨਾਨਕੁ ਤਾ ਕਾ ਦਾਸੁ ਹੈ, ਜਿ ਅਨਦਿਨੁ ਰਹੈ ਲਿਵ ਲਾਇ ॥੬॥ ਹੇ ਭਾਈ! ਸੱਤਗੁਰੂ ਦਾ ਦਰਸ਼ਨ ਫਲ ਦਾਇਕ ਹੈ, (ਮਨੁੱਖ ਮਨ ਵਿਚ) ਜੋ ਵੀ ਇੱਛਾ ਕਰਦਾ ਹੈ, ਉਹ ਫਲ ਪਾ ਲੈਂਦਾ ਹੈ।ਜਿਨ੍ਹਾਂ ਨੇ ਸੱਤਗੁਰੂ ਨੂੰ (ਸ਼ਰਧਾ ਨਾਲ) ਮੰਨਿਆ ਹੈ, ਮੈਂ ਉਨ੍ਹਾਂ ਦੇ ਚਰਨੀਂ ਲਗਦਾ ਹਾਂ।ਨਾਨਕ (ਗੁਰੂ) ਉਸ (ਮਨੁੱਖ) ਦਾ ਦਾਸ ਹੈ, ਜਿਹੜਾ ਹਰ ਰੋਜ (ਸਦਾ ਸੱਤਗੁਰੂ ਦੇ ਚਰਨਾਂ ਵਿਚ) ਲਿਵ ਲਗਾ ਰਿਹਾ ਹੈ।੬।

ਪਦਾਰਥ = ਅੰਤਰਿ-ਹਿਰਦੇ ਅੰਦਰ।ਜੋਰੁ ਹਉਮੈ-ਹਉਮੈ ਦਾ ਜੋਰ।ਤਨਿ ਮਾਇਆ-ਸਰੀਰ ਵਿਚ ਮਾਇਆ ਦਾ ਮੋਹ।ਕੂੜੀ-ਝੂਠਾ (ਕੇਵਲ ਦਿਖਾਵੇ ਮਾਤ੍ਰ)।ਆਵੈ ਜਾਇ-(ਸੰਗਤ ਵਿਚ) ਆਉਂਦਾ ਜਾਂਦਾ ਹੈ; ਜੰਮਦਾ ਮਰਦਾ ਹੈ।ਫੁਰਮਾਇਆ-ਫੁਰਮਾਣ; ਹੁਕਮ।ਦੁਤਰੁ-ਔਖਾ ਤਰਿਆ ਜਾਣ ਵਾਲਾ।ਨਦਰਿ ਕਰੇ-ਮੇਹਰ ਦੀ ਨਜਰ ਕਰਦਾ ਹੈ।ਸੋ-ਉਹ।ਭਾਇ-ਭਾਣੇ ਜਾਂ ਹੁਕਮ ਵਿਚ।ਇਛੈ-ਇਛਾ ਕਰਦਾ ਹੈ।ਮੰਨਿਆਂ-ਦਿਲ ਵਿਚ ਵਸਾ ਲਿਆ; ਪੂਜਿਆ; ਸੇਵਿਆ।ਹਉ-ਮੈਂ।ਲਾਗਉ ਪਾਇ-ਮੈਂ ਚਰਨੀਂ ਲਗਦਾ ਹਾਂ।ਤਾ ਕਾ-ਉਸ ਦਾ।ਜਿ-ਜਿਹੜਾ।ਅਨਦਿਨੁ-ਹਰ ਰੋਜ ਭਾਵ ਹਮੇਸ਼ਾਂ।ਰਹੈ ਲਿਵ ਲਾਇ-ਬ੍ਰਿਤੀ ਜੋੜ ਰਿਹਾ ਹੈ।੬।

ਜਿਨਾ ਪਿਰੀ ਪਿਆਰੁ, ਬਿਨੁ ਦਰਸਨ ਕਿਉ ਤ੍ਰਿਪਤੀਐ ॥ ਨਾਨਕੁ ਮਿਲੇ ਸੁਭਾਇ, ਗੁਰਮੁਖਿ ਇਹੁ ਮਨੁ ਰਹਸੀਐ ॥੭॥ ਜਿਨ੍ਹਾਂ (ਗੁਰਮੁਖਾਂ ਦੇ ਅੰਦਰ) ਪਿਆਰੇ ਵਾਹਿਗੁਰੂ ਦਾ ਪਿਆਰ ਹੈ, ਦਰਸ਼ਨਾਂ ਤੋਂ ਬਿਨਾ ਉਹ ਕਿਵੇਂ ਤ੍ਰਿਪਤ ਹੋ ਸਕਦੇ ਹਨ? ਨਾਨਕ ਗੁਰੂ ਜੀ ਆਖਦੇ ਹਨ, (ਕਿ ਪਤੀ ਦੇ ਪਿਆਰ ਵਾਲੇ ਗੁਰਮੁਖ) ਸੁਭਾਵਿਕ ਹੀ ਗੁਰੂ ਦੁਆਰਾ (ਵਾਹਿਗੁਰੂ ਨੂੰ) ਮਿਲੇ ਹਨ, (ਇਸ ਕਰਕੇ ਉਨ੍ਹਾਂ ਦਾ) ਇਹ ਮਨ ਪ੍ਰਸੰਨ ਹੋ ਜਾਂਦਾ ਹੈ।੭।

ਪਦਾਰਥ = ਪਿਰੀ ਪਿਆਰੁ-ਪਿਆਰੇ (ਵਾਹਿਗੁਰੂ) ਦਾ ਪਿਆਰ।ਕਿਉ-ਕਿਵੇਂ।ਤ੍ਰਿਪਤੀਐ-ਤ੍ਰਿਪਤ ਹੋ (ਰੱਜ) ਸਕਦੇ ਹਨ।ਸੁਭਾਇ-ਸੁਭਾਵਕ ਹੀ।ਮਨੁ ਰਹਸੀਐ-ਮਨ ਪ੍ਰਸੰਨ ਹੋ ਜਾਂਦਾ ਹੈ।੭।

ਜਿਨਾ ਪਿਰੀ ਪਿਆਰੁ, ਕਿਉ ਜੀਵਨਿ ਪਿਰ ਬਾਹਰੇ ॥ ਜਾਂ ਸਹੁ ਦੇਖਨਿ ਆਪਣਾ, ਨਾਨਕ ਥੀਵਨਿ ਭੀ ਹਰੇ ॥੮॥ ਹੇ ਭਾਈ! ਜਿਨ੍ਹਾਂ (ਗੁਰਮੁਖਾਂ ਦੇ ਅੰਦਰ) ਪਿਆਰੇ ਵਾਹਿਗੁਰੂ ਦਾ ਪਿਆਰ ਹੈ, ਉਹ ਬਿਨਾ ਵਾਹਿਗੁਰੂ ਦੇ ਕਿਵੇਂ ਜਿਉਂਦੇ ਰਹਿ ਸਕਦੇ ਹਨ? (ਨਹੀਂ ਜਿਉਂਦੇ ਰਹਿ ਸਕਦੇ)।ਜਦੋਂ ਉਹ ਅਪਣੇ ਪਿਆਰੇ ਪਤੀ ਨੂੰ ਦੇਖਦੇ ਹਨ, ਨਾਨਕ ਗੁਰੂ ਜੀ ਆਖਦੇ ਹਨ, ਤਦ ਉਹ ਮੁੜ ਹਰੇ ਭਰੇ (ਪ੍ਰਸੰਨ ਚਿਤ) ਹੋ ਜਾਂਦੇ ਹਨ।੮।

ਪਦਾਰਥ = ਕਿਉ ਜੀਵਨਿ-ਕਿਵੇਂ ਜਿਉਂਦੇ ਰਹਿ ਸਕਦੇ ਹਨ?।ਪਿਰ ਬਾਹਰੇ-ਪਤੀ ਪ੍ਰਭੂ ਤੋਂ ਬਿਨਾਂ।ਜਾਂ-ਜਦੋਂ।ਸਹੁ-ਪਤੀ (ਪ੍ਰਭੂ) ਨੂੰ ।ਥੀਵਨਿਭੀ ਹਰੇ-ਮੁੜ ਦੁਬਾਰਾ ਪ੍ਰਸੰਨ (ਹਰੇ ਭਰੇ) ਹੋ ਜਾਂਦੇ ਹਨ।੮।

ਜਿਨਾ ਗੁਰਮੁਖਿ ਅੰਦਰਿ ਨੇਹੁ, ਤੈ ਪ੍ਰੀਤਮ ਸਚੈ ਲਾਇਆ ॥ ਰਾਤੀ ਅਤੈ ਡੇਹੁ, ਨਾਨਕ ਪ੍ਰੇਮਿ ਸਮਾਇਆ ॥੯॥ ਹੇ ਸਦਾ ਥਿਰ ਰਹਿਣ ਵਾਲੇ ਪਿਆਰੇ (ਵਾਹਿਗੁਰੂ)! ਜਿਨ੍ਹਾਂ ਗੁਰਮੁਖਾਂ ਦੇ ਅੰਦਰ ਤੈਂ ਪ੍ਰੇਮ ਲਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਦਿਨ ਅਤੇ ਰਾਤ

(ਨਿਰੰਤਰ ਉਨ੍ਹਾਂ ਦਾ ਮਨ ਤੇਰੇ) ਪ੍ਰੇਮ ਵਿਚ ਲੀਨ ਰਹਿੰਦਾ ਹੈ।੯।

ਪਦਾਰਥ = ਪ੍ਰੀਤਮ ਸਚੈ-ਹੇ ਸਦਾ ਥਿਰ ਰਹਿਣ ਵਾਲੇ ਪਿਆਰੇ (ਵਾਹਿਗੁਰੂ)।ਲਾਇਆ-ਲਗਾ ਦਿਤਾ ਹੈ।ਰਾਤੀ-ਰਾਤ।ਅਤੈ-ਅਤੇ।ਡੇਹੁ-ਦਿਨ।ਪ੍ਰੇਮਿ-ਪ੍ਰੇਮ ਵਿਚ।ਸਮਾਇਆ-ਲੀਨ ਰਹਿੰਦਾ ਹੈ।੯।

ਗੁਰਮੁਖਿ ਸਚੀ ਆਸਕੀ, ਜਿਤੁ ਪ੍ਰੀਤਮੁ ਸਚਾ ਪਾਈਐ ॥ ਅਨਦਿਨੁ ਰਹਹਿ ਅਨੰਦਿ, ਨਾਨਕ ਸਹਜਿ ਸਮਾਈਐ ॥੧੦॥ ਗੁਰਮੁਖਾਂ (ਦੇ ਅੰਦਰ ਵਾਹਿਗੁਰੂ) ਦੀ ਸੱਚੀ ਪ੍ਰੀਤੀ ਹੈ, ਜਿਸ (ਆਸ਼ਕੀ) ਕਰਕੇ ਸਦਾ ਥਿਰ ਰਹਿਣ ਵਾਲਾ ਪ੍ਰੀਤਮ (ਵਾਹਿਗੁਰੂ) ਪਾਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਸਦਾ ਆਤਮਕ ਅਨੰਦ ਵਿਚ ਰਹਿੰਦੇ ਹਨ, (ਇਸ ਪ੍ਰਕਾਰ) ਸਹਿਜ ਅਵਸਥਾ (ਦੇ ਪਦ) ਵਿਚ ਸਮਾ ਜਾਈਦਾ ਹੈ।੧੦।

ਪਦਾਰਥ = ਸਚੀ ਆਸਕੀ-ਸਦਾ ਕਾਇਮ ਰਹਿਣ ਵਾਲਾ ਪ੍ਰੇਮ।ਜਿਤੁ-ਜਿਸ ਕਰਕੇ।ਪਾਈਐ-ਪਾਈਦਾ ਹੈ।ਅਨਦਿਨ-ਹਰ ਰੋਜ। ਅਨੰਦਿ-ਅਨੰਦ ਵਿਚ।ਸਹਜਿ-ਸਹਿਜ ਪਦ ਵਿਚ।ਸਮਾਈਐ-ਸਮਾਈਦਾ ਹੈ।੧੦।

ਸਚਾ ਪ੍ਰੇਮ ਪਿਆਰੁ, ਗੁਰ ਪੂਰੇ ਤੇ ਪਾਈਐ ॥ ਕਬਹੂ ਨ ਹੋਵੈ ਭੰਗੁ, ਨਾਨਕ ਹਰਿ ਗੁਣ ਗਾਈਐ ॥੧੧॥ ਹੇ ਭਾਈ! ਅਕਾਲ ਪੁਰਖ ਦਾ ਮਨ ਕਰਕੇ ਜੋ ਸੱਚਾ ਪ੍ਰੇਮ ਹੈ ਅਤੇ ਤਨ ਕਰਕੇ ਪਿਆਰ ਹੈ, ਇਹ ਪੂਰਨ ਗੁਰੂ ਤੋਂ ਪਾਈਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, (ਕਿ ਮਨੁੱਖ ਨੂੰ ਸਦਾ) ਹਰੀ ਦੇ ਗੁਣ ਗਾਉਣੇ ਚਾਹੀਦੇ ਹਨ (ਫਿਰ ਪ੍ਰੇਮ) ਕਦੇ ਟੁੱਟਦਾ ਨਹੀਂ।੧੧।

ਪਦਾਰਥ = ਤੇ-ਤੋਂ; ਪਾਸੋਂ।ਕਬਹੂ-ਕਦੇ ਵੀ।ਨ ਭੰਗੁ-ਟੁੱਟਦਾ ਨਹੀਂ।੧੧।

ਜਿਨ੍ਾ ਅੰਦਰਿ ਸਚਾ ਨੇਹੁ, ਕਿਉ ਜੀਵਨ੍ਿ ਪਿਰੀ ਵਿਹੂਣਿਆ ॥ ਗੁਰਮੁਖਿ ਮੇਲੇ ਆਪਿ, ਨਾਨਕ ਚਿਰੀ ਵਿਛੁੰਨਿਆ ॥੧੨॥ ਹੇ ਭਾਈ! ਜਿਨ੍ਹਾਂ (ਮਨੁੱਖਾਂ ਦੇ ਹਿਰਦੇ) ਅੰਦਰ ਪ੍ਰਭੂ ਦਾ ਸੱਚਾ ਪ੍ਰੇਮ ਹੈ, (ਉਹ) ਪਿਆਰੇ ਪ੍ਰਭੂ ਤੋਂ ਬਿਨਾ ਕਿਵੇਂ (ਸੁਖੀ) ਜਿਉਂਦੇ ਰਹਿ ਸਕਦੇ ਹਨ?ਨਾਨਕ ਗੁਰੂ ਜੀ ਆਖਦੇ ਹਨ ਕਿ ਚਿਰਾਂ ਤੋਂ ਵਿਛੜਿਆਂ ਨੂੰ ਗੁਰੂ ਰਾਹੀਂ (ਉਹ ਪ੍ਰਭੂ) ਆਪ ਹੀ ਅਪਣੇ ਨਾਲ ਮਿਲਾਉਂਦਾ ਹੈ।੧੨।

ਪਦਾਰਥ = ਜਿਨ੍ਾ ਅੰਦਰਿ-ਜਿਨ੍ਹਾਂ ਦੇ ਹਿਰਦੇ ਅੰਦਰ।ਨੇਹੁ-ਪ੍ਰੇਮ।ਕਿਉਂ-ਕਿਵੇਂ।ਜੀਵਨਿ-ਜਿਉਂਦੇ ਰਹਿ ਸਕਦੇ ਹਨ।ਵਿਹੂਣਿਆ-ਬਿਨਾ।ਚਿਰੀ-ਚਿਰਾਂ ਤੋਂ।ਵਿਛੁੰਨਿਆ-ਵਿਛੜਿਆਂ ਹੋਇਆਂ ਨੂੰ।੧੨।

ਜਿਨ ਕਉ ਪ੍ਰੇਮ ਪਿਆਰੁ, ਤਉ ਆਪੇ ਲਾਇਆ ਕਰਮੁ ਕਰਿ ॥ ਨਾਨਕ ਲੇਹੁ ਮਿਲਾਇ, ਮੈ ਜਾਚਿਕ ਦੀਜੈ ਨਾਮੁ ਹਰਿ ॥੧੩॥ (ਹੇ ਵਾਹਿਗੁਰੂ!) ਜਿਨ੍ਹਾਂ ਮਨੁੱਖਾਂ ਨੂੰ ਮਨ ਕਰਕੇ ਪ੍ਰੇਮ ਹੈ ਅਤੇ ਤਨ ਕਰਕੇ ਪਿਆਰ ਹੈ, (ਇਹ) ਤੈਂ ਆਪੇ ਕਿਰਪਾ ਕਰਕੇ ਲਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ, (ਉਨ੍ਹਾਂ ਗੁਰਮੁਖਾਂ ਨੂੰ ਤੂੰ ਅਪਣੇ ਨਾਲ) ਮਿਲਾ ਲੈਂਦਾ ਹੈਂ; ਮੈਨੂੰ ਅਪਣੇ ਨਾਲ ਮਿਲਾ ਲਵੋ ਅਤੇ ਹੇ ਹਰੀ! ਮੈਨੂੰ ਮੰਗਤੇ ਨੂੰ ਵੀ ਨਾਮ ਬਖਸ਼ ਦਿਓ ਜੀ।੧੩।

ਪਦਾਰਥ = ਜਿਨ ਕਉ-ਜਿਨ੍ਹਾਂ ਨੂੰ।ਤਉ-ਤੈਂ।ਕਰਮੁ ਕਰਿ-ਬਖਸ਼ਿਸ਼ ਕਰਕੇ।ਮੈ-ਮੈਨੂੰ।ਜਾਚਿਕ-ਮੰਗਤੇ ਨੂੰ।ਦੀਜੈ-ਦੇ ਦੇਹ।੧੩।

ਵਿਆਖਿਆ = ਸੱਤਵੇਂ ਸਲੋਕ ਤੋਂ ਤੇਰਵੇਂ ਸਲੋਕ ਤਕ ਗੁਰੂ ਰਾਮਦਾਸ ਜੀ ਨੇ ਦੁਨਿਆਵੀ ਜਾਂ ਮਾਇਆ ਦੇ ਪਿਆਰ ਦੇ ਮੁਕਾਬਲੇ ਤੇ ਵਾਹਿਗੁਰੂ ਦਾ ਪਿਆਰ ਸਦਾ ਕਾਇਮ ਰਹਿਣ ਵਾਲਾ ਵਰਨਣ ਕੀਤਾ ਹੈ।ਵਾਹਿਗੁਰੂ ਦੇ ਪਿਆਰ ਤੋਂ ਬਿਨਾ ਹੋਰ ਸਾਰੇ ਪਿਆਰ ਝੂਠੇ ਤੇ ਛੇਤੀ ਟੁੱਟ ਜਾਣ ਵਾਲੇ ਹਨ।ਵਾਹਿਗੁਰੂ ਦਾ ਪਿਆਰ ਵੀ ਗੁਰੂ ਰਾਹੀਂ ਹੀ ਮਿਲਦਾ ਹੈ, ਪਿਆਰ ਵਾਲੇ ਮਨੁੱਖ ਨੂੰ ਗੁਰੂ ਦੇ ਦਰਸ਼ਨ ਕਰਨ ਤੋਂ ਬਿਨਾ ਸ਼ਾਂਤੀ ਨਹੀਂ ਮਿਲਦੀ।ਵਾਹਿਗੁਰੂ ਦੇ ਪਿਆਰ ਤੋਂ ਬਿਨਾ ਜੀਵਨ ਬੇ ਰਸਾ ਹੁੰਦਾ ਹੈ।

ਜਾਲਉ ਐਸੀ ਰੀਤਿ, ਜਿਤੁ ਮੈ ਪਿਆਰਾ ਵੀਸਰੈ।ਨਾਨਕ ਸਾਈ ਭਲੀ ਪਰੀਤਿ, ਜਿਤੁ ਸਾਹਿਬ ਸੇਤੀ ਪਤਿ ਰਹੈ।(੫੯੦)

ਗੁਰਮੁਖਿ ਹਸੈ ਗੁਰਮੁਖਿ ਰੋਵੈ ॥ ਜਿ ਗੁਰਮੁਖਿ ਕਰੇ, ਸਾਈ ਭਗਤਿ ਹੋਵੈ ॥੧੪॥ ਗੁਰੂ ਅਨਸਾਰੀ ਮਨੁੱਖ (ਆਤਮਕ ਅਨੰਦ ਪ੍ਰਾਪਤ ਕਰਕੇ ਕਦੇ) ਖੁਸ਼ ਹੁੰਦਾ ਹੈ, (ਕਦੇ ਵੈਰਾਗ ਮਈ ਅਵਸਥਾ ਵਿਚ ਆ ਕੇ) ਰੋਂਦਾ ਹੈ ਕਿ (ਪਹਿਲਾਂ ਐਵੇਂ ਬਿਅਰਥ ਜੀਵਨ ਕਿਉਂ ਗੁਆ ਲਿਆ, ਇਤਨੇ ਅਨੰਦ ਤੋਂ ਬਾਂਝਾ ਕਿਉਂ ਰਿਹਾ?)।ਗੁਰਮੁਖ ਜਿਹੜਾ (ਕਰਮ ਕਰਦਾ ਹੈ), ਉਹ ਭਗਤੀ ਵਾਲਾ ਹੀ ਹੁੰਦਾ ਹੈ (ਗੁਰਮੁਖ ਦਾ ਹਰੀ ਦੇ ਅਨੰਦ ਵਿਚ ਖੁਸ਼ ਹੋਣਾ ਤੇ ਵੈਰਾਗ ਵਿਚ ਰੋਣਾ ਵੀ ਭਗਤੀ ਵਾਲਾ ਹੀ ਕਰਮ ਹੈ)।

ਗੁਰਮੁਖਿ ਹੋਵੈ ਸੁ ਕਰੇ ਵੀਚਾਰੁ ॥ ਗੁਰਮੁਖਿ ਨਾਨਕ ਪਾਵੈ ਪਾਰੁ ॥੧੪॥ (ਜਿਹੜਾ) ਗੁਰਮੁਖ ਹੁੰਦਾ ਹੈ, ਉਹ (ਹਰੀ ਦੇ ਗੁਣਾਂ ਦੀ) ਬਿਚਾਰ ਕਰਦਾ ਹੈ।ਗੁਰੂ ਜੀ ਆਖਦੇ ਹਨ ਕਿ ਗੁਰਮੁਖ (ਸੰਸਾਰ ਸਮੁੰਦਰ ਤੋਂ) ਪਾਰਲਾ ਬੰਨਾ ਪਾ ਲੈਂਦਾ (ਮੁਕਤ ਹੋ ਜਾਂਦਾ) ਹੈ।੧੪।

ਪਦਾਰਥ = ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ।ਹਸੈ-ਖੁਸ਼ ਹੁੰਦਾ ਹੈ।ਰੋਵੈ-ਵਿਰਾਗ ਵਿਚ ਰੋਂਦਾ ਹੈ।ਜਿ-ਜਿਹੜਾ (ਕਰਮ)।ਸਾਈ-ਉਹ ਹੀ।ਕਰੇ ਵੀਚਾਰੁ-(ਹਰੀ ਦੇ ਗੁਣਾਂ ਦੀ) ਬਿਚਾਰ ਕਰਦਾ ਹੈ।ਪਾਵੈ ਪਾਰੁ-ਪਾਰਲਾ ਕੰਢਾ (ਮੁਕਤੀ) ਪਾ ਲੈਂਦਾ ਹੈ।੧੪।

ਜਿਨਾ ਅੰਦਰਿ ਨਾਮੁ ਨਿਧਾਨੁ ਹੈ, ਗੁਰਬਾਣੀ ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ, ਤਿਤੁ ਸਚੈ ਦਾਰਬਾਰਿ ॥ ਹੇ ਭਾਈ! ਜਿਨ੍ਹਾਂ (ਮਨੁੱਖਾਂ ਦੇ ਹਿਰਦੇ) ਅੰਦਰ ਨਾਮ ਰੂਪ ਖਜਾਨਾ ਹੈ, (ਉਹ ਗੁਰਮੁਖ) ਗੁਰਬਾਣੀ ਦੀ ਵਿਚਾਰ ਕਰਦੇ ਰਹਿੰਦੇ ਹਨ।ਉਨ੍ਹਾਂ (ਗੁਰਮੁਖਾਂ) ਦੇ

ਮੂੰਹ ਉਸ ਸੱਚੇ ਹਰੀ ਦੇ ਦਰਬਾਰ ਵਿਚ ਸਦਾ ਉਜਲੇ ਹੁੰਦੇ ਹਨ।

ਤਿਨ ਬਹਦਿਆ ਉਠਦਿਆ ਕਦੇ ਨ ਵਿਸਰੈ, ਜਿ ਆਪਿ ਬਖਸੇ ਕਰਤਾਰਿ ॥ ਨਾਨਕ ਗੁਰਮੁਖਿ ਮਿਲੇ ਨ ਵਿਛੜਹਿ, ਜਿ ਮੇਲੇ ਸਿਰਜਣਹਾਰਿ ॥੧੫॥ ਉਨ੍ਹਾਂ ਨੂੰ ਬਹਿੰਦਿਆਂ ਤੇ ਉਠਦਿਆਂ ਕਦੇ ਵੀ (ਹਰੀ ਦਾ ਨਾਮ) ਭੁਲਦਾ ਨਹੀਂ, ਜਿਹੜੇ (ਮਨੁੱਖ) ਆਪ ਕਰਤਾਰ ਨੇ ਬਖਸ਼ੇ ਹਨ। ਨਾਨਕ ਗੁਰੂ ਜੀ ਆਖਦੇ ਹਨ, (ਉਹ) ਗੁਰਮੁਖ ਪ੍ਰਭੂ ਨਾਲ ਮਿਲੇ ਹੋਏ ਵਿਛੜਦੇ ਨਹੀਂ, ਜਿਹੜੇ ਸਿਰਜਨਹਾਰ ਕਰਤਾਰ ਨੇ ਅਪਣੇ ਨਾਲ ਮੇਲ ਲਏ ਹਨ।੧੫।

ਪਦਾਰਥ = ਅੰਦਰਿ-ਹਿਰਦੇ ਅੰਦਰ। ਨਾਮੁ ਨਿਧਾਨੁ-ਨਾਮ ਰੂਪ ਖਜਾਨਾ। ਸਦ-ਸਦਾ। ਤਿਤੁ ਸਚੈ ਦਰਬਾਰਿ-ਉਸ ਵਾਹਿਗੁਰੂ ਦੇ ਦਰਬਾਰ ਵਿਚ। ਤਿਨ-ਉਨ੍ਹਾਂ ਨੂੰ। ਜਿ-ਜਿਹੜੇ। ਕਰਤਾਰਿ-ਕਰਤਾਰ ਨੇ। ਸਿਰਜਣਹਾਰਿ-ਸਿਰਜਨਹਾਰ ਨੇ।੧੫।

ਗੁਰ ਪੀਰਾਂ ਕੀ ਚਾਕਰੀ, ਮਹਾਂ ਕਰੜੀ ਸੁਖ ਸਾਰੁ ॥ ਨਦਰਿ ਕਰੇ ਜਿਸੁ ਆਪਣੀ, ਤਿਸੁ ਲਾਏ ਹੇਤ ਪਿਆਰੁ ॥ ਹੇ ਭਾਈ! ਗੁਰੂਆਂ ਪੀਰਾਂ (ਮਹਾਂ ਪੁਰਖਾਂ) ਦੀ ਸੇਵਾ ਕਰਨੀ ਬੁਹਤ ਕਠਨ ਕੰਮ ਹੈ, ਪਰ (ਇਹ ਸੇਵਾ) ਅੰਤ ਨੂੰ ਚੰਗਾ ਸੁਖ (ਸ੍ਰੇਸਟ ਆਤਮਕ ਅਨੰਦ) ਦੇਣ ਵਾਲੀ ਹੈ। ਜਿਸ (ਮਨੁੱਖ) ਤੇ ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, ਉਸਨੂੰ (ਭਵਜਲ ਤੋਂ)ਤਾਰਨ ਵਾਸਤੇ ਸੇਵਾ ਦਾ ਪਿਆਰ ਲਗਾ ਦੇਂਦਾ ਹੈ।

ਸਤਿਗੁਰ ਕੀ ਸੇਵੈ ਲਗਿਆ, ਭਉਜਲੁ ਤਰੈ ਸੰਸਾਰੁ ॥ ਮਨ ਚਿੰਦਿਆ ਫਲੁ ਪਾਇਸੀ, ਅੰਤਰਿ ਬਿਬੇਕ ਬੀਚਾਰੁ ॥ ਨਾਨਕ ਸਤਿਗੁਰਿ ਮਿਲਿਐ ਪ੍ਰਭੁ ਪਾਈਐ, ਸਭੁ ਦੂਖ ਨਿਵਾਰਣਹਾਰੁ ॥੧੬॥ ਸੱਤਗੁਰੂ ਦੀ ਸੇਵਾ ਵਿਚ ਲੱਗਣ ਕਰਕੇ (ਮਨੁੱਖ) ਸੰਸਾਰ ਸਾਗਰ ਨੂੰ ਤਰ ਜਾਂਦਾ ਹੈ।(ਜਿਸ ਮਨੁੱਖ ਦੇ) ਅੰਦਰ ਚੰਗੇ ਮੰਦੇ ਦਾ ਨਿਰਣਾ ਕਰਨ ਵਾਲਾ ਵਿਚਾਰ ਹੈ, ਉਹ ਮਨ ਇੱਛਤ ਫਲ ਪਾ ਲਵੇਗਾ। ਨਾਨਕ ਗੁਰੂ ਜੀ ਆਖਦੇ ਹਨ, ਸੱਤਗੁਰੂ ਦੇ ਮਿਲਣ ਕਰਕੇ ਪ੍ਰਭੂ ਪਾ ਲਈਦਾ ਹੈ, ਜੋ ਸਾਰੇ ਦੁੱਖ ਦੂਰ ਕਰਨ ਵਾਲਾ ਹੈ।੧੬।

ਪਦਾਰਥ = ਚਾਕਰੀ-(ਕਾਰ) ਸੇਵਾ। ਮਹਾਂ ਕਰੜੀ-ਬਹੁਤ ਔਖੀ। ਸੁਖ ਸਾਰੁ-ਸ੍ਰੇਸਟ ਸੁਖ। ਨਦਰਿ-ਮੇਹਰ ਦੀ ਨਜਰ। ਤਿਸੁ-ਉਸ (ਮਨੁੱਖ) ਨੂੰ। ਲਾਏ ਹੇਤ ਪਿਆਰੁ-(ਤਾਰਨ) ਵਾਸਤੇ ਪਿਆਰ ਲਾਉਂਦਾ ਹੈ। ਭਉਜਲੁ-ਸੰਸਾਰ ਸਮੁੰਦਰ ਨੂੰ। ਮਨ ਚਿੰਦਿਆ-ਮਨ ਦੀ ਮੁਰਾਦ; ਮਨ ਇਛੱਤ। ਪਾਇਸੀ-ਪਾ ਲਵੇਗਾ। ਬਿਬੇਕ ਬੀਚਾਰੁ-ਚੰਗੇ ਮੰਦੇ ਦਾ ਨਿਰਣਾ ਕਰਨ ਵਾਲੀ ਵਿਚਾਰ; ਗਿਆਨ ਦੀ ਵਿਚਾਰ ਸਤਿਗੁਰਿ ਮਿਲਿਐ-ਸਤਿਗੁਰੂ ਦੇ ਮਿਲਣ ਕਰਕੇ। ਨਿਵਾਰਣਹਾਰੁ-ਦੂਰ ਕਰਨ ਵਾਲਾ ਹੈ। ।੧੬।

ਮਨਮੁਖ ਸੇਵਾ ਜੋ ਕਰੇ, ਦੂਜੈ ਭਾਇ ਚਿਤ ਲਾਇ ॥ ਪੁਤੁ ਕਲਤੁ ਕੁਟੰਬੁ ਹੈ, ਮਾਇਆ ਮੋਹੁ ਵਧਾਇ ॥ ਦਰਗਹਿ ਲੇਖਾ ਮੰਗੀਐ, ਕੋਈ ਅੰਤਿ ਨ ਸਕੀ ਛਡਾਇ ॥ ਹੇ ਭਾਈ! ਮਨਮੁਖ ਬੰਦਾ ਜੋ ਵੀ ਸੇਵਾ ਕਰਦਾ ਹੈ, (ਉਹ ਵਾਹਿਗੁਰੂ ਤੋਂ ਬਿਨਾ) ਦੂਜੇ ਹੋਰ ਦੇ ਪਿਆਰ ਵਿਚ ਚਿਤ ਲਾ ਕੇ ਕਰਦਾ ਹੈ। ਪੁਤ੍ਰ ਇਸਤ੍ਰੀ ਅਤੇ ਪ੍ਰਵਾਰ ਨੂੰ ਅਪਣਾ ਸਮਝ ਕੇ ਮਾਇਆ ਦਾ ਮੋਹ ਵਧਾਈ ਜਾਂਦਾ ਹੈ।(ਜਦੋਂ ਮਨਮੁਖ ਤੋਂ) ਦਰਗਾਹ ਵਿਚ (ਕੀਤੇ ਕਰਮਾਂ ਦਾ) ਲੇਖਾ ਮੰਗਿਆ ਜਾਂਦਾ ਹੈ (ਤਾਂ ਉਸ ਵੇਲੇ ਪ੍ਰਵਾਰ ਵਿਚੋਂ) ਕੋਈ ਨਹੀਂ ਛਡਾ ਸਕਦਾ।

ਬਿਨੁ ਨਾਵੈ ਸਭੁ ਦੁਖੁ ਹੈ, ਦੁਖਦਾਈ ਮੋਹ ਮਾਇ ॥ ਨਾਨਕ ਗੁਰਮੁਖਿ ਨਦਰੀ ਆਇਆ, ਮੋਹ ਮਾਇਆ ਵਿਛੁੜਿ ਸਭ ਜਾਇ ॥੧੭॥ ਨਾਮ ਤੋਂ ਬਿਨਾ (ਦੂਜਾ) ਸਭ ਦੁਖ ਰੂਪ ਹੈ, (ਇਹ) ਮਾਇਆ ਦਾ ਮੋਹ ਦੁਖ ਦੇਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ, ਗੁਰਮੁਖਾਂ ਨੂੰ ਇਹ ਨਜਰ ਆ ਗਿਆ ਹੈ ਕਿ ਮਾਇਆ ਦਾ ਮੋਹ ਸਭ ਵਿਛੜ ਜਾਂਦਾ ਹੈ (ਰੱਬ ਨੂੰ ਭੁੱਲ ਕੇ ਜਿਸ ਮਾਇਆ ਦੇ ਰੂਪ ਪ੍ਰਵਾਰ ਨਾਲ ਮੋਹ ਕਰੀਦਾ ਹੈ, ਉਹ ਅੰਤ ਨੂੰ ਸਭ ਵਿਛੜ ਜਾਂਦਾ ਹੈ)।੧੭।

ਪਦਾਰਥ = ਦੂਜੈ ਭਾਇ-ਦ੍ਵੈਤ ਭਾਵ (ਹਰੀ ਨੂੰ ਭੁੱਲ ਕੇ ਦੂਜਿਆਂ) ਵਿਚ ਪਿਆਰ ਕਰਨਾ। ਕਲਤੁ-ਇਸਤ੍ਰੀ। ਕੁਟੰਬੁ-ਪ੍ਰਵਾਰ। ਅੰਤਿ-ਅੰਤ ਸਮੇਂ। ਦੁਖਦਾਈ-ਦੁਖ ਦੇਣ ਵਾਲਾ। ਮੋਹ ਮਾਇ-ਮਾਇਆ ਦਾ ਮੋਹ। ਨਦਰੀ ਆਇਆ-ਨਜਰ ਆ ਗਿਆ ਹੈ।੧੭।

ਅੰਗ ੧੪੨੩ = ਗੁਰਮੁਖਿ ਹੁਕਮੁ ਮੰਨੇ ਸਹ ਕੇਰਾ, ਹੁਕਮੇ ਹੀ ਸੁਖੁ ਪਾਏ ॥ ਹੁਕਮੋ ਸੇਵੇ ਹੁਕਮੁ ਅਰਾਧੇ, ਹੁਕਮੇ ਸਮੈ ਸਮਾਏ ॥ ਹੇ ਭਾਈ! ਗੁਰਮੁਖ ਜਨ ਮਾਲਕ ਪ੍ਰਭੂ ਦਾ ਹੁਕਮ ਮੰਨਦੇ ਹਨ ਅਤੇ ਹੁਕਮ (ਵਿਚ ਰਹਿ ਕੇ) ਆਤਮਕ ਸੁਖ ਪ੍ਰਾਪਤ ਕਰਦੇ ਹਨ।(ਉਹ) ਹੁਕਮ ਵਿਚ ਹੀ ਸੇਵਾ ਕਰਦੇ ਹਨ, ਹੁਕਮ ਨੂੰ (ਸਦਾ) ਯਾਦ ਰਖਦੇ ਹਨ; ਹੁਕਮ (ਮੰਨ ਕੇ) ਸੇਵਾ ਕਰਦੇ ਹਨ, ਹੁਕਮ (ਮੰਨ ਕੇ ਵਾਹਿਗੁਰੂ ਨੂੰ) ਸਿਮਰਦੇ ਹਨ ਅਤੇ (ਆਪ ਵੀ) ਹੁਕਮ ਵਿਚ ਲੀਨ ਹੋ ਜਾਂਦੇ ਹਨ ਤੇ ਹੋਰਨਾਂ ਨੂੰ ਵੀ ਲੀਨ ਕਰਦੇ ਹਨ।

ਹੁਕਮੁ ਵਰਤੁ ਨੇਮੁ ਸੁਚ ਸੰਜਮੁ, ਮਨ ਚਿੰਦਿਆ ਫਲੁ ਪਾਏ ॥ ਸਦਾ ਸੁਹਾਗਣਿ ਜਿ ਹੁਕਮੈ ਬੁਝੈ, ਸਤਿਗੁਰੁ ਸੇਵੈ ਲਿਵ ਲਾਇ ॥ ਨਾਨਕ ਕ੍ਰਿਪਾ ਕਰੇ ਜਿਨ ਊਪਰਿ, ਤਿਨਾ ਹੁਕਮੇ ਲਏ ਮਿਲਾਏ ॥੧੮॥ (ਵਾਹਿਗੁਰੂ ਦਾ) ਹੁਕਮ ਮੰਨਣਾ ਹੀ (ਉਨ੍ਹਾਂ ਗੁਰਮੁਖਾਂ ਲਈ) ਵਰਤ ਨੇਮ ਸਰੀਰ ਦੀ ਸੁੱਚਮਤਾ ਅਤੇ ਇੰਦ੍ਰੀਆਂ ਨੂੰ ਕਾਬੂ ਕਰਨਾ ਆਦਿ ਕਰਮ ਹਨ (ਹੁਕਮ ਮੰਨ ਕੇ ਉਹ) ਮਨ ਇੱਛਤ ਫਲ ਪਾ ਲੈਂਦੇ ਹਨ।(ਜਿਵੇਂ) ਜਿਹੜੀ ਇਸਤ੍ਰੀ ਪਤੀ ਦੇ ਹੁਕਮ ਨੂੰ ਸਮਝਦੀ ਹੈ, (ਉਹ) ਸਦਾ ਸੁਹਾਗਣ ਹੈ (ਪਤੀ ਦੇ ਮਿਲਾਪ ਦਾ ਅਨੰਦ ਮਾਨਣ ਵਾਲੀ ਹੈ, ਇਸੇ ਤਰ੍ਹਾਂ ਜਿਹੜੇ ਗੁਰਮੁਖ ਵਾਹਿਗੁਰੂ ਦੇ ਹੁਕਮ ਨੂੰ ਸਮਝ ਲੈਂਦੇ ਹਨ) ਅਤੇ ਲਿਵ ਲਾ ਕੇ ਸੱਤਗੁਰੂ ਨੂੰ ਪੂਜਦੇ ਹਨ (ਉਹ ਪ੍ਰਭੂ ਦੇ ਸੇਵਕ ਹੋਣ ਦਾ ਮਾਣ ਹਾਸਲ ਕਰਨ ਵਾਲੇ ਹਨ)। ਨਾਨਕ ਗੁਰੂ ਜੀ ਕਹਿੰਦੇ ਹਨ, (ਵਾਹਿਗੁਰੂ) ਜਿਨ੍ਹਾਂ ਉਪਰ ਕ੍ਰਿਪਾ ਕਰਦਾ

ਹੈ, ਉਨ੍ਹਾਂ ਨੂੰ ਹੁਕਮ ਵਿਚ ਮਿਲਾ (ਲੀਨ ਕਰ) ਲੈਂਦਾ ਹੈ।੧੮।

ਪਦਾਰਥ = ਸਹ-ਪਤੀ ਪ੍ਰਭੂ।ਕੇਰਾ-ਦਾ।ਹੁਕਮੇ ਹੀ-ਹੁਕਮ ਵਿਚ (ਰਹਿ ਕੇ)।ਹੁਕਮੋ ਸੇਵੇ-ਹੁਕਮ (ਮੰਨ ਕੇ) ਸੇਵਾ ਕਰਦਾ ਹੈ।ਅਰਾਧੇ-ਸਿਮਰਦਾ ਹੈ।ਸਮੈ ਸਮਾਏ-ਲੀਨ ਹੁੰਦਾ ਹੈ ਤੇ ਹੋਰਨਾਂ ਨੂੰ ਵੀ ਲੀਨ ਕਰਦਾ ਹੈ।ਨੇਮੁ-ਨਿਤ ਦਾ ਧਾਰਮਕ ਕਰਮ।ਸੁਚ-ਪਵਿਤ੍ਰਤਾ।ਸੰਜਮੁ-ਇੰਦ੍ਰੀਆਂ ਨੂੰ ਕਾਬੂ ਕਰਨਾ; ਖਾਣ ਪੀਣ ਦਾ ਪ੍ਰਹੇਜ਼।ਮਨ ਚਿੰਦਿਆ-ਮਨ ਵਿਚ ਸੋਚਿਆ ਹੋਇਆ।ਸੁਹਾਗਣਿ-ਜਿਉਂਦੇ ਪਤੀ ਵਾਲੀ; ਇਸਤ੍ਰੀ ਦੇ ਪਤੀਵੰਤ ਹੋਣ ਦੀ ਸੁਖ ਅਨੰਦ ਵਾਲੀ ਅਵਸਥਾ; ਭਾਗਾਂ ਵਾਲਾ।ਜਿ-ਜਿਹੜੇ।ਬੁਝੈ-(ਹੁਕਮ ਮੰਨ ਕੇ ਸੇਵਾ ਕਰਨਾ ਅਪਣਾ ਧਰਮ) ਸਮਝਦਾ ਹੈ।ਜਿਨ ਊਪਰਿ-ਜਿਨ੍ਹਾਂ ਉਪਰ।ਤਿਨਾ-ਉਨ੍ਹਾਂ ਨੂੰ।ਹੁਕਮੇ-ਹੁਕਮ ਵਿਚ।੧੮।

ਮਨਮੁਖਿ ਹੁਕਮੁ ਨ ਬੁਝੇ ਬਪੁੜੀ, ਨਿਤ ਹਉਮੈ ਕਰਮ ਕਮਾਇ ॥ ਵਰਤ ਨੇਮੁ ਸੁਚ ਸੰਜਮੁ ਪੂਜਾ, ਪਾਖੰਡਿ ਭਰਮੁ ਨ ਜਾਇ ॥ ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ, ਜਿਉ ਹਸਤੀ ਛਾਰੁ ਉਡਾਏ ॥ ਬਿਚਾਰੀ ਮਨਮੁਖ ਜੀਵ ਰੂਪ ਇਸਤ੍ਰੀ (ਵਾਹਿਗੁਰੂ ਦੇ) ਹੁਕਮ ਨੂੰ ਨਹੀ ਸਮਝਦੀ ਅਤੇ ਨਿਤ ਹਉਮੈ ਵਿਚ ਹੀ (ਧਰਮ) ਕਰਮ ਕਮਾਉਂਦੀ (ਕਰਦੀ) ਹੈ।ਵਰਤ ਰਖਣੇ, ਨਿਤ ਦੇ ਧਰਮ ਕਰਮ ਵਾਲੇ ਨੇਮ ਕਰਨੇ, ਸਰੀਰ ਦੀ ਪਵਿਤ੍ਰਤਾ, ਖਾਣ ਪੀਣ ਦਾ ਪ੍ਰਹੇਜ਼ ਅਤੇ ਠਾਕਰ ਪੂਜਾ ਆਦਿ ਪਖੰਡ (ਕਰਮ) ਕਰਨ ਨਾਲ (ਮਨ ਦਾ) ਭਰਮ ਦੂਰ ਨਹੀਂ ਹੁੰਦਾ।(ਅਜੇਹੇ ਮਨੁੱਖ) ਮਾਇਆ ਦੇ ਮੋਹ ਵਿਚ ਵਿੰਨ੍ਹੇ ਹੋਏ ਹੋਣ ਕਰਕੇ ਅੰਦਰੋਂ ਅਪਵਿਤ੍ਰ ਹਨ, (ਉਨ੍ਹਾਂ ਦੇ ਧਰਮ ਕਰਮ ਕੀਤੇ ਹੋਏ ਇਉਂ ਹਨ) ਜਿਵੇਂ ਹਾਥੀ ਨਹਾ ਕੇ ਮਿੱਟੀ ਉਡਾ ਕੇ (ਅਪਣੇ ਉਤੇ) ਪਾ ਲੈਂਦਾ ਹੈ (ਧਰਮ ਕਰਮ ਰੂਪ ਸ਼ਨਾਨ ਕਰਕੇ ਹੰਕਾਰ ਰੂਪ ਮਿੱਟੀ ਉਤੇ ਪਾ ਲੈਂਦੇ ਹਨ)।

ਜਿਨਿ ਉਪਾਏ ਤਿਸੈ ਨ ਚੇਤਹਿ, ਬਿਨੁ ਚੇਤੇ ਕਿਉ ਸੁਖੁ ਪਾਏ ॥ ਨਾਨਕ ਪਰਪੰਚੁ ਕੀਆ ਧੁਰਿ ਕਰਤੈ, ਪੂਰਬਿ ਲਿਖਿਆ ਕਮਾਏ ॥੧੯॥ ਜਿਸ ਵਾਹਿਗੁਰੂ ਨੇ (ਜੀਵ) ਪੈਦਾ ਕੀਤੇ ਹਨ, ਉਸ ਨੂੰ ਨਹੀ ਸਿਮਰਦੇ, ਬਿਨਾ ਸਿਮਰੇ ਤੋਂ (ਜੀਵ) ਕਿਵੇਂ ਸੁਖ ਪਾ ਸਕਦੇ ਹਨ? ਗੁਰੂ ਜੀ ਆਖਦੇ ਹਨ ਕਿ ਕਰਤਾ ਪੁਰਖ ਨੇ (ਅਪਣੇ ਹੁਕਮ ਨਾਲ) ਧੁਰ ਤੋਂ ਇਹ ਜਗਤ ਰਚਨਾ ਦਾ ਖੇਲ ਬਣਇਆ ਹੈ, (ਜੀਵਾਂ ਦੇ ਵਸ ਵਿਚ ਕੀ ਹੈ? ਇਹ ਤਾਂ ਮੱਥੇ ਤੇ ਜੋ) ਪਹਿਲਾਂ ਤੋਂ ਹੀ ਲਿਖਿਆ ਹੋਇਆ ਹੈ (ਉਸ ਅਨੁਸਾਰ ਹੀ ਜੀਵ ਕਰਮ) ਕਮਾਉਂਦੇ ਹਨ (ਵਾਹਿਗੁਰੂ ਨੇ ਖੇਡ ਹੀ ਐਸੀ ਬਣਾਈ ਹੈ)।੧੯।ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ।(੪੮੫)

ਪਦਾਰਥ = ਨ ਬੁਝੇ-ਨਹੀ ਸਮਝਦੀ।ਬਪੁੜੀ-ਬਿਚਾਰੀ।ਨਿਤ-ਹਰ ਰੋਜ (ਸਦਾ)।ਕਰਮ ਕਮਾਇ-ਧਰਮ ਕਰਮ ਕਰਦੀ ਹੈ।ਅੰਤਰਹੁ-ਅੰਦਰੋਂ।ਸੁਚ-ਸਰੀਰ ਦੀ ਪਵਿਤ੍ਰਤਾ।ਸੰਜਮੁ-ਇੰਦ੍ਰੀਆਂ ਨੂੰ ਵਸ ਵਿਚ ਰਖਣ ਦਾ ਜਤਨ; ਖਾਣ ਪੀਣ ਦਾ ਪ੍ਰਹੇਜ।ਕੁਸੁਧੁ-ਮੈਲਾ; ਅਪਵਿਤ੍ਰ।ਮਾਇਆ ਮੋਹਿ-ਮਾਇਆ ਦੇ ਮੋਹ ਵਿਚ।ਬੇਧੇ-ਵਿੰਨ੍ਹੇ ਹੋਏ।ਹਸਤੀ-ਹਾਥੀ।ਛਾਰੁ-ਮਿੱਟੀ।ਉਡਾਏ-ਉਡਾਉਂਦਾ ਹੈ।ਜਿਨਿ-ਜਿਸ (ਪ੍ਰਭੂ) ਨੇ।ਤਿਸੈ-ਉਸ ਨੂੰ।ਨ ਚੇਤਹਿ-ਨਹੀ ਜਪਦੇ।ਪਰਪੰਚੁ-(ਪੰਜਾਂ ਤੱਤਾਂ ਤੋਂ ਫੈਲਿਆ) ਜਗਤ।ਕੀਆ-ਰਚਨਾ ਕੀਤੀ।ਧੁਰਿ-ਧੁਰ ਤੋਂ।ਕਰਤੈ-ਕਰਤਾ ਪੁਰਖ ਨੇ।ਪੂਰਬਿ-ਪਿਛਲੇ (ਜਨਮਾਂ ਦਾ)।ਲਿਖਿਆ ਕਮਾਏ-ਲਿਖਿਆ ਕਮਾਉਂਦੇ ਹਨ।੧੯।

ਗੁਰਮੁਖਿ ਪਰਤੀਤਿ ਭਈ ਮਨੁ ਮਾਨਿਆ, ਅਨਦਿਨੁ ਸੇਵਾ ਕਰਤ ਸਮਾਇ ॥ ਅੰਤਰਿ ਸਤਿਗੁਰੁ ਗੁਰੂ ਸਭ ਪੂਜੇ, ਸਤਿਗੁਰ ਕਾ ਦਰਸੁ ਦੇਖੈ ਸਭ ਆਇ ॥ ਗੁਰੂ ਅਨੁਸਾਰੀ ਮਨੁੱਖ ਦਾ (ਗੁਰੂ ਵਿਚ) ਭਰੋਸਾ ਹੋਇਆ ਹੈ, ਮਨ (ਗੁਰੂ ਵਿਚ) ਪਤੀਜ ਗਿਆ ਹੈ ਅਤੇ ਹਰ ਰੋਜ ਸੇਵਾ ਕਰਦਿਆਂ (ਸੇਵਾ ਵਿਚ) ਮਸਤ ਰਹਿੰਦਾ ਹੈ; ਵਾਹਿਗੁਰੂ ਵਿਚ ਲੀਨ ਰਹਿੰਦਾ ਹੈ।(ਉਸ ਮਨੁੱਖ ਦੇ ਹਿਰਦੇ) ਅੰਦਰ ਸੱਤਗੁਰੂ ਵਸਿਆ ਹੋਇਆ ਹੈ, (ਜਿਸ) ਗੁਰੂ ਨੂੰ ਸਾਰੇ ਪੂਜਦੇ ਹਨ ਅਤੇ ਸੱਤਗੁਰੂ ਦਾ ਦਰਸ਼ਨ ਸਾਰੇ (ਲੋਕ) ਆ ਕੇ ਦੇਖਦੇ ਹਨ।

ਮੰਨੀਐ ਸਤਿਗੁਰ ਪਰਮ ਬੀਚਾਰੀ, ਜਿਤੁ ਮਿਲਿਐ ਤਿਸਨਾ ਭੁਖ ਸਭ ਜਾਇ ॥ ਹਉ ਸਦਾ ਸਦਾ ਬਲਿਹਾਰੀ ਗੁਰ ਅਪੁਨੇ, ਜੋ ਪ੍ਰਭੁ ਸਚਾ ਦੇਇ ਮਿਲਾਇ ॥ ਨਾਨਕ ਕਰਮੁ ਪਾਇਆ ਤਿਨ ਸਚਾ, ਜੋ ਗੁਰ ਚਰਣੀ ਲਗੇ ਆਇ ॥੨੦॥ ਸੱਤਗੁਰੂ ਪਰਮ ਵਿਚਾਰਵਾਨ ਮੰਨੇ ਜਾਂਦੇ ਹਨ, ਜਿਸ (ਗੁਰੂ) ਨੂੰ ਮਿਲਣ ਨਾਲ ਤ੍ਰਿਸ਼ਨਾ ਦੀ ਭੁੱਖ ਸਭ ਚਲੇ ਜਾਂਦੀ ਹੈ।ਮੈਂ ਅਪਣੇ ਗੁਰੂ ਤੋਂ ਮਨ ਤੇ ਤਨ ਕਰਕੇ ਸਦਾ ਬਲਹਾਰ ਜਾਂਦਾ ਹਾਂ, ਜੋ ਸਦਾ ਥਿਰ ਰਹਿਣ ਵਾਲੇ ਪਭੂ ਨੂੰ ਮਿਲਾ ਦੇਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਨ੍ਹਾਂ ਨੇ ਸਦਾ ਸਥਿਰ ਰਹਿਣ ਵਾਲੀ ਵਾਹਿਗੁਰੂ ਦੀ ਬਖਸ਼ਿਸ ਪ੍ਰਾਪਤ ਕਰ ਲਈ ਹੈ, ਜਿਹੜੇ (ਮਨੁੱਖ) ਗੁਰੂ ਦੇ ਚਰਨਾਂ ਵਿਚ ਆ ਲੱਗੇ (ਜੁੜੇ) ਹਨ।੨੦।

ਪਦਾਰਥ = ਪਰਤੀਤਿ-ਭਰੋਸਾ; ਨਿਸਚਾ।ਭਈ-ਹੋਈ; ਹੋਇਆ।ਮਨੁ ਮਾਨਿਆ-ਮਨ ਮੰਨ ਗਿਆ; ਮਨ ਪਤੀਜ ਗਿਆ।ਸੇਵਾ ਕਰਤ-ਸੇਵਾ ਕਰਦਿਆਂ।ਸਮਾਇ-ਮਸਤ (ਲੀਨ) ਰਹਿੰਦਾ ਹੈ।ਅੰਤਰਿ-ਹਿਰਦੇ ਅੰਦਰ।ਮੰਨੀਐ-ਮੰਨੇ ਜਾਂਦੇ ਹਨ।ਪਰਮ ਬੀਚਾਰੀ-ਬਹੁਤ ਵੱਡੇ ਬਿਚਾਰਵਾਨ।ਜਿਤੁ-ਜਿਸ ਨੂੰ।ਮਿਲਿਐ-ਮਿਲਣ ਨਾਲ।ਹਉ-ਮੈਂ।ਕਰਮੁ-ਰੱਬੀ ਬਖਸ਼ਿਸ਼; ਭਾਗ।ਚਰਨੀ-ਚਰਨਾਂ ਵਿਚ।੨੦।

ਜਿਨ ਪਿਰੀਆ ਸਉ ਨੇਹੁ, ਸੇ ਸਜਣ ਮੈ ਨਾਲਿ ॥ ਅੰਤਰਿ ਬਾਹਰਿ ਹਉ ਫਿਰਾਂ, ਭੀ ਹਿਰਦੈ ਰਖਾ ਸਮਾਲਿ ॥੨੧॥ ਜਿਨ੍ਹਾਂ (ਗੁਰਮੁਖਾਂ) ਦਾ ਪਿਆਰੇ ਵਾਹਿਗੁਰੂ ਨਾਲ ਪ੍ਰੇਮ ਹੈ, ਉਹ (ਗੁਰਮੁਖ) ਸੱਜਣ ਮੇਰੇ ਨਾਲ (ਰਹਿੰਦੇ) ਹਨ ਭਾਵ ਮੈਂ ਗੁਰਮੁਖਾਂ ਦੀ ਸੰਗਤ ਵਿਚ ਰਹਿੰਦਾ

ਹਾਂ।(ਭਾਵੇਂ) ਮੈਂ ਅੰਦਰ ਬਾਹਰ (ਕਾਰ ਵਿਹਾਰ ਕਰਦਾ) ਫਿਰਦਾ ਹਾਂ, ਫਿਰ ਭੀ ਵਾਹਿਗੁਰੂ ਨੂੰ ਹਿਰਦੇ ਵਿਚ ਸੰਭਾਲ ਕੇ (ਜਾਂ ਯਾਦ) ਰਖਦਾ ਹਾਂ।੨੧।

ਪਦਾਰਥ = ਜਿਨ-ਜਿਨ੍ਹਾਂ ਦਾ।ਪਿਰੀਆ-ਪਿਆਰਾ ਪ੍ਰਭੂ।ਸਉ-ਨਾਲ।ਨੇਹੁ-ਪ੍ਰੇਮ।ਸੇ-ਉਹ।ਮੈ ਨਾਲਿ-ਮੇਰੇ ਨਾਲ ਹਨ।ਹਉ ਫਿਰਾਂ-ਮੈਂ ਫਿਰਦਾ ਹਾਂ।ਭੀ-ਫਿਰ ਭੀ।ਹਿਰਦੈ-ਹਿਰਦੇ ਵਿਚ।ਰਖਾ-ਰਖਦਾ ਹਾਂ।ਸਮਾਲਿ-ਸੰਭਾਲ ਕੇ; ਯਾਦ।੨੧।

ਜਿਨਾ ਇਕ ਮਨਿ ਇਕ ਚਿਤਿ ਧਿਆਇਆ, ਸਤਿਗੁਰ ਸਉ ਚਿਤੁ ਲਾਇ ॥ ਤਿਨ ਕੀ ਦੁਖ ਭੁਖ ਹਉਮੈ ਵਡਾ ਰੋਗੁ ਗਇਆ, ਨਿਰਦੋਖ ਭਏ ਲਿਵਲਾਇ ॥ ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਇਕ ਮਨ ਅਤੇ ਇਕ ਚਿਤ ਹੋ ਕੇ (ਇਗਾਗਰਤਾ ਨਾਲ) ਸੱਤਗੁਰੂ ਦੇ ਚਰਨਾਂ ਨਾਲ ਚਿਤ ਜੋੜ ਕੇ (ਵਾਹਿਗੁਰੂ ਨੂੰ) ਧਿਆਇਆ ਹੈ।ਉਨ੍ਹਾਂ (ਮਨੁੱਖਾਂ) ਦੇ ਸਾਰੇ ਦੁੱਖ ਦੂਰ ਹੋ ਗਏ, (ਮਾਇਆ ਦੀ) ਭੁੱਖ ਤੇ ਹਉਮੈ ਦਾ ਵੱਡਾ ਰੋਗ ਦੂਰ ਹੋ ਗਿਆ, (ਅਤੇ ਉਹ ਵਾਹਿਗੁਰੂ ਵਿਚ) ਲਿਵ ਲਾ ਕੇ ਵਿਕਾਰਾਂ ਤੋਂ ਰਹਿਤ ਹੋ ਗਏ ਹਨ।

ਗੁਣ ਗਾਵਹਿ ਗੁਣ ਉਚਰਹਿ, ਗੁਣ ਮਹਿ ਸਵੈ ਸਮਾਇ ॥ ਨਾਨਕ ਗੁਰ ਪੂਰੇ ਤੇ ਪਾਇਆ, ਸਹਜਿ ਮਿਲਿਆ ਪ੍ਰਭੁ ਆਇ ॥੨੨॥ (ਉਹ ਪੁਰਖ ਕੀਰਤਨ ਰਾਹੀਂ ਵਾਹਿਗੁਰੂ ਦੇ) ਗੁਣ ਗਾਉਂਦੇ ਹਨ, (ਕਥਾ ਵਿਚਾਰਾਂ ਰਾਹੀਂ ਵਾਹਿਗੁਰੂ ਦੇ) ਗੁਣ ਉਚਾਰਦੇ ਹਨ ਤੇ ਗੁਣਾਂ ਵਿਚ ਹੀ ਲੀਨ ਹੁੰਦੇ ਹਨ ਤੇ ਹੋਰਨਾਂ ਨੂੰ ਵੀ ਲੀਨ ਕਰਦੇ ਹਨ।ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੇ) ਪੂਰੇ ਗੁਰੂ ਤੋਂ ਉਪਦੇਸ਼ ਪ੍ਰਾਪਤ ਕੀਤਾ ਹੈ (ਇਸ ਲਈ ਉਨ੍ਹਾਂ ਨੂੰ) ਸੁਤੇ ਸਿੱਧ (ਨਿਰ ਯਤਨ) ਹੀ ਵਾਹਿਗੁਰੂ ਆ ਕੇ ਮਿਲਿਆ ਹੈ।੨੨।

ਪਦਾਰਥ = ਜਿਨਾ-ਜਿਨ੍ਹਾਂ ਨੇ।ਇਕ ਮਨਿ-ਇਕਾਗਰ ਮਨ ਨਾਲ।ਇਕ ਚਿਤਿ-ਇਕਾਗਰ ਚਿੱਤ ਨਾਲ।ਸਉ-ਨਾਲ।ਚਿਤੁ ਲਾਇ-ਚਿਤ ਜੋੜ ਕੇ।ਤਿਨ ਕੀ-ਉਨ੍ਹਾਂ ਦੀ।ਨਿਰਦੋਖ-ਵਿਕਾਰਾਂ ਤੋਂ ਰਹਿਤ।ਭਏ-ਹੋ ਗਏ।ਸਵੈ-ਸੌਂਦੇ (ਸਮਾਧੀ ਲਾਉਂਦੇ) ਹਨ; ਲੀਨ ਹੁੰਦੇ ਹਨ।ਤੇ-ਤੋਂ।ਸਹਜਿ-ਸੁਤੇ ਸਿਧ; ਨਿਰ ਯਤਨ।੨੨।

ਮਨਮੁਖਿ ਮਾਇਆ ਮੋਹੁ ਹੈ, ਨਾਮਿ ਨ ਲਗੈ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਘਰੈ, ਕੂੜਿ ਕਰੈ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ, ਅੰਤਿ ਹੋਇ ਸਭੁ ਛਾਰੁ ॥ ਹੇ ਭਾਈ! ਮਨਮੁਖ ਦੇ ਮਨ ਵਿਚ ਮਾਇਆ ਦਾ ਮੋਹ ਹੈ (ਇਸ ਲਈ ਉਸਦਾ) ਹਰੀ ਦੇ ਨਾਮ ਵਿਚ ਪਿਆਰ ਨਹੀ ਲਗਦਾ।(ਉਹ) ਝੂਠ ਨੂੰ ਕਮਾਉਂਦਾ ਹੈ, ਝੂਠੇ ਪਦਾਰਥਾਂ ਨੂੰ ਹੀ ਇਕੱਠਾ ਕਰਦਾ ਹੈ, ਝੂਠ ਰਾਹੀਂ ਭੋਜਨ ਕਰਦਾ ਹੈ (ਹੇਰਾ ਫੇਰੀ ਵਾਲੀ ਕਮਾਈ ਕਰਕੇ ਨਾਸ਼ ਹੋਣ ਵਾਲੀ ਮਾਇਆ ਕੱਠੀ ਕਰਦਾ ਹੈ ਤੇ ਝੂਠ ਦੀ ਕੀਤੀ ਕਮਾਈ ਦਾ ਭੋਜਨ ਖਾਂਦਾ ਹੈ)।(ਮਨਮੁਖ) ਵਿਹੁ ਰੂਪ ਧਨ ਦੌਲਤ ਕੱਠੀ ਕਰਕੇ ਮਰ ਜਾਂਦਾ ਹੈ ਅਤੇ ਅੰਤ ਨੂੰ ਸਭ ਕੁਝ ਸੁਆਹ ਹੋ ਜਾਂਦਾ ਹੈ (ਕੁਛ ਪੱਲੇ ਨਹੀਂ ਪੈਂਦਾ)

ਕਰਮ ਧਰਮ ਸੁਚਿ ਸੰਜਮੁ ਕਰਹਿ, ਅੰਤਰਿ ਲੋਭੁ ਵਿਕਾਰ ॥ ਨਾਨਕ ਮਨਮੁਖਿ ਜਿ ਕਮਾਵੈ, ਸੁ ਥਾਇ ਨ ਪਵੈ, ਦਰਗਹ ਹੋਇ ਖੁਆਰੁ ॥੨੩॥(ਉਹ ਬਾਹਰ ਮੁਖੀ ਦਿਖਾਵੇ ਦੇ) ਸਰੀਰ ਦੀ ਸੁੱਚਮਤਾ ਅਤੇ ਇੰਦ੍ਰੀਆਂ ਤੇ ਕਾਬੂ ਪਾਉਣਾ (ਜਾਂ ਖਾਣ ਪੀਣ ਦਾ ਪ੍ਰਹੇਜ਼) ਆਦਿਕ ਧਾਰਮਕ ਕਰਮ ਤਾਂ ਕਰਦਾ ਹੈ, ਪਰ ਹਿਰਦੇ ਅੰਦਰ ਲੋਭ ਆਦਿ ਵਿਕਾਰ ਹਨ।ਗੁਰੂ ਜੀ ਆਖਦੇ ਹਨ ਕਿ ਮਨਮੁਖ ਜੋ ਵੀ ਕਰਮ ਕਮਾਉਂਦਾ ਹੈ ,ਉਹ (ਕਰਮ) ਸਫਲ ਨਹੀਂ ਹੁੰਦੇ, (ਜਿਸ ਕਰਕੇ ਵਾਹਿਗੁਰੂ ਦੀ) ਦਰਗਾਹ ਵਿਚ ਖਜਲ ਖਆਰ ਹੁੰਦਾ ਹੈ।੨੩।

ਪਦਾਰਥ = ਨਾਮਿ-ਨਾਮ ਵਿਚ।ਸੰਘਰੈ-ਕੱਠਾ ਕਰਦਾ ਹੈ।ਕੂੜਿ-ਝੂਠ ਰਾਹੀਂ।ਆਹਾਰੁ-ਭੋਜਨ।ਬਿਖੁ-ਵਿਹੁ।ਸੰਚਿ-ਕੱਠੀ ਕਰ ਕੇ।ਮਰਹਿ-ਮਰਦਾ ਹੈ।ਅੰਤਿ-ਅੰਤ ਵੇਲੇ।ਛਾਰੁ-ਸੁਆਹ; ਮਿੱਟੀ।ਸੁਚਿ-ਸੁੱਚਮਤਾ (ਸਰੀਰ ਦੀ ਪਵਿਤ੍ਰਤਾ)।ਸੰਜਮੁ ਕਰਹਿ-ਇੰਦ੍ਰੀਆਂ ਨੂੰ ਰੋਕਣ ਦਾ ਜਤਨ ਕਰਦਾ ਹੈ।ਅੰਤਰਿ-ਹਿਰਦੇ ਅੰਦਰ।ਜਿ-ਜੋ।ਸੁ-ਉਹ।ਥਾਇ ਨ ਪਵੈ-ਸਫਲ ਨਹੀ ਹੁੰਦਾ; ਪ੍ਰਵਾਨ ਨਹੀਂ ਹੁੰਦਾ।ਹੋਇ ਖੁਆਰੁ-ਖਜਲ ਖੁਆਰ;ਦੁਖੀ; ਬੇ ਇਜਤ ਹੁੰਦਾ ਹੈ।੨੩।

ਸਭਨਾ ਰਾਗਾਂ ਵਿਚ ਸੋ ਭਲਾ ਭਾਈ, ਜਿਤੁ ਵਸਿਆ ਮਨਿ ਆਇ ॥ ਰਾਗੁ ਨਾਦੁ ਸਭੁ ਸਚੁ ਹੈ, ਕੀਮਤਿ ਕਹੀ ਨ ਜਾਇ ॥ ਰਾਗੈ ਨਾਦੈ ਬਾਹਰਾ, ਇਨੀ ਹੁਕਮੁ ਨ ਬੂਝਿਆ ਜਾਇ ॥ ਹੇ ਭਾਈ! ਸਾਰੇ ਰਾਗਾਂ ਵਿਚੋਂ ਉਹ (ਰਾਗ ਗਾਉਣਾ) ਚੰਗਾ ਹੈ, ਜਿਸ (ਰਾਗ ਦੇ ਗਾਉਣ) ਨਾਲ ਵਾਹਿਗੁਰੂ ਮਨ ਵਿਚ ਆ ਵਸਦਾ ਹੈ {ਰਾਗ ਨਾਦ ਸਬਦਿ ਸੋਹਣੇ, ਜਾ ਲਾਗੈ ਸਹਜਿ ਧਿਆਨੁ।ਰਾਗ ਨਾਦ ਛੋਡਿ ਹਰਿ ਸੇਵੀਐ, ਤਾ ਦਰਗਹ ਪਾਈਐ ਮਾਨੁ ੮੪੯}।(ਇਹੋ ਜਿਹੇ ਰਾਗੀ ਦਾ) ਰਾਗ ਗਾਉਣਾ ਤੇ ਸਾਜ ਵਜਾਉਣਾ ਸਭ ਸੱਚਾ (ਸਫਲ) ਹੈ; ਸੱਚੇ ਹਰੀ ਨੂੰ ਪ੍ਰਾਪਤ ਕਰਨਾ ਹੀ ਰਾਗ ਨਾਦ ਹੈ (ਸ਼ਬਦਾਰਥ,ਵਾਹਿਗੁਰੂ ਦੀ ਸਿਫਤ ਕਰਨ ਵਾਲੇ ਰਾਗ ਦੀ) ਕੀਮਤ ਕਹੀ ਨਹੀ ਜਾ ਸਕਦੀ।(ਵਾਹਿਗੁਰੂ) ਰਾਗ ਅਤੇ ਨਾਦ ਤੋਂ ਪਰੇ ਹੈ, ਇਨ੍ਹਾਂ (ਨਿਰੇ ਰਾਗਾਂ) ਰਾਹੀਂ ਵਾਹਿਗੁਰੂ ਦਾ ਹੁਕਮ ਨਹੀ ਸਮਝਿਆ ਜਾ ਸਕਦਾ; (ਰਾਗ ਨਾਦ ਗਾਉਣ ਵਾਲੇ) ਇਨ੍ਹਾਂ (ਰਾਗੀਆਂ ਤੋਂ) ਵਾਹਿਗੁਰੂ ਦਾ ਹੁਕਮ ਨਹੀਂ ਜਾਣਿਆ ਜਾ ਸਕਦਾ।

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ, ਸਤਿਗੁਰ ਤੇ ਸੋਝੀ ਪਾਇ ॥ ਸਭੁ ਕਿਛੁ ਤਿਸ ਤੇ ਹੋਇਆ, ਜਿਉ ਤਿਸੈ ਦੀ ਰਜਾਇ ॥੨੪॥ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਹੜੇ ਰਾਗੀ)ਸਤਿਗੁਰੂ ਤੋਂ ਸੋਝੀ ਪ੍ਰਾਪਤ ਕਰਕੇ (ਵਾਹਿਗੁਰੂ ਦੇ) ਹੁਕਮ ਨੂੰ ਸਮਝ ਲੈਂਦੇ ਹਨ, ਉਨ੍ਹਾਂਦੇ (ਰਾਗ ਗਾਏ) ਸਫਲ ਹੁੰਦੇ ਹਨ (ਉਂਝ ਨਿਰੇ ਰਾਗ ਗਏ ਹੋਏ ਆਤਮਕ ਜੀਵਨ ਨੂੰ ਸੇਧ ਨਹੀਂ ਦਿੰਦੇ)।ਉਸ (ਵਾਹਿਗੁਰੂ)

ਤੋਂ ਸਭ ਕੁਛ ਪੈਦਾ ਹੋਇਆ ਹੈ, ਜਿਵੇਂ ਉਸਦੀ ਰਜ਼ਾ ਹੁੰਦੀ ਹੈ (ਉਸੇ ਤਰ੍ਹਾਂ ਹੀ ਹੁੰਦਾ ਹੈ)।੨੪।

ਪਦਾਰਥ = ਸੋ-ਉਹ (ਰਾਗ)।ਭਲਾ-ਚੰਗਾ ਹੈ।ਭਾਈ-ਹੇ ਭਾਈ!।ਜਿਤੁ-ਜਿਸ ਨਾਲ।ਮਨਿ-ਮਨ ਵਿਚ।ਰਾਗੁ ਨਾਦੁ-ਰਾਗ ਤੇ ਸਾਜ (ਵਾਜਾ); ਸੰਗੀਤ (ਰਾਗ-ਗਲੇ ਨਾਲ ਗਾਉਣਾ ਅਤੇ ਜੋ ਧੁਨੀ ਸਾਜਾਂ ਤੋਂ ਨਿਕਲਦੀ ਹੈ, ਨਾਦ ਹੈ)।ਬਾਹਰਾ-ਪਰੇ; ਉਪਰ; ਬਾਹਰ।ਇਨੀ-ਇਨ੍ਹਾਂ (ਰਾਗਾਂ ਨਾਦਾਂ ਰਾਹੀਂ)।ਰਾਸਿ ਹੋਇ-ਸਫਲ ਹੁੰਦਾ ਹੈ; ਠੀਕ ਹੁੰਦਾ ਹੈ।ਸੋਝੀ-ਸੂਝ ਬੂਝ।ਤਿਸ ਤੇ-ਉਸ (ਵਾਹਿਗੁਰੂ) ਤੋਂ।ਤਿਸੈ ਦੀ-ਉਸ (ਵਾਹਿਗੁਰੂ) ਦੀ।ਰਜਾਇ-ਰਜ਼ਾ; ਭਾਣਾ।੨੪।

ਵਿਆਖਿਆ = ਕਈ ਲੋਕ ਰਾਗ ਨਾਦ ਨੂੰ ਹਰੀ ਦੀ ਪ੍ਰਾਪਤੀ ਦਾ ਵਸੀਲਾ ਮੰਨਦੇ ਹਨ।ਰਾਗ ਗਾਏ ਵੀ ਤਾਂ ਹੀ ਸਫਲ ਹਨ ਜੇ ਰਾਗਾਂ ਰਾਹੀਂ ਹਰੀ ਦੀ ਸਿਫਤ ਕੀਤੀ ਜਾਵੇ।ਗੁਰੂ ਜੀ ਆਖਦੇ ਹਨ ਕਿ ਅਸਲ ਗੱਲ ਤਾਂ ਵਾਹਿਗੁਰੂ ਦੇ ਹੁਕਮ ਮੰਨਣ ਵਿਚ ਹੈ,ਜਿਸ ਦੀ ਸਮਝ ਗੁਰੂ ਤੋਂ ਮਿਲਦੀ ਹੈ।੨੪।

ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ, ਅੰਮ੍ਰਿਤੁ ਕਹੈ ਕਹਾਇ ॥ ਗੁਰਮਤੀ ਨਾਮੁ ਨਿਰਮਲੋੁ, ਨਿਰਮਲ ਨਾਮੁ ਧਿਆਇ ॥ ਅੰਮ੍ਰਿਤ ਬਾਣੀ ਤਤੁ ਹੈ, ਗੁਰਮੁਖਿ ਵਸੈ ਮਨਿ ਆਇ ॥ ਹੇ ਭਾਈ! ਸੱਤਗੁਰੂ (ਦੇ ਹਿਰਦੇ) ਵਿਚ ਵਾਹਿਗੁਰੂ ਦਾ ਅੰਮ੍ਰਿਤ ਨਾਮ (ਵਸਦਾ) ਹੈ, ਸੱਤਗੁਰੂ ਅੰਮ੍ਰਿਤ ਨਾਮ ਨੂੰ ਆਪ ਜਪਦੇ ਹਨ ਤੇ ਹੋਰਨਾਂ ਤੋਂ ਵੀ ਜਪਾਉਂਦੇ ਹਨ।ਗੁਰੂ ਦੀ ਮੱਤ ਤੇ ਚੱਲਣ ਵਾਲਿਆਂ ਨੂੰ ਨਿਰਮਲ ਨਾਮ ਪ੍ਰਾਪਤ ਹੋਇਆ ਹੈ ਅਤੇ ਨਾਮ ਧਿਆ ਕੇ ਉਹ ਨਿਰਮਲ ਹੋ ਗਏ ਹਨ।ਅੰਮ੍ਰਿਤ ਬਾਣੀ (ਵਾਹਿਗੁਰੂ ਦਾ ਗਿਆਨ ਕਰਾਉਣ ਵਾਲਾ) ਅਸਲੀ ਸਿਧਾਂਤ ਹੈ ਅਤੇ ਗੁਰੂ ਦੁਆਰਾ ਮਨ ਵਿਚ ਆ ਕੇ ਵਸਦੀ ਹੈ।(ਜਿਨ੍ਹਾਂ ਦੇ ਹਿਰਦੇ ਵਿਚ ਵਸੀ ਹੈ, ਉਸਦਾ ਫਲ ਅੱਗੇ ਦਸਦੇ ਹਨ)।

ਅੰਗ ੧੪੨੪ = ਹਿਰਦੈ ਕਮਲੁ ਪਰਗਾਸਿਆ, ਜੋਤੀ ਜੋਤਿ ਮਿਲਾਇ ॥ ਨਾਨਕ ਸਤਿਗੁਰੁ ਤਿਨ ਕਉ ਮੇਲਿਓਨੁ, ਜਿਨ ਧੁਰਿ ਮਸਤਕਿ ਭਾਗੁ ਲਿਖਾਇ ॥੨੫॥ (ਉਨ੍ਹਾਂ ਦਾ) ਹਿਰਦਾ ਕਮਲ ਖਿੜ ਗਿਆ ਹੈ ਅਤੇ ਉਸਦੀ ਆਤਮ ਜੋਤ ਨੂੰ ਹਰੀ ਨੇ ਅਪਣੀ ਜੋਤ ਵਿਚ ਮਿਲਾ ਲਿਆ ਹੈ (ਇਕ ਮਿਕ ਹੋ ਗਏ)।ਨਾਨਕ ਗੁਰੂ ਜੀ ਆਖਦੇ ਹਨ, (ਵਾਹਿਗੁਰੂ ਨੇ) ਉਨ੍ਹਾਂ ਨੂੰ ਸੱਤਗੁਰੂ ਮਿਲਾਇਆ ਹੈ, ਜਿਨ੍ਹਾਂ ਦੇ ਮੱਥੇ ਤੇ ਧੁਰ ਤੋਂ ਚੰਗਾ ਭਾਗ ਲਿਖਿਆ ਹੋਇਆ ਹੈ।੨੫।

ਪਦਾਰਥ = ਕਹੈ-ਕਹਿੰਦਾ (ਜਪਦਾ) ਹੈ।ਕਹਾਇ-ਕਹਾਉਂਦਾ (ਜਪਾਉਂਦਾ) ਹੈ।ਗੁਰਮਤੀ-ਗੁਰੂ ਦੀ ਮੱਤ ਤੇ ਚੱਲਣ ਵਾਲੇ ਮਨੁੱਖ। ਨਿਰਮਲੋ-ਨਿਰਮਲ-ਪਵਿਤ੍ਰ।ਤਤੁ-ਅਸਲੀ ਵਸਤੂ; ਸਿਧਾਂਤ।ਗੁਰਮੁਖਿ-ਗੁਰੂ ਦੁਆਰਾ।ਮਨਿ-ਮਨ ਵਿਚ।ਹਿਰਦੈ ਕਮਲੁ-ਹਿਰਦੇ ਦਾ ਕਮਲ ਫੁੱਲ।ਜੋਤੀ ਜੋਤਿ-ਜੀਵ ਦੀ ਜੋਤ ਹਰੀ ਦੀ ਜੋਤ ਵਿਚ।ਤਿਨ ਕਉ-ਉਨ੍ਹਾਂ ਨੂੰ।ਮੇਲਿਓਨੁ-ਉਸ (ਹਰੀ) ਨੇ ਮਿਲਾਇਆ ਹੈ।ਧੁਰਿ-ਧੁਰ ਦਰਗਾਹ ਤੋਂ।ਮਸਤਕਿ-ਮੱਥੇ ਤੇ।ਭਾਗੁ-ਚੰਗਾ ਭਾਗ।੨੫।

ਅੰਦਰਿ ਤਿਸਨਾ ਅਗਿ ਹੈ, ਮਨਮੁਖ ਭੁਖ ਨ ਜਾਇ ॥ ਮੋਹੁ ਕੁਟੰਬੁ ਸਭੁ ਕੂੜੁ ਹੈ, ਕੂੜਿ ਰਹਿਆ ਲਪਟਾਇ ॥ ਹੇ ਭਾਈ! ਮਨਮੁਖਾਂ ਦੇ ਹਿਰਦੇ ਅੰਦਰ ਤ੍ਰਿਸ਼ਨਾ ਦੀ ਅੱਗ ਹੈ, (ਇਸ ਲਈ ਉਨ੍ਹਾਂ ਦੀ) ਪਦਾਰਥਾਂ ਦੀ ਭੁੱਖ ਜਾਂਦੀ ਨਹੀਂ।(ਇਹ ਜਗਤ ਦਾ) ਮੋਹ ਤੇ ਪ੍ਰਵਾਰ ਵੀ ਸਭ ਝੂਠਾ ਹੈ, (ਮਨਮੁਖ) ਕੂੜ ਨਾਲ ਚਿੰਬੜਿਆ ਰਹਿੰਦਾ ਹੈ।

ਅਨਦਿਨੁ ਚਿੰਤਾ ਚਿੰਤਵੈ, ਚਿੰਤਾ ਬਧਾ ਜਾਇ ॥ ਜੰਮਣੁ ਮਰਣੁ ਨ ਚੁਕਈ, ਹਉਮੈ ਕਰਮ ਕਮਾਇ ॥ ਗੁਰ ਸਰਣਾਈ ਉਬਰੈ, ਨਾਨਕ ਲਏ ਛਡਾਇ ॥੨੬॥ ਹਰ ਵੇਲੇ (ਮਨਮੁਖ ਮਾਇਆ ਅਤੇ ਪ੍ਰਵਾਰ ਵਾਸਤੇ) ਸੋਚਾਂ ਸੋਚਦਾ ਰਹਿੰਦਾ ਹੈ ਅਤੇ ਚਿੰਤਾ ਦਾ ਬੱਧਾ ਹੋਇਆ (ਜਗਤ ਤੋਂ) ਚਲੇ ਜਾਂਦਾ ਹੈ।(ਉਨ੍ਹਾਂ ਦਾ) ਜਨਮ ਮਰਣ ਨਹੀਂ ਮੁਕਦਾ (ਕਿਉਂਕਿ ਸਾਰੇ) ਕਰਮ ਹਉਮੈ ਵਿਚ ਕਮਾਉਂਦਾ ਹੈ।(ਜੇ ਇਹ) ਗੁਰੂ ਦੀ ਸ਼ਰਣ ਵਿਚ ਆ ਜਾਵੇ (ਤਾਂ ਮੋਹ ਦੇ ਜਾਲ ਤੋਂ) ਬਚ ਸਕਦਾ ਹੈ ਅਤੇ ਗੁਰੂ ਜੀ ਆਖਦੇ ਹਨ, (ਗੁਰੂ ਚਿੰਤਾ ਦੇ ਬੰਧਨਾਂ ਵਿਚੋਂ) ਛੁਡਾ ਲੈਂਦਾ ਹੈ।੨੬।

ਪਦਾਰਥ = ਅੰਦਰਿ-ਹਿਰਦੇ ਅੰਦਰ।ਨ ਜਾਇ-ਨਹੀ ਜਾਂਦੀ।ਕੁਟੰਬੁ-ਪ੍ਰਵਾਰ।ਕੂੜੁ-ਝੂਠਾ; ਨਾਸ਼ਵੰਤ।ਰਹਿਆ ਲਪਟਾਇ-ਚਿੰਬੜਿਆ ਰਹਿੰਦਾ ਹੈ।ਅਨਦਿਨੁ-ਹਰ ਰੋਜ (ਹਰ ਵੇਲੇ)।ਚਿੰਤਵੈ-ਸੋਚਦਾ (ਚਿਤਵਦਾ) ਹੈ।ਬਧਾ ਜਾਇ-ਬੱਝਾ (ਬੰਨ੍ਹਿਆ) ਹੋਇਆ।ਨ ਚੁਕਈ-ਨਹੀਂ ਮੁਕਦਾ।ਕਰਮ ਕਮਾਇ-ਧਾਰਮਕ ਕਰਮ ਕਰਦਾ ਹੈ।ਉਬਰੈ-ਬਚ ਜਾਂਦਾ ਹੈ।੨੬।

ਸਤਿਗੁਰ ਪੁਰਖੁ ਹਰਿ ਧਿਆਇਦਾ, ਸਤਸੰਗਤਿ ਸਤਿਗੁਰ ਭਾਇ ॥ ਸਤਸੰਗਤਿ ਸਤਿਗੁਰ ਸੇਵਦੇ, ਹਰਿ ਮੇਲੇ ਗੁਰੁ ਮੇਲਾਇ ॥ (ਹੇ ਭਾਈ! ਉਹ) ਪੁਰਖ ਸਤਿਗੁਰੂ ਦੀ ਸ਼ਰਨ ਪੈ ਕੇ ਸੱਤਗੁਰੂ ਦੀ ਸਤ ਸੰਗਤ ਵਿਚ ਪ੍ਰੇਮ ਨਾਲ ਹਰੀ ਦਾ ਸਿਮਰਨ ਕਰਦਾ ਹੈ; ਸਤਿਗੁਰੂ ,ਹਰੀ ਅਕਾਲ ਪੁਰਖ ਨੂੰ (ਸਦਾ ਹੀ) ਧਿਆਉਂਦਾ ਹੈ ਤੇ (ਹਰੀ ਦੀ) ਸੱਤ ਸੰਗਤ ਵਿਚ ਸੱਤਗੁਰੂ ਦਾ ਪ੍ਰੇਮ ਹੈ।(ਜੋ ਮਨੁੱਖ) ਸੱਤ ਸੰਗਤ ਵਿਚ ਜਾ ਕੇ ਸੱਤਗੁਰੂ ਦੀ ਸੇਵਾ ਕਰਦੇ ਹਨ, ਗੁਰੂ (ਉਨ੍ਹਾਂ ਨੂੰ ਅਪਣੇ ਨਾਲ) ਮਿਲਾ ਕੇ ਹਰੀ ਨਾਲ ਮਿਲਾ ਦੇਂਦਾ ਹੈ।

ਏਹੁ ਭਉਜਲੁ ਜਗਤੁ ਸੰਸਾਰੁ ਹੈ, ਗੁਰੁ ਬੋਹਿਥੁ ਨਾਮਿ ਤਰਾਇ ॥ ਗੁਰਸਿਖੀ ਭਾਣਾ ਮੰਨਿਆ, ਗੁਰੁ ਪੂਰਾ ਪਾਰਿ ਲੰਘਾਇ ॥ ਇਹ ਨਾਸ਼ਵੰਤ (ਚਲਾਇਮਾਨ) ਸੰਸਾਰ ਮਿਥਿਆ ਪਦਾਰਥਾਂ ਦੇ ਜਲ ਦਾ ਸਮੁੰਦਰ ਹੈ, ਗੁਰੂ ਅਜੇਹਾ ਜਹਾਜ ਹੈ ਜੋ (ਮਨੁੱਖ ਨੂੰ) ਨਾਮ ਦੁਆਰਾ ਤਰਾ ਦਿੰਦਾ ਹੈ (ਇਸ ਸਮੁੰਦਰ ਤੋਂ ਪਾਰ ਲੰਘਾ ਹੈ)।ਗੁਰੂ ਦੇ ਸਿਖਾਂ ਨੇ (ਹਰੀ ਦਾ) ਭਾਣਾ (ਗੁਰੂ ਦਾ ਹੁਕਮ) ਮੰਨਿਆ ਹੈ, (ਇਸ

ਕਰਕੇ ਸੰਸਾਰ ਸਮੁੰਦਰ ਤੋਂ ਸਿੱਖਾਂ ਨੂੰ) ਪੂਰਾ ਗੁਰੂ ਪਾਰ ਲੰਘਾ ਦਿੰਦਾ ਹੈ (ਗੁਰ ਸਿੱਖ ਅਪਣੇ ਭਜਨ ਦਾ ਹੰਕਾਰ ਨਹੀ ਕਰਦੇ ,ਉਨ੍ਹਾਂ ਨੂੰ ਨਿਸਚਾ ਹੈ ਕਿ ਸੱਤਗੁਰੂ ਸਾਨੂੰ ਪਾਰ ਲੰਘਾ ਦੇਵੇਗਾ)।

ਗੁਰ ਸਿਖਾਂ ਕੀ ਹਰਿ ਧੂੜਿ ਦੇਹਿ, ਹਮ ਪਾਪੀ ਭੀ ਗਤਿ ਪਾਂਹਿ ॥ ਧੁਰਿ ਮਸਤਕਿ ਹਰਿ ਪ੍ਰਭ ਲਿਖਿਆ, ਗੁਰ ਨਾਨਕ ਮਿਲਿਆ ਆਇ ॥ ਹੇ ਹਰੀ! ਅਜੇਹੇ ਭਾਣਾ ਮੰਨਣ ਵਾਲੇ) ਗੁਰ ਸਿੱਖਾਂ ਦੀ ਚਰਨ ਧੂੜੀ ਬਖਸ਼ ਦੇ, (ਤਾਂ ਜੋ) ਅਸੀਂ ਪਾਪੀ ਵੀ ਮੁਕਤੀ ਪਾ ਸਕੀਏ।ਧੁਰ ਦਰਗਾਹ ਤੋਂ ਹਰੀ ਪ੍ਰਭੂ ਦਾ ਜਿਨ੍ਹਾਂ ਮਨੁੱਖਾਂ ਦੇ ਮੱਥੇ ਤੇ ਲੇਖ ਲਿਖਿਆ ਹੁੰਦਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਉਨ੍ਹਾਂ ਨੂੰ) ਗੁਰੂ ਆ ਮਿਲਦਾ ਹੈ; (ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਆ ਮਿਲਦੇ ਹਨ)।

ਜਮ ਕੰਕਰ ਮਾਰਿ ਬਿਦਾਰਿਆਨੁ, ਹਰਿ ਦਰਗਹ ਲਏ ਛਡਾਇ ॥ ਗੁਰਸਿਖਾ ਨੋ ਸਾਬਾਸਿ ਹੈ, ਹਰਿ ਤੁਠਾ ਮੇਲਿ ਮਿਲਾਇ ॥੨੭॥(ਗੁਰੂ ਨੇ ਸਿੱਖਾਂ ਦੇ ਪਿੱਛੇ ਲੱਗੇ) ਜਮ ਦੂਤ ਮਾਰ ਕੇ ਮੁਕਾ ਦਿਤੇ ਤੇ ਹਰੀ ਦੀ ਦਰਗਾਹ ਵਿਚ ਛੁਡਾ ਲੈਂਦਾ (ਮੁਕਤ ਕਰ ਦੇਂਦਾ) ਹੈ।ਗੁਰੂ ਦੇ ਸਿੱਖਾਂ ਨੂੰ (ਲੋਕ ਪ੍ਰਲੋਕ ਵਿਚ) ਸ਼ਾਬਾਸ ਮਿਲਦੀ ਹੈ ਅਤੇ (ਉਨ੍ਹਾਂ ਨੂੰ) ਹਰੀ ਪ੍ਰਸੰਨ ਹੋ ਕੇ ਅਪਣੇ ਮੇਲ ਵਿਚ ਮਿਲਾ ਲੈਂਦਾ ਹੈ।

ਪਦਾਰਥ = ਪੁਰਖੁ-ਜੋ ਮਨੁੱਖ; ਅਕਾਲ ਪੁਰਖ।ਭਾਇ-ਪ੍ਰੇਮ ਨਾਲ।ਸੇਵਦੇ-ਸੇਵਾ ਕਰਦੇ; ਸਿਮਰਦੇ ਹਨ।ਭਉਜਲੁ-(ਮਿਥਿਆ ਪਦਾਰਥਾਂ ਦੇ) ਜਲ ਦਾ ਸਮੁੰਦਰ।ਜਗਤ-ਚਲਾਇਮਾਨ (ਨਾਸ਼ਵੰਤ); ਮਨੁੱਖ।ਬੋਹਿਥੁ-ਜਹਾਜ।ਨਾਮਿ-ਨਾਮ ਦੁਆਰਾ; ਨਾਮ ਵਿਚ ਜੋੜ ਕੇ।ਤਰਾਇ-ਤਰਾ ਦੇਂਦੇ ਹਨ।ਗੁਰਸਿਖੀ-ਗੁਰੂ ਦੇ ਸਿੱਖਾਂ ਨੇ।ਭਾਣਾ-ਰਜ਼ਾ; ਹੁਕਮ।ਧੂੜਿ-ਚਰਨਾਂ ਦੀ ਧੂੜ।ਹਮ-ਅਸੀਂ।ਗਤਿ ਪਾਂਹਿ-ਮੁਕਤੀ ਪਾ ਲਈਏ।ਧੁਰਿ-ਧੁਰ ਦਰਗਾਹ ਤੋਂ।ਮਸਤਕਿ-ਮੱਥੇ ਉਤੇ।ਜਮ ਕੰਕਰ-ਜਮ ਦੂਤ।ਮਾਰਿ-ਮਾਰ ਕੇ।ਬਿਦਾਰਿਆਨੁ-ਨਾਸ਼ ਕਰ ਦਿਤੇ।ਲਏ ਛਡਾਇ-ਛੁਡਾ ਲੈਂਦੇ (ਮੁਕਤ ਕਰ ਦੇਂਦੇ) ਹਨ।ਨੋ-ਨੂੰ।ਸਾਬਾਸਿ-ਅਸ਼ੀਰਵਾਰ; ਆਦਰ।ਤੁਠਾ-ਪ੍ਰਸੰਨ ਹੋ ਕੇ।ਮੇਲਿ ਮਿਲਾਇ-ਮੇਲ ਵਿਚ ਮਿਲਾ ਲੈਂਦਾ ਹੈ।੨੭।

ਗੁਰਿ ਪੂਰੈ ਹਰਿ ਨਾਮੁ ਦਿੜਾਇਆ, ਜਿਨਿ ਵਿਚਹੁ ਭਰਮੁ ਚੁਕਾਇਆ ॥ ਰਾਮ ਨਾਮੁ ਹਰਿ ਕੀਰਤਿ ਗਾਇ, ਕਰਿ ਚਾਨਣੁ ਮਗੁ ਦੇਖਾਇਆ ॥ ਹੇ ਭਾਈ! ਪੂਰਨ ਗੁਰੂ ਨੇ (ਸਿੱਖਾਂ ਦੇ ਮਨ ਵਿਚ) ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਅਤੇ ਜਿਸ ਗੁਰੂ ਨੇ (ਸਿੱਖਾਂ ਦੇ)ਹਿਰਦੇ ਅੰਦਰੋਂ ਭਰਮ ਮੁਕਾ ਦਿਤਾ ਹੈ।(ਉਸ ਗੁਰੂ ਨੇ) ਹਰੀ ਦਾ ਰਾਮ ਨਾਮ ਅਤੇ ਜਸ ਗਾ ਕੇ, (ਸ਼ਰਨ ਆਏ ਸਿੱਖਾਂ ਦੇ ਅੰਦਰ) ਗਿਆਨ ਦਾ ਚਾਨਣ ਪੈਦਾ ਕਰ ਦਿਤਾ ਅਤੇ (ਹਰੀ ਨੂੰ ਮਿਲਣ ਦਾ) ਰਸਤਾ ਦਿਖਾ ਦਿਤਾ ਹੈ।

ਹਉਮੈ ਮਾਰਿ ਏਕ ਲਿਵ ਲਾਗੀ, ਅੰਤਰਿ ਨਾਮੁ ਵਸਾਇਆ ॥ ਗੁਰਮਤੀ ਜਮੁ ਜੋਹਿ ਨ ਸਕੈ, ਸਚੈ ਨਾਇ ਸਮਾਇਆ ॥ (ਉਨ੍ਹਾਂ ਸਿੱਖਾਂ ਨੇ) ਹਉਮੈ ਨੂੰ ਮਾਰ ਕੇ ਇਕ (ਵਾਹਿਗੁਰੂ ਵਿਚ) ਲਿਵ ਲਾਈ ਹੈ ਅਤੇ (ਅਪਣੇ) ਅੰਦਰ ਨਾਮ ਨੂੰ ਵਸਾਇਆ ਹੈ।ਗੁਰੂ ਦੀ ਮੱਤ ਉਤੇ ਚੱਲਣ ਵਾਲੇ ਮਨੁੱਖ ਨੂੰ ਜਮ ਦੇਖ ਵੀ ਨਹੀਂ ਸਕਦਾ,(ਕਿਉਂਕਿ ਉਸ ਦਾ ਮਨ) ਸੱਚੇ ਨਾਮ ਵਿਚ ਲੀਨ ਰਹਿੰਦਾ ਹੈ।

ਸਭੁ ਆਪੇ ਆਪਿ ਵਰਤੈ ਕਰਤਾ, ਜੋ ਭਾਵੈ ਸੋ ਨਾਇ ਲਾਇਆ ॥ ਜਨ ਨਾਨਕੁ ਨਾਉ ਲਏ ਤਾਂ ਜੀਵੈ, ਬਿਨੁ ਨਾਵੈ ਖਿਨੁ ਮਰਿ ਜਾਇਆ ॥ ਕਰਤਾਰ ਸਭ ਜਗ੍ਹਾ (ਸੁਤੰਤਰ ਹੋ ਕੇ) ਆਪੇ ਆਪ ਵਰਤ ਰਿਹਾ ਹੈ, ਜਿਹੜਾ (ਮਨੁੱਖ ਉਸ ਨੂੰ) ਚੰਗਾ ਲਗਦਾ ਹੈ, ਉਸਨੂੰ (ਅਪਣੇ) ਨਾਮ ਵਿਚ ਲਗਾ ਦਿੰਦਾ ਹੈ।ਦਾਸ ਨਾਨਕ ਨਾਮ ਲੈਂਦਾ (ਜਪਦਾ) ਹੈ ਤਾਂ ਜਿਉਂਦਾ ਹੈ, (ਮਨੁੱਖ) ਨਾਮ ਤੋਂ ਬਿਨਾ ਛੇਤੀ ਹੀ (ਆਤਮਕ ਮੌਤ) ਮਰ ਜਾਂਦਾ ਹੈ।

ਪਦਾਰਥ = ਗੁਰਿ ਪੂਰੈ-ਪੂਰੇ ਗੁਰੂ ਨੇ।ਦਿੜਾਇਆ-(ਮਨ ਵਿਚ) ਪੱਕੀ ਤਰ੍ਹਾਂ ਬਿਠਾ ਦਿਤਾ।ਜਿਨਿ-ਜਿਸ (ਗੁਰੂ) ਨੇ।ਵਿਚਹੁ- ਹਿਰਦੇ ਅੰਦਰੋਂ।ਚੁਕਾਇਆ-ਮੁਕਾ ਦਿਤਾ।ਕੀਰਤਿ-ਜਸ।ਕਰਿ ਚਾਨਣੁ-ਚਾਨਣ ਪੈਦਾ ਕਰ ਕੇ।ਮਗੁ-ਰਸਤਾ।ਮਾਰਿ-ਮਾਰ ਕੇ।ਜੋਹਿ ਨ ਸਕੈ-ਦੇਖ ਵੀ ਨਹੀਂ ਸਕਦਾ।ਨਾਇ-ਨਾਮ ਵਿਚ।ਸਮਾਇਆ-ਲੀਨ ਰਹਿੰਦਾ ਹੈ।ਕਰਤਾ-ਕਰਤਾਰ।ਜੋ-ਜਿਹੜਾ।ਭਾਵੈ-ਚੰਗਾ ਲਗਦਾ ਹੈ।ਸੋ-ਉਸ ਨੂੰ।ਨਾਉ ਲਏ-ਨਾਮ ਲੈਂਦਾ (ਜਪਦਾ) ਹੈ।ਖਿਨ-ਛਿਨ; ਛੇਤੀ।ਮਰਿ ਜਾਇਆ-ਮਰ ਜਾਂਦਾ ਹੈ।੨੮।

ਮਨ ਅੰਤਰਿ ਹਉਮੈ ਰੋਗੁ, ਭ੍ਰਮਿ ਭੂਲੇ ਹਉਮੈ ਸਾਕਤ ਦੁਰਜਨਾ ॥ ਨਾਨਕ ਰੋਗੁ ਗਵਾਇ, ਮਿਲਿ ਸਤਿਗੁਰ ਸਾਧੂ ਸਜਣਾ ॥੨੯॥ ਹੇ ਭਾਈ! (ਜਿਨ੍ਹਾਂ ਪੁਰਖਾਂ ਦੇ) ਮਨ ਦੇ ਅੰਦਰ ਹਉਮੈ ਦਾ ਰੋਗ ਹੈ, ਉਹ ਸਾਕਤ ਖੋਟੇ ਪੁਰਖ ਭਰਮ ਕਰਕੇ (ਵਾਹਿਗੁਰੂ ਤੋਂ) ਭੁੱਲੇ ਹੋਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੀ ਕ੍ਰਿਪਾ ਹੋ ਜਾਵੇ ਤਾਂ ਸਾਕਤ ਤੇ ਦੁਰਜਨ ਮਨੁੱਖ ਵੀ) ਸੱਤਗੁਰੂ ਸਾਧੂ ਸੱਜਣ ਨੂੰ ਮਿਲ ਕੇ (ਅਪਣਾ ਹਉਮੈ ਦਾ) ਰੋਗ ਦੂਰ ਕਰ ਲੈਂਦੇ ਹਨ।੨੯।

ਪਦਾਰਥ = ਮਨ ਅੰਤਰਿ-ਮਨ ਦੇ ਅੰਦਰ।ਭ੍ਰਮਿ ਭੂਲੇ-ਭਰਮ ਵਿਚ ਭੁੱਲੇ ਹੋਏ।ਸਾਕਤ-ਰੱਬ ਤੋਂ ਟੁੱਟਾ ਮਨੁੱਖ; ਪਤਿਤ।ਦੁਰਜਨਾ-ਖੋਟੇ ਮਨੁੱਖ।ਗਵਾਇ-ਦੂਰ ਕਰ ਲੈਂਦੇ ਹਨ।ਸਾਧੂ-ਆਤਮ ਗਿਆਨੀ (ਮ.ਕੋ.)।ਮਿਲਿ-ਮਿਲ ਕੇ।੨੯।

ਨੋਟ = ਇਹ ਸਲੋਕ ਗੁਰੂ ਗ੍ਰੰਥ ਸਾਹਿਬ ਦੇ ੩੦੧ ਅਤੇ ੧੩੧੭ ਅੰਗ ਤੇ ਵੀ ਮਮੂਲੀ ਜਿਹੇ ਫਰਕ ਨਾਲ ਆਇਆ ਹੈ।

ਗੁਰਮਤੀ ਹਰਿ ਹਰਿ ਬੋਲੇ ॥ ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ, ਹਰਿ ਰਤੀ ਹਰਿ ਰੰਗਿ ਚੋਲੇ ॥ ਹੇ ਭਾਈ! (ਜੋ ਮਨੁੱਖ) ਗੁਰੂ ਦੀ ਸਿਖਿਆ ਦੁਆਰਾ ਮਨ ਤਨ ਕਰਕੇ ਹਰੀ ਦਾ ਨਾਮ ਬੋਲਦਾ (ਜਪਦਾ) ਹੈ।(ਉਸਨੂੰ) ਦਿਨ ਰਾਤ ਹਰੀ ਦੇ ਪ੍ਰੇਮ ਵਿਚ ਖਿੱਚ ਪਈ

ਰਹਿੰਦੀ ਹੈ ਤੇ (ਮਨ ਰੂਪ) ਚੋਲਾ ਹਰੀ ਦੇ (ਨਾਮ) ਰੰਗ ਵਿਚ ਰੰਗ ਹੋ ਜਾਂਦਾ ਹੈ (ਜੀਵਨ ਹਰੀ ਪ੍ਰੇਮ ਵਾਲਾ ਬਣ ਜਾਂਦਾ ਹੈ)।
ਹਰਿ ਜੈਸਾ ਪੁਰਖੁ ਨ ਲਭਈ, ਸਭੁ ਦੇਖਿਆ ਜਗਤੁ ਮੈ ਟੋਲੇ ॥ ਗੁਰ ਸਤਿਗੁਰਿ ਨਾਮੁ ਦਿੜਾਇਆ, ਮਨੁ ਅਨਤ ਨ ਕਾਹੂ ਡੋਲੇ ॥ ਜਨ ਨਾਨਕੁ ਹਰਿ ਕਾ ਦਾਸੁ ਹੈ, ਗੁਰ ਸਤਿਗੁਰ ਕੇ ਗੁਲ ਗੋਲੇ ॥੩੦॥(ਹੇ ਭਾਈ!) ਮੈਂ ਸਾਰਾ ਜਗਤ ਖੋਜ ਕੇ ਦੇਖ ਲਿਆ ਹੈ, (ਮੈਨੂੰ) ਵਾਹਿਗੁਰੂ ਵਰਗਾ ਹੋਰ ਕੋਈ ਮਨੁੱਖ ਨਹੀ ਲਭਦਾ।(ਜਿਸ ਪੁਰਖ ਨੂੰ) ਪੂਜਨੀਕ ਸੱਤਗੁਰੂ ਨੇ ਨਾਮ ਦ੍ਰਿੜ ਕਰਾ ਦਿਤਾ ਹੈ, (ਉਸ ਦਾ) ਮਨ ਹੋਰ ਕਿਸੇ ਪਾਸੇ ਡੋਲਦਾ ਨਹੀਂ।ਦਾਸ ਨਾਨਕ ਵਾਹਿਗੁਰੂ ਦਾ ਦਾਸ ਹੈ ਤੇ ਗੁਰੂ ਸੱਤਗੁਰੂ ਦੇ ਦਾਸਾਂ ਦਾ ਵੀ ਦਾਸ ਹੈ।੩੦।
ਪਦਾਰਥ = ਗੁਰਮਤੀ–ਗੁਰੂ ਦੀ ਸਿਖਿਆ ਦੁਆਰਾ।ਬੋਲੇ–ਬੋਲਦੇ (ਜਪਦੇ) ਹਨ।ਪ੍ਰੇਮ ਕਸਾਈ–ਪ੍ਰੇਮ ਵਿਚ ਖਿਚ ਪਈ ਰਹਿੰਦੀ ਹੈ।ਰੱਤੀ–ਰੰਗੇ ਹੋਏ।ਹਰਿ ਰੰਗਿ–ਹਰੀ ਦੇ ਨਾਮ ਰੰਗ ਵਿਚ।ਚੋਲੇ–ਮਨ ਰੂਪ ਚੋਲੇ।ਜੈਸਾ–ਵਰਗਾ।ਪੁਰਖੁ–ਦੁਨਿਆਵੀ ਮਨੁੱਖ।ਨ ਲਭਈ–ਨਹੀਂ ਲੱਭਦਾ।ਟੋਲੇ–ਖੋਜ ਕੇ।ਗੁਰ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਅਨਤ–ਹੋਰ ਪਾਸੇ।ਕਾਹੂ–ਕਿਸੇ (ਪਾਸੇ)।ਨ ਡੋਲੇ–ਨਹੀਂ ਡੋਲਦਾ।ਗੁਲ ਗੋਲੇ–ਗੋਲਿਆਂ ਦਾ ਗੋਲਾ (ਦਾਸਾਂ ਦਾ ਦਾਸ)।੩੦।

(ਇਹ ਸਲੋਕ ੬੪੨ ਅੰਗ ਤੇ ਵੀ ਆਉਂਦਾ ਹੈ)।

॥ ਸ੍ਰੀ ਗੁਰੂ ਰਾਮਦਾਸ ਜੀ ਦੇ ਸਲੋਕ ਸੰਪੂਰਨ ਹੋ ਗਏ ਹਨ ॥

ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੂ ਸੁਣਾਈਆ ॥
ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ ॥
ਸਭਿ ਆਸਾ ਹਰਿ ਪੂਰੀਆ ਮੇਰੇ ਪਿਆਰੇ ਮਨਿ ਚਿੰਦਿਅੜਾ ਫਲੁ ਪਾਇਆ ॥
ਹਰਿ ਤੁਠੜਾ ਮੇਰੇ ਪਿਆਰੇ ਜਨੁ ਨਾਨਕੁ ਨਾਮਿ ਸਮਾਇਆ ॥(੪੫੨)

॥ ਅਰਦਾਸ ॥

ਸਲੋਕ ॥ ਗੁਰ ਗੋਬਿੰਦ ਗੋਪਾਲ ਗੁਰ, ਗੁਰ ਪੂਰਨ ਨਾਰਾਇਣਹ ॥
ਗੁਰ ਦਇਆਲ ਸਮਰਥ ਗੁਰ, ਗੁਰ ਨਾਨਕ ਪਤਿਤ ਉਧਾਰਣਹ ॥(੭੧੦)

ਸਲੋਕ ਮਹਲਾ ੫ ੴ ਸਤਿਗੁਰ ਪ੍ਰਸਾਦਿ ॥
ਰਤੇ ਸੇਈ ਜਿ ਮੁਖੁ ਨ ਮੋੜੰਨਿ੍ ,ਜਿਨ੍ਹੀ ਸਿਞਾਤਾ ਸਾਈ ॥ ਝੜਿ ਝੜਿ ਪਵਦੇ ਕਚੇ ਬਿਰਹੀ, ਜਿਨ੍ਹਾ ਕਾਰਿ ਨ ਆਈ ॥੧॥ ਉਹ (ਮਨੁੱਖ ਵਾਹਿਗੁਰੂ ਦੇ ਨਾਮ ਰੰਗ ਵਿਚ) ਰੰਗੇ ਹੋਏ ਹਨ, ਜਿਹੜੇ ਵਾਹਿਗੁਰੂ ਤੋਂ ਮੂੰਹ ਨਹੀ ਮੋੜਦੇ ਭਾਵ ਬੇਮੁਖ ਨਹੀਂ ਹੁੰਦੇ, (ਅਜੇਹੇ ਸੱਜਣ ਕੌਣ ਹਨ?) ਜਿਨ੍ਹਾਂ ਨੇ ਵਾਹਿਗੁਰੂ ਨੂੰ ਪਛਾਣ ਲਿਆ ਹੈ।(ਉਹ ਮਨੁੱਖ) ਮੰਦ ਬੈਰਾਗੀ (ਕੱਚੇ ਪ੍ਰੇਮੀ) ਵਾਰ ਵਾਰ (ਵਾਹਿਗੁਰੂ ਤੋਂ ਟੁੱਟ ਕੇ ਜੂਨਾਂ ਵਿਚ) ਝੜ ਪੈਂਦੇ ਹਨ, (ਉਹ ਕਿਹੋ ਜਿਹੇ ਹਨ?) ਜਿਨ੍ਹਾਂ ਨੂੰ (ਪ੍ਰੇਮ ਦੀ) ਜਾਚ ਨਹੀ ਆਈ (ਜਿਵੇਂ ਦਰੱਖਤ ਤੋਂ ਕੱਚੇ ਫਲ ਝੜ ਜਾਂਦੇ ਹਨ, ਇਸੇ ਤਰ੍ਹਾਂ ਕੱਚੇ ਪ੍ਰੇਮੀ ਮੰਗ ਪੂਰੀ ਨਾ ਹੋਣ ਤੇ ਭਜਨ ਛਡ ਦੇਂਦੇ ਹਨ)।੧।
ਪਦਾਰਥ = ਰਤੇ–ਰੰਗੇ ਹੋਏ; ਜੁੜੇ ਹੋਏ।ਸੇਈ–ਉਹ (ਬਹੁ ਵਚਨ)।ਜਿ–ਜਿਹੜੇ।ਮੁਖੁ–ਮੂੰਹ।ਨ ਮੋੜੰਨਿ੍–ਨਹੀਂ ਮੋੜਦੇ (ਬੇਮੁਖ ਨਹੀਂ ਹੁੰਦੇ)।ਜਿਨ੍ਹੀ–ਜਿਨ੍ਹਾਂ ਨੇ।ਸਿਞਾਤਾ–ਪਛਾਣਿਆ।ਸਾਈ–ਮਾਲਕ (ਵਾਹਿਗੁਰੂ) ਨੂੰ।ਝੜਿ ਝੜਿ–ਝੜ ਕੇ ਫਿਰ ਦੁਬਾਰਾ ਝੜਦੇ ਹਨ; (ਰੁੱਖਾਂ ਦੇ ਕੱਚੇ ਫਲਾਂ ਵਾਂਗ ਵਾਰ ਵਾਰ ਡਿਗਦੇ ਹਨ)।ਪਵਦੇ–(ਝੜ) ਪੈਂਦੇ ਹਨ।ਕਚੇ ਬਿਰਹੀ–ਕੱਚੇ ਪ੍ਰੇਮੀ (ਕਮਜੋਰ ਪ੍ਰੇਮ ਵਾਲੇ)।ਜਿਨ੍ਹਾ–ਜਿਨ੍ਹਾਂ ਨੂੰ।ਕਾਰਿ ਨ ਆਈ–ਢੰਗ; ਜਾਚ; ਸੂਤ੍ਰ ਨਹੀ ਆਈ।੧।
ਧਣੀ ਵਿਹੂਣਾ ਪਾਟ ਪਟੰਬਰ, ਭਾਹੀ ਸੇਤੀ ਜਾਲੇ ॥ ਧੂੜੀ ਵਿਚ ਲੁਡੰਦੜੀ ਸੋਹਾਂ, ਨਾਨਕ ਤੈ ਸਹ ਨਾਲੇ ॥੨॥ ਹੇ ਭਾਈ! ਮਾਲਕ (ਵਾਹਿਗੁਰੂ) ਤੋਂ ਬਿਨਾ ਸੁੰਦਰ ਬਸਤ੍ਰ ਅਤੇ ਰੇਸ਼ਮੀ ਬਸਤ੍ਰ ਅੱਗ ਨਾਲ ਸਾੜ ਦਿਤੇ ਜਾਣ (ਜੇ ਵਾਹਿਗੁਰੂ ਨਹੀਂ ਮਿਲਿਆ।ਪਿਆਰ ਵਾਲੀ ਸੁਹਾਗਣ ਦੀ ਮਾਨਸਕ ਅਵਸਥਾ) ਗੁਰੂ ਜੀ ਵਰਨਣ ਕਰਦੇ ਹਨ ਕਿ ਤਿਸ ਮਾਲਕ ਪ੍ਰਭੂ ਦੇ ਨਾਲ ਹੋਣ ਕਰਕੇ ਮਿੱਟੀ ਵਿਚ ਵੀ ਲਿਟਦੀ ਹੋਈ (ਗਰੀਬ ਹੋਣ ਕਰਕੇ) ਵੀ ਸੋਹਣੀ ਲਗਦੀ ਹੈ; ਹੇ ਮਾਲਕ ਪ੍ਰਭੂ! ਜੇ ਤੂੰ ਨਾਲ ਹੋਵੇਂ, (ਤਾਂ ਮੈਂ) ਮਿੱਟੀ ਵਿਚ ਲਿਬੜੀ

ਹੋਈ ਵੀ ਸੋਹਣੀ ਲਗਦੀ ਹਾਂ।੨।

ਪਦਾਰਥ = ਧਣੀ-ਮਾਲਕ (ਪ੍ਰਭੂ)।ਵਿਹੂਣਾ-ਬਿਨਾ।ਪਾਟ-(ਸੁੰਦਰ) ਕੱਪੜੇ।ਪਟੰਬਰ-ਰੇਸ਼ਮੀ ਕੱਪੜੇ।ਭਾਹੀ ਸੇਤੀ-ਅੱਗ ਨਾਲ।ਜਾਲੇ-ਸਾੜ ਦਿਤੇ ਜਾਣ।ਧੂੜੀ-ਮਿੱਟੀ; ਧੂੜ।ਲੁਡੰਦੜੀ-ਲਿਟਦੀ ਹੋਈ; ਲਿਬੜੀ ਹੋਈ।ਸੋਹਾਂ-ਸ਼ੋਭਦੀ; ਸੋਹਣੀ ਲਗਦੀ ਹੈ।ਤੈ-ਤੂੰ; ਤੇਰੇ; ਤਿਸ।ਸਹ-ਪਤੀ ਪ੍ਰਭੂ।ਨਾਲੇ-ਨਾਲ; ਸੰਗ।੨।

ਅੰਗ ੧੪੨੫ = ਗੁਰ ਕੈ ਸਬਦਿ ਅਰਾਧੀਐ, ਨਾਮਿ ਰੰਗਿ ਬੈਰਾਗੁ ॥ ਜੀਤੇ ਪੰਚ ਬੈਰਾਈਆ, ਨਾਨਕ ਸਫਲ ਮਾਰੂ ਇਹੁ ਰਾਗੁ ॥੩॥ ਹੇ ਭਾਈ! ਗੁਰੂ ਦੇ ਸ਼ਬਦ ਦੁਆਰਾ (ਵਾਹਿਗੁਰੂ ਨੂੰ) ਅਰਾਧਣਾ ਚਾਹੀਦਾ ਹੈ, (ਇਸ ਤਰ੍ਹਾਂ) ਨਾਮ ਵਿਚ ਪਿਆਰ ਕਰਨ ਨਾਲ (ਮਾਇਆ ਵੱਲੋਂ) ਵੈਰਾਗ ਪੈਦਾ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਇਹ ਮਾਰੂ ਰਾਗ (ਉਸ ਮਨੁੱਖ ਦਾ) ਗਾਇਆ ਹੋਇਆ ਸਫਲ ਹੈ, (ਜਿਸ ਨੇ ਇਸ ਦੇ ਗਾਉਣ ਨਾਲ)) ਪੰਜ ਕਾਮਾਦਿਕ ਬੈਰੀ ਜਿਤ ਲਏ ਹਨ।੩।

ਪਦਾਰਥ = ਗੁਰ ਕੈ-ਗੁਰੂ ਦੇ।ਸਬਦਿ-ਸ਼ਬਦ ਰਾਹੀਂ।ਨਾਮਿ ਰੰਗਿ-ਨਾਮ ਵਿਚ ਪਿਆਰ ਕਰਨ ਨਾਲ।ਬੈਰਾਗੁ-ਮਾਇਆ ਦੇ ਮੋਹ ਵੱਲੋਂ ਉਪਰਾਮਤਾ।ਜੀਤੇ-ਜਿੱਤ ਲਏ।ਪੰਚ ਬੈਰਾਈਆ-ਪੰਜ ਕਾਮਾਦਿਕ ਬੈਰੀ।ਮਾਰੂ ਰਾਗੁ-ਮਾਰੂ ਰਾਗ (ਗਾਇਆ ਹੋਇਆ)।੩।

ਵਿਆਖਿਆ = ਮਨ ਨੂੰ ਮਾਇਆ ਵੱਲੋਂ ਮੋੜ ਕੇ ਵਾਹਿਗੁਰੂ ਦੇ ਨਾਮ ਵਿਚ ਪ੍ਰੇਮ ਹੋਵੇ ਤਾਂ ਹੀ ਮਾਰੂ ਰਾਗ ਗਾਇਆ ਹੋਇਆ ਸਫਲ ਹੁੰਦਾ ਹੈ।ਜਿਹੜੇ ਦੁਨੀਆਂ ਦੇ ਰਾਗ (ਮੋਹ) ਨੂੰ ਮਾਰਨ ਵਾਲੇ ਹਨ, ਉਨ੍ਹਾਂ ਦਾ ਜੀਵਨ ਸਫਲ ਹੈ, ਜਾਂ ਜਿਨ੍ਹਾਂ ਨੇ ਰਾਗ ਦ੍ਵੈਤ ਨੂੰ ਮਾਰ ਦਿਤਾ ਹੈ, ਉਹ ਭਾਵੇਂ ਮਾਰੂ ਥਲ ਵਿਚ ਹੀ ਵਸਦੇ ਹਨ, ਅਜਹੇ ਗੁਰਮੁਖਾਂ ਦਾ ਸੰਸਾਰ ਵਿਚ ਆਉਣਾ ਸਫਲ ਹੁੰਦਾ ਹੈ।(ਟਕਸਾਲ)।

ਜਾਂ ਮੂੰ ਇਕੁ ਤ ਲਖ, ਤਉ ਜਿਤੀ ਪਿਨਣੇ, ਦਰਿ ਕਿਤੜੇ ॥ ਬਾਮਣੁ ਬਿਰਥਾ ਗਇਓ ਜਨੰਮੁ, ਜਿਨਿ ਕੀਤੋ ਸੋ ਵਿਸਰੇ ॥੪॥ ਹੇ ਪੰਡਤ! ਮੈਂ ਜਦ ਵੀ ਮੰਗਦਾ ਹਾਂ, ਤਾਂ ਇਕ ਵਾਹਿਗੁਰੂ ਤੋਂ ਹੀ ਮੰਗਦਾ ਹਾਂ, ਪਰ ਤੇਰੇ ਲਈ ਮੰਗਣ ਵਾਸਤੇ ਜਿਤਨੇ ਕਿਤਨੇ ਲੱਖਾਂ ਹੀ ਦਰ ਹਨ(ਸੰ. ਸ.; ਫ.ਸ.; ਟਕਸਾਲ); ਜੇ ਮੇਰੇ ਵੱਲ ਇਕ ਪ੍ਰਭੂ ਹੈ, ਤਾਂ ਮੇਰੇ ਦਰਬਾਜੇ ਉਤੇ ਤੇਰੇ ਜਿਤਨੇ ਲੱਖਾਂ ਹੀ ਕਿਤਨੇ ਮੰਗਤੇ ਆਉਂਦੇ ਹਨ (ਸੰ.ਸ.; ਫ.ਸ.);ਹੇ ਬ੍ਰਹਮਣ! ਮੈਨੂੰ ਤਾਂ ਇਕੋ ਹਰੀ ਹੀ ਲੱਖਾਂ ਵਰਗਾ ਹੈ, ਜਿਸ ਦੇ ਦਰ ਉਤੇ ਤੇਰੇ ਵਰਗੇ ਕਿੰਨੇ ਹੀ ਮੰਗਣ ਵਾਲੇ ਹਨ (ਸ਼ਬਦਾਰਥ)।ਤੇਰਾ ਬ੍ਰਹਮਣ ਜਨਮ ਬਿਰਥਾ ਚਲਾ ਗਿਆ (ਕਿਉਂਕਿ ਤੈਂ ਲੋਕਾਂ ਤੋਂ ਦੁਨਿਆਵੀ ਚੀਜਾਂ ਮੰਗਣ ਵੱਲ ਹੀ ਧਿਆਨ ਦਿਤਾ ਹੈ), ਜਿਸ ਹਰੀ ਨੇ ਤੈਨੂੰ ਪੈਦਾ ਕੀਤਾ ਹੈ, ਉਹ ਤੈਨੂੰ ਭੁੱਲ ਗਿਆ ਹੈ।੪।

ਪਦਾਰਥ = ਜਾਂ-ਜਦ।ਮੂੰ-ਮੈਂ।ਇਕੁ-ਇਕ ਵਾਹਿਗੁਰੂ।ਤ-ਤਾਂ; ਤਦ।ਲਖ-ਲੱਖਾਂ ਹੀ।ਤਉ-ਤੇਰੇ।ਜਿਤੀ-ਜਿਤਨੇ।ਪਿਨਣੇ-ਹੱਥ ਤੱਡ ਕੇ ਮੰਗਣ ਵਾਲੇ ਮੰਗਤੇ।ਦਰਿ-ਦਰਵਾਜੇ।ਕਿਤੜੇ-ਕਿੰਨੇ ਹੀ।ਬਾਮਣੁ ਜਨੰਮੁ-ਬ੍ਰਹਮਣ ਵਾਲਾ ਜਨਮ।ਬਿਰਥਾ ਗਇਓ-ਬਿਅਰਥ ਚਲਾ ਗਿਆ।ਜਿਨਿ-ਜਿਸ (ਹਰੀ) ਨੇ।ਕੀਤੋ-ਪੈਦਾ ਕੀਤਾ।ਸੋ-ਉਹ (ਹਰੀ)।ਵਿਸਰੇ-ਭੁੱਲ ਗਿਆ ਹੈ।੪।

ਵਿਆਖਿਆ = ਜਦ ਗੁਰੂ ਅਰਜਨ ਦੇਵ ਜੀ ਸੁਲਤਾਨਪੁਰ ਲੋਧੀ ਦੇ ਨੇੜੇ ਡੱਲਾ ਪਿੰਡ ਵਿਚ ਆਏ, ਤਾਂ ਕੁੱਦੂ ਬ੍ਰਾਹਮਣ ਨੇ ਗੁਰੂ ਜੀ ਤੋਂ ਦਾਨ ਮੰਗਿਆ।ਗੁਰੂ ਜੀ ਨੇ ਭਾਈ ਸਾਲ੍ਹੋ ਨੂੰ ਕਹਿ ਕੇ ਕੁਛ ਪੈਸੇ ਦੁਆ ਦਿਤੇ।ਬ੍ਰਾਹਮਣ ਸੰਤੁਸਟ ਨਹੀਂ ਹੋਇਆ ਅਤੇ ਹੋਰ ਦਾਨ ਮੰਗਿਆ ਤਾਂ ਉਸ ਵਕਤ ਇਹ ਸਲੋਕ ਉਚਾਰਿਆ।੪।

ਸੋਰਠਿ ਸੋ ਰਸੁ ਪੀਜੀਐ, ਕਬਹੂ ਨ ਫੀਕਾ ਹੋਇ ॥ ਨਾਨਕ ਰਾਮ ਨਾਮ ਗੁਨ ਗਾਈਅਹਿ, ਦਰਗਹ ਨਿਰਮਲ ਸੋਇ ॥੫॥ ਹੇ ਭਾਈ! ਸੋਰਠ (ਰਾਗਣੀ) ਦੁਆਰਾ (ਹਰੀ ਜਸ ਗਾ ਕੇ) ਉਹ ਰਸ ਪੀਣਾ ਚਾਹੀਦਾ ਹੈ, ਜਿਹੜਾ ਕਦੇ ਵੀ ਫਿੱਕਾ ਨਹੀਂ ਹੁੰਦਾ (ਅਜੇਹਾ ਜਸ ਗਾਉਣ ਦਾ ਅਨੰਦ ਬੇ ਰਸਾ ਨਹੀਂ ਹੁੰਦਾ)।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਦੇ ਗੁਣ ਗਾਉਣੇ ਚਾਹੀਦੇ ਹਨ, (ਇਸ ਤਰ੍ਹਾਂ ਉਸ ਦੀ) ਦਰਗਾਹ ਵਿਚ ਪਵਿੱਤਰ ਸੋਭਾ ਮਿਲਦੀ ਹੈ।੫।

ਪਦਾਰਥ = ਸੋਰਠਿ-ਸੋਰਠ ਰਾਗਣੀ ਦੁਆਰਾ।ਸੋ-ਉਹ।ਰਸੁ-(ਜਸ ਗਾਉਣ ਦਾ) ਅਨੰਦ।ਪੀਜੀਐ-ਪੀਣਾ ਚਾਹੀਦਾ ਹੈ।ਕਬਹੂ-ਕਦੇ ਵੀ।ਫੀਕਾ-ਬੇ ਸੁਆਦਾ; ਫਿੱਕਾ।ਗਾਈਅਹਿ-ਗਾਉਣੇ ਚਾਹੀਦੇ ਹਨ।ਦਰਗਹ-ਹਰੀ ਦੀ ਹਜੂਰੀ ਵਿਚ।ਸੋਇ-ਸੋਭਾ।੫।

ਜੋ ਪ੍ਰਭਿ ਰਖੇ ਆਪਿ, ਤਿਨ ਕੋਇ ਨ ਮਾਰਈ ॥ ਅੰਦਰਿ ਨਾਮੁ ਨਿਧਾਨੁ, ਸਦਾ ਗੁਣ ਸਾਰਈ ॥ ਏਕਾ ਟੇਕ ਅਗੰਮ, ਮਨਿ ਤਨਿ ਪ੍ਰਭੁ ਧਾਰਈ ॥ ਲਗਾ ਰੰਗੁ ਅਪਾਰੁ, ਕੋ ਨ ਉਤਾਰਈ ॥ ਜੋ (ਮਨੁੱਖ) ਪ੍ਰਭੂ ਨੇ ਆਪ (ਬਚਾ ਕੇ) ਰੱਖੇ ਹਨ, ਉਨ੍ਹਾਂ ਨੂੰ ਕੋਈ ਨਹੀਂ ਮਾਰ ਸਕਦਾ।(ਕਿਉਂਕਿ ਉਨ੍ਹਾਂ ਦੇ ਹਿਰਦੇ) ਅੰਦਰ ਨਾਮ ਰੂਪ ਖਜਾਨਾ ਹੈ ਅਤੇ ਸਦਾ (ਪ੍ਰਭੂ ਦੇ) ਗੁਣ ਸੰਭਾਲ ਕੇ ਰਖਦੇ ਹਨ।(ਉਨ੍ਹਾਂ ਮਨੁੱਖਾਂ ਨੂੰ) ਇਕ ਇਕ ਅਪਹੁੰਚ ਪ੍ਰਭੂ ਦੀ ਟੇਕ ਹੈ ਅਤੇ ਮਨ ਤਨ ਵਿਚ ਪ੍ਰਭੂ ਨੂੰ ਵਸਾਈ ਰਖਦੇ ਹਨ।(ਉਨ੍ਹਾਂ ਨੂੰ) ਬੇਅੰਤ ਪ੍ਰਭੂ ਦਾ ਪ੍ਰੇਮ ਲਗ ਗਿਆ ਹੈ, (ਇਸ ਪ੍ਰੇਮ ਦੇ ਰੰਗ ਨੂੰ) ਕੋਈ ਵੀ ਉਤਾਰ ਨਹੀ ਸਕਦਾ।

ਗੁਰਮੁਖਿ ਹਰਿ ਗੁਣ ਗਾਇ, ਸਹਜਿ ਸੁਖੁ ਸਾਰਈ ॥ ਨਾਨਕ ਨਾਮੁ ਨਿਧਾਨੁ, ਰਿਦੈ ਉਰਿ ਹਾਰਈ ॥੬॥ ਗੁਰਮੁਖ ਹਰੀ ਦੇ ਗੁਣ ਗਾ ਕੇ ਆਤਮਕ ਅਡੋਲਤਾ ਵਾਲਾ ਸ੍ਰੇਸਟ ਸੁੱਖ ਮਾਣਦੇ ਹਨ।ਨਾਨਕ ਗੁਰੂ ਜੀ ਆਖਦੇ ਹਨ, ਕਿ (ਗੁਰਮੁਖ ਅਪਣੇ) ਹਿਰਦੇ ਵਿਚ ਨਾਮ ਰੂਪ ਖਜਾਨਾ ਗਲੇ ਵਿਚ ਪਹਿਨੇ ਹੋਏ ਹਾਰ ਵਾਂਗ ਟਿਕਾਈ ਰਖਦੇ ਹਨ।੬।

ਪਦਾਰਥ = ਪ੍ਰਭਿ-ਪ੍ਰਭੂ ਨੇ।ਤਿਨ-ਉਨ੍ਹਾਂ ਨੂੰ।ਸਾਰਈ-ਸੰਭਾਲਦੇ; ਮਾਣਦੇ ਹਨ।ਏਕਾ ਟੇਕ ਅਗੰਮ-ਇਕ ਅਪਹੁੰਚ ਪ੍ਰਭੂ ਦਾ ਆਸਰਾ।ਮਨਿ-ਮਨ ਵਿਚ।ਤਨਿ-ਸਰੀਰ ਵਿਚ।ਧਾਰਈ-ਧਾਰਦੇ; ਵਸਾਉਂਦੇ ਹਨ।ਰੰਗੁ-ਪ੍ਰੇਮ ਦਾ ਰੰਗ।ਅਪਾਰੁ-ਬੇਅੰਤ ਹਰੀ ਦਾ।ਕੋ ਨ-ਕੋਈ ਨਹੀ।ਸਹਜਿ ਸੁਖੁ-ਆਤਮਕ ਅਡੋਲਤਾ ਵਾਲਾ ਸੁੱਖ; ਕੁਦਰਤੀ (ਨਿਰ ਯਤਨ) ਅਨੰਦ।ਸਾਰਈ-ਸ੍ਰੇਸਟ (ਸ਼ਬਦਾਰਥ); ਪ੍ਰਾਪਤ ਕਰਦੇ ਹਨ (ਫ.ਸ.; ਸੰ.ਸ.)।ਰਿਦੈ-ਹਿਰਦੇ ਵਿਚ।ਉਰਿ ਹਾਰਈ-ਦਿਲ ਦਾ ਹਾਰ।੬।

ਕਰੇ ਸੁ ਚੰਗਾ ਮਾਨਿ, ਦੁਯੀ ਗਣਤ ਲਾਹਿ ॥ ਅਪਣੀ ਨਦਰਿ ਨਿਹਾਲਿ, ਆਪੇ ਲੈਹੁ ਲਾਇ ॥ ਜਨ ਦੇਹੁ ਮਤੀ ਉਪਦੇਸੁ, ਵਿਚਹੁ ਭਰਮੁ ਜਾਇ ॥ ਜੋ ਵਾਹਿਗੁਰੂ ਕਰਦਾ ਹੈ, ਉਸ ਨੂੰ ਚੰਗਾ ਕਰਕੇ ਮੰਨ, ਦ੍ਵੈਤ ਭਾਵ ਵਾਲੀ ਗਿਣਤੀ ਮਿਣਤੀ ਦੂਰ ਕਰ ਦੇਹ (ਭਾਣੇ ਵਿਚ ਖੁਸ਼ ਰਹਿ)। (ਅਰਦਾਸ ਕਰ, ਕਿ ਹੇ ਵਾਹਿਗੁਰੂ!) ਮੇਹਰ ਭਰੀ ਨਜਰ ਨਾਲ ਦੇਖ ਕੇ ਆਪੇ ਅਪਣੇ ਨਾਲ (ਮੈਨੂੰ) ਜੋੜ ਲਵੋ।(ਹੇ ਵਾਹਿਗੁਰੂ! ਮੈਨੂੰ ਸੰਤ) ਜਨਾਂ ਦੀ ਸੰਗਤ ਦੇਵੋ (ਜਿਸ ਸੰਗਤ ਤੋਂ) ਚੰਗੀ ਅਕਲ ਤੇ ਗੁਰੂ ਦਾ ਉਪਦੇਸ਼ ਮਿਲ ਸਕੇ; ਸੰਤ ਜਨਾਂ ਦੀ ਸੰਗਤ, ਸੁੱਭ ਮੱਤ ਅਤੇ ਉਪਦੇਸ਼ ਬਖਸੋ, (ਤਾਂ ਕਿ ਮੇਰੇ ਮਨ) ਵਿਚੋਂ ਭਰਮ ਦੂਰ ਹੋ ਜਾਵੇ।

ਜੋ ਧੁਰਿ ਲਿਖਿਆ ਲੇਖੁ, ਸੋਈ ਸਭ ਕਮਾਇ ॥ ਸਭੁ ਕਿਛੁ ਤਿਸ ਦੈ ਵਸਿ, ਦੂਜੀ ਨਾਹਿ ਜਾਇ ॥ (ਪਿਛਲੇ ਕੀਤੇ ਕਰਮਾਂ ਅਨੁਸਾਰ ਮਨੁੱਖਾਂ ਦੇ ਮੱਥੇ ਤੇ) ਜੋ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ, ਉਹ ਹੀ ਸਾਰੇ (ਜੀਵ ਕਰਮ) ਕਮਾਉਂਦੇ ਹਨ।ਸਭ ਕੁਛ ਉਸ ਵਾਹਿਗੁਰੂ ਦੇ ਵਸ ਵਿਚ ਹੈ, ਉਸ ਤੋਂ ਬਿਨਾ (ਜੀਵਾਂ ਲਈ ਆਸਰੇ ਵਾਲੀ) ਦੂਜੀ ਕੋਈ ਜਗ੍ਹਾ ਨਹੀਂ ਹੈ।

ਨਾਨਕ ਸੁਖ ਅਨਦ ਭਏ, ਪ੍ਰਭ ਕੀ ਮੰਨਿ ਰਜਾਇ ॥੭॥ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੀ ਰਜ਼ਾ ਮੰਨ ਕੇ ਹੀ ਸੁੱਖ ਅਤੇ ਅਨੰਦ ਪ੍ਰਾਪਤ ਹੋਇਆ ਹੈ (ਜਿਨ੍ਹਾਂ ਨੇ ਭਾਣਾ ਮੰਨਿਆ, ਉਨ੍ਹਾਂ ਨੂੰ ਹੀ ਸੁੱਖ ਅਨੰਦ ਮਿਲਿਆ ਹੈ)।੭।

ਪਦਾਰਥ = ਕਰੇ-(ਜੋ ਵਾਹਿਗੁਰੂ) ਕਰਦਾ ਹੈ।ਮਾਨਿ-ਮੰਨ ਲੈ।ਦੁਯੀ-ਦੂਜੀ (ਦੁਐਤ ਭਾਵ ਵਾਲੀ)।ਗਣਤ-ਗਿਣਤੀ (ਸੋਚ)।ਲਾਹਿ-ਦੂਰ ਕਰ ਦੇਹ।ਨਦਰਿ ਨਿਹਾਲਿ-ਮੇਹਰ ਭਰੀ ਨਜਰ ਨਾਲ ਦੇਖ ਕੇ।ਲੈਹੁ ਲਾਇ-ਜੋੜ ਲਓ।ਜਨ ਦੇਹੁ-ਸੰਤ ਜਨਾਂ ਦੀ (ਸੰਗਤ)ਦੇਵੋ।ਮਤੀ-ਮੱਤ; ਅਕਲ।ਵਿਚਹੁ-(ਮਨ) ਵਿਚੋਂ।ਧੁਰਿ-ਧੁਰ ਦਰਗਾਹ ਤੋਂ।ਸੋਈ-ਉਹ ਹੀ।ਸਭ-ਸਾਰੇ ਜੀਵ।ਸੋਈ-ਉਹ ਹੀ।ਤਿਸ ਦੈ-ਉਸ ਦੇ।ਵਸਿ-ਵਸ ਵਿਚ; ਅਧੀਨ।ਜਾਇ-ਜਗ੍ਹਾ।ਭਏ-ਹੋਇਆ ਹੈ।ਮੰਨਿ ਰਜਾਇ-ਰਜਾ (ਭਾਣਾ) ਮੰਨ ਕੇ।੭।

ਗੁਰੁ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ, ਕਾਰਜੁ ਆਵੈ ਰਾਸਿ ॥੮॥ ਹੇ ਭਾਈ! ਜਿਨ੍ਹਾਂ (ਗੁਰ ਸਿੱਖਾਂ) ਨੇ ਪੂਰੇ ਗੁਰੂ ਨੂੰ ਸਿਮਰਿਆ ਹੈ, ਉਹ ਨਿਹਾਲ ਹੋ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਨਾਮ ਅਰਾਧਣ ਕਰਕੇ ਕਾਰਜ ਰਾਸ ਆ ਜਾਂਦਾ ਹੈ।੮।

ਪਦਾਰਥ = ਜਿਨ-ਜਿਨ੍ਹਾਂ ਨੇ।ਸੇਈ-ਉਹ।ਭਏ-ਹੋ ਗਏ ਹਨ।ਨਿਹਾਲ-ਕ੍ਰਿਤਾਰਥ; ਸਫਲ; ਪ੍ਰਸੰਨ ਚਿਤ।ਕਾਰਜੁ-(ਹਰ ਤਰ੍ਹਾਂ ਦਾ) ਕੰਮ।ਆਵੈ ਰਾਸਿ-ਰਾਸ ਆ ਜਾਂਦਾ ਹੈ; ਸਿਰੇ ਚੜ੍ਹ ਜਾਂਦਾ ਹੈ।੮।

ਪਾਪੀ ਕਰਮ ਕਮਾਵਦੇ, ਕਰਦੇ ਹਾਏ ਹਾਇ ॥ ਨਾਨਕ ਜਿਉ ਮਥਨਿ ਮਾਧਾਣੀਆ, ਤਿਉ ਮਥੇ ਧ੍ਰਮ ਰਾਇ ॥੯॥ ਹੇ ਭਾਈ! ਪਾਪੀ ਮਨੁੱਖ ਬੁਰੇ ਕਰਮ ਕਰਦੇ ਹਨ ਅਤੇ (ਦੁੱਖ ਵਿਚ) ਹਾਇ ਹਇ ਕਰਦੇ ਰਹਿੰਦੇ ਹਨ (ਬਹੁਤ ਦੁਖੀ ਹੁੰਦੇ ਹਨ)।ਨਾਨਕ ਗੁਰੂ ਜੀ ਆਖਦੇ ਹਨ, ਮਧਾਣੀਆਂ ਜਿਵੇਂ ਦਹੀਂ ਰਿੜਕਦੀਆਂ ਹਨ, ਉਸੇ ਤਰ੍ਹਾਂ ਧਰਮਰਾਜਾ (ਪਾਪੀਆਂ ਨੂੰ ਪਾਪ ਕਰਮਾਂ ਦੀ ਸਜਾ ਦੇਣ ਵਾਸਤੇ ਨਰਕਾਂ ਵਿਚ ਪਾ ਕੇ) ਰਿੜਕਦਾ (ਕੁਚਲਦਾ) ਹੈ।੯।

ਪਦਾਰਥ = ਪਾਪੀ-ਬੁਰੇ ਕਰਮ ਕਰਨ ਵਾਲੇ ਮਨੁੱਖ।ਕਰਦੇ ਹਾਏ ਹਾਇ-ਹਾਹਾ ਕਾਰ ਕਰਦੇ ਭਾਵ ਅਤਿਅੰਤ ਦੁਖੀ ਹੁੰਦੇ ਹਨ।ਜਿਉ-ਜਿਵੇਂ।ਮਥਨਿ-ਰਿੜਕਦੀਆਂ ਹਨ।ਤਿਉ-ਤਿਵੇਂ; ਉਸੇ ਤਰ੍ਹਾਂ।ਮਥੇ-(ਮੱਥੇ ਨਾ ਬੋਲੋ, ਮਥਨਿ ਅਤੇ ਮਥੇ ਉਤੇ ਅਧਕ ਨਹੀ ਲਾਉਣਾ ਚਾਹੀਦਾ) ਰਿੜਕਦਾ; ਕੁਚਲਦਾ ਹੈ।ਧ੍ਰਮਰਾਇ-ਧਰਮਰਾਜਾ।੯।

ਨਾਮੁ ਧਿਆਇਨਿ ਸਾਜਨਾ, ਜਨਮ ਪਦਾਰਥੁ ਜੀਤਿ ॥ ਨਾਨਕ ਧਰਮ ਐਸੇ ਚਵਹਿ, ਕੀਤੋ ਭਵਨੁ ਪੁਨੀਤ ॥੧੦॥ (ਜਿਹੜੇ) ਸੱਜਨ ਪੁਰਖ ਵਾਹਿਗੁਰੂ ਦਾ ਨਾਮ ਸਿਮਰਦੇ ਹਨ, (ਉਨ੍ਹਾਂ ਨੇ ਅਪਣਾ ਅਮੋਲਕ) ਜਨਮ ਪਦਰਾਥ ਜਿੱਤ (ਸਫਲ ਕਰ) ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਕਿਤੇ ਰਾਜੇ ਜਨਕ ਵਾਂਗ ਗੁਰਮੁਖ ਜਨ ਧਰਮਪੁਰੀ ਵਿਚ ਚਲੇ ਜਾਣ ਤਾਂ) ਧਰਮਰਾਜਾ ਅਜੇਹੀ ਬੇਨਤੀ ਉਚਾਰਣ ਕਰਦਾ ਹੈ ਕਿ ਤੁਸੀਂ ਆ ਕੇ ਮੇਰਾ ਭਵਨ ਪਵਿਤ੍ਰ ਕਰ ਦਿਤਾ ਹੈ (ਸੰ. ਸ.; ਫ. ਸ.; ਟਕਸਾਲ); (ਉਹ ਮਨੁੱਖ) ਧਰਮ ਦੀਆਂ ਐਸੀਆਂਗੱਲਾਂ ਕਰਦੇ ਹਨ ਕਿ ਸਾਰੇ ਸੰਸਾਰ ਨੂੰ ਪਵਿਤ੍ਰ ਕਰ ਦੇਂਦੇ ਹਨ (ਸ਼ਬਦਾਰਥ)।੧੦।

ਪਦਾਰਥ = ਧਿਆਇਨਿ-ਧਿਆਉਂਦੇ ਹਨ।ਸਾਜਨਾ-ਸੱਜਨ ਪੁਰਖ।ਜੀਤਿ-ਜਿੱਤ ਲਿਆ ਹੈ।ਧਰਮਚਵਹਿ-ਧਰਮ ਦੀਆਂ ਗੱਲਾਂ ਕਰਦੇ ਹਨ; ਧਰਮਰਾਜ ਉਚਾਰਦਾ ਹੈ।ਕੀਤੋ-ਕਰ ਦਿਤਾ ਹੈ।ਭਵਨੁ-ਸੰਸਾਰ।ਪੁਨੀਤ-ਪਵਿਤ੍ਰ।੧੦।

ਖੁਭੜੀ ਕੁਥਾਇ, ਮਿਠੀ ਗਲਣਿ ਕੁਮੰਤ੍ਰੀਆ ॥ ਨਾਨਕ ਸੇਈ ਉਬਰੇ, ਜਿਨਾ ਭਾਗੁ ਮਥਾਹਿ ॥੧੧॥ (ਮਨੁੱਖ ਦੀ) ਅਕਲ ਕਸੂਤੀ ਜਗ੍ਹਾ ਖੁਭੀ ਹੋਈ ਹੈ, ਕਿਉਂਕਿ ਖੋਟੇ ਸਲਾਹਕਾਰਾਂ ਦੀ ਜਿਲ੍ਹਣ ਬੜੀ ਮਿੱਠੀ ਹੈ (ਬਾਹਰੋਂ ਮਿੱਠੀ ਪਰ ਅੰਦਰੋਂ ਫਸਾ ਲੈਂਦੀ ਹੈ (ਭਾ. ਵੀਰ

ਸਿੰਘ); ਭੈੜੀਆਂ ਸਲਾਹਾਂ ਦੇਣ ਵਾਲਿਆਂ ਦੀਆਂ ਗੱਲਾਂ ਮਿੱਠੀਆਂ ਜਾਣ ਕੇ ਕੁਥਾਂਇ ਫਸ ਗਈ ਹਾਂ (ਸ਼ਬਦਾਰਥ)। ਨਾਨਕ ਗੁਰੂ ਜੀ ਆਖਦੇ ਹਨ, (ਇਸ ਜਿਲ੍ਹਣ ਤੋਂ) ਉਹ ਹੀ ਬਚੇ ਹਨ, ਜਿਨ੍ਹਾਂ (ਮਨੁੱਖਾਂ) ਦੇ ਮੱਥੇ ਉਤੇ ਚੰਗੇ ਭਾਗ (ਲਿਖੇ ਹੋਏ) ਹਨ।੧੧।

ਪਦਾਰਥ = ਖੁਭੜੀ-ਖੁਭੀ (ਫਸੀ) ਹੋਈ। ਕੁਥਾਇ-ਕੁਸੂਤੀ ਜਗ੍ਹਾਂ; ਭੈੜੀ ਥਾਂ ਵਿਚ। ਮਿਠੀ-ਮਿੱਠੀ ਜਾਂ ਪਿਆਰੀ ਜਾਣ ਕੇ। ਗਲਨਿ-ਜਿਲ੍ਹਣ (ਐਸਾ ਚਿੱਕੜ ਜਿਸ ਵਿਚ ਕੋਈ ਫਸ ਕੇ ਨਿਕਲ ਨਾ ਸਕੇ); ਗੱਲਾਂ ਵਿਚ। ਕੁਮੰਤ੍ਰੀਆ-ਖੋਟੀ ਸਲਾਹ ਦੇਣ ਵਾਲੇ। ਸੇਈ-ਉਹ ਹੀ। ਉਬਰੇ-ਬਚੇ ਹਨ। ਜਿਨਾ-ਜਿਨ੍ਹਾਂ (ਮਨੁੱਖਾਂ) ਦੇ। ਭਾਗੁ ਮਥਾਹਿ-ਮੱਥੇ ਉਤੇ ਭਾਗ ਚੰਗੇ ਹਨ।੧੧। (ਕਈ ਤਾਂਤ੍ਰਿਕ ਸਾਧ ਲੋਕਾਂ ਨੂੰ ਭੈੜੀ ਸਿਖਿਆ ਦੇ ਕੇ ਭੈਰੋਂ, ਭੂਤਾਂ ਅਤੇ ਸਿਵਿਆਂ ਨੂੰ ਜਗਾਉਣ ਦੇ ਮੰਤ੍ਰ ਦਸਦੇ ਹਨ ਐਸੇ ਖੋਟੇ ਮੰਤ੍ਰ ਸਿਖਾਉਣ ਵਾਲੇ ਲੋਕਾਂ ਦੀ ਜਿਲ੍ਹਣ ਵਿਚ ਫਸ ਕੇ ਮਨੁੱਖ ਨਿਕਲ ਨਹੀਂ ਸਕਦਾ, ਵਾਹਿਗੁਰੂ ਨੂੰ ਭੁਲਾ ਕੇ ਜਨਮ ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਸ ਜਿਲ੍ਹਣ ਵਿਚੋਂ ਕੋਈ ਭਾਗਾਂ ਵਾਲਾ ਹੀ ਬਚ ਸਕਿਆ ਹੈ)। ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।(੯੪੧)

ਸੁਤੜੇ ਸੁਖੀ ਸਵੰਨਿ੍ ,ਜੋ ਰਤੇ ਸਹ ਆਪਣੈ ॥ ਪ੍ਰੇਮ ਵਿਛੋਹਾ ਧਣੀ ਸਉ, ਅਠੇ ਪਹਰ ਲਵੰਨਿ੍ ॥੧੨॥ ਜਿਹੜੇ (ਮਨੁੱਖ) ਅਪਣੇ ਮਾਲਕ ਹਰੀ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ (ਉਹ ਆਪ ਵੀ) ਸੁਖ ਦੀ ਨੀਂਦ ਸੌਂਦੇ (ਅਨੰਦ ਨਾਲ ਜੀਵਨ ਬਤੀਤ ਕਰਦੇ) ਹਨ ਅਤੇ ਹੋਰਨਾਂ ਨੂੰ ਵੀ ਸੁਲਾਉਂਦੇ (ਸੁਖੀ ਜੀਵਨ ਜਿਉਣ ਦੀ ਜਾਚ ਦਸਦੇ) ਹਨ। (ਜਿਨ੍ਹਾਂ ਮਨੁੱਖਾਂ ਦਾ) ਮਾਲਕ ਹਰੀ ਦੇ ਪ੍ਰੇਮ ਨਾਲੋਂ ਵਿਛੋੜਾ ਪੈ ਗਿਆ ਹੈ, (ਉਹ) ਅੱਠੇ ਪਹਿਰ (ਕਾਂ ਵਾਂਗ) ਰੌਲਾ ਪਾਉਂਦੇ ਰਹਿੰਦੇ ਹਨ ਭਾਵ ਵਿਅਰਥ ਬਕਵਾਸ ਜਾਂ ਦੁਖੀ ਹੋ ਕੇ ਵਿਰਲਾਪ ਕਰਦੇ ਰਹਿੰਦੇ ਹਨ।੧੨। ਸੰਤਨ ਕੈ ਦੂਖਨਿ ਕਾਗ ਜਿਉ ਲਵੈ।(੨੭੯)

ਪਦਾਰਥ = ਸੁਤੜੇ-ਸੌਂਦੇ ਹਨ। ਸਵੰਨਿ੍-ਸੁਲਾਉਂਦੇ ਹਨ। ਜੋ-ਜਿਹੜੇ। ਰਤੇ-ਰੰਗੇ ਹੋਏ ਹਨ। ਸਹ-ਪਤੀ ਪ੍ਰਭੂ। ਵਿਛੋਹਾ-ਵਿਛੋੜਾ। ਧਣੀ ਸਉ-ਮਾਲਕਨਾਲ। ਲਵੰਨਿ-ਕਾਂ ਕਾਂ ਕਰਦੇ ਹਨ; ਬਿਅਰਥ ਬੋਲਦੇ ਰਹਿੰਦੇ ਹਨ।੧੨।

ਸੁਤੜੇ ਅਸੰਖ, ਮਾਇਆ ਝੂਠੀ ਕਾਰਣੇ ॥ ਨਾਨਕ ਸੇ ਜਾਗੰਨਿ੍ ,ਜਿ ਰਸਨਾ ਨਾਮੁ ਉਚਾਰਣੇ ॥੧੩॥ ਹੇ ਭਾਈ! ਅਣਗਿਣਤ ਲੋਕ ਝੂਠੀ ਮਾਇਆ ਵਾਸਤੇ ਮੋਹ ਦੀ ਨੀਂਦ ਵਿਚ ਸੁੱਤੇ ਪਏ ਹਨ। ਨਾਨਕ ਗੁਰੂ ਜੀ ਆਖਦੇ ਹਨ, ਉਹ (ਮਨੁੱਖ ਇਸ ਮੋਹ ਦੀ ਨੀਂਦ ਵਿਚੋਂ) ਜਾਗਦੇ ਹਨ, ਜਿਹੜੇ ਰਸਨਾ ਨਾਲ ਵਾਹਿਗੁਰੂ ਦਾ ਨਾਮ ਉਚਾਰਦੇ (ਸਿਮਰਦੇ) ਰਹਿੰਦੇ ਹਨ।੧੩।

ਪਦਾਰਥ = ਸੁਤੜੇ-ਸੁੱਤੇ ਹੋਏ ਹਨ। ਅਸੰਖ-ਅਣਗਿਣਤ। ਝੂਠੀ-ਨਾਸ਼ਵੰਤ। ਕਾਰਣੇ-ਵਾਸਤੇ। ਸੇ-ਉਹ। ਜਿ-ਜਿਹੜੇ।੧੩।

ਮ੍ਰਿਗ ਤਿਸਨਾ ਪੇਖਿ ਭੁਲਣੇ, ਵੁਠੇ ਨਗਰ ਗੰਧ੍ਰਬ ॥ ਜਿਨੀ ਸਚੁ ਅਰਾਧਿਆ, ਨਾਨਕ ਮਨਿ ਤਨਿ ਫਬ ॥੧੪॥ ਹੇ ਭਾਈ! ਮ੍ਰਿਗ ਤ੍ਰਿਸ਼ਨਾ ਦੇ ਜਲ ਅਤੇ ਅਕਾਸ਼ ਵਿਚ ਵਸੇ ਹੋਏ ਗੰਧਰਬ ਨਗਰ ਵਾਂਗ ਇਹ ਸੰਸਾਰ (ਅਣ ਹੋਂਦਾ ਦਿਖਾਈ ਦੇ ਰਿਹਾ) ਹੈ, ਇਸ ਨੂੰ ਦੇਖ ਕੇ ਲੋਕ (ਇਸ ਦੀ ਅਸਲੀਅਤ ਨੂੰ) ਭੁੱਲ ਗਏ ਹਨ (ਜਿਵੇਂ ਹਿਰਨ ਧੁੱਪ ਨਾਲ ਚਮਕਦੇ ਰੇਤ ਨੂੰ ਪਾਣੀ ਸਮਝ ਲੈਂਦਾ ਹੈ ਅਤੇ ਅਕਾਸ ਵਿਚ ਨਗਰ ਵਸਿਆ ਸਮਝ ਲੈਂਦੇ ਹਾਂ, ਇਸੇ ਤਰ੍ਹਾਂ ਦਾ ਸੰਸਾਰ ਹੈ ਜਿਸ ਨੂੰ ਭੁੱਲ ਕੇ ਅਸੀਂ ਸੱਚਾ ਜਾਣੀ ਬੈਠੇ ਹਾਂ)। ਜਿਨ੍ਹਾਂ (ਮਨੁੱਖਾਂ) ਨੇ ਸਦਾ ਥਿਰ ਰਹਿਣ ਵਾਲੇ ਵਾਹਿਗੁਰੂ ਨੂੰ ਸਿਮਰਿਆ ਹੈ, ਨਾਨਕ ਗੁਰੂ ਜੀ ਆਖਦੇ ਹਨ, ਉਹ ਮਨ ਤਨ ਕਰਕੇ (ਸ਼ੁੱਭ ਗੁਣਾਂ ਸਹਿਤ) ਸੋਭ ਰਹੇ ਹਨ; ਮਨੋਂ ਤਨੋਂ ਸੋਹਣੇ ਲਗਦੇ ਹਨ (ਸ਼ਬਦਾਰਥ)।੧੪।

ਪਦਾਰਥ = ਮ੍ਰਿਗ ਤਿਸਨਾ-ਰੇਤਲੇ ਮੈਦਾਨਾਂ ਵਿਚ ਸੂਰਜ ਦੀਆਂ ਕਿਰਨਾਂ ਰੇਤ ਉਤੇ ਪੈਂਦੀਆਂ ਹਨ ਤਾਂ ਮ੍ਰਿਗ ਆਦਿਕ ਜਾਨਵਰਾਂ ਨੂੰ ਪਾਣੀ ਪ੍ਰਤੀਤ ਹੁੰਦਾ ਹੈ। ਸੂਰਜ ਦੇ ਢਲਣ ਤੇ ਅਸਲੀਅਤ ਦੀ ਸਮਝ ਪੈਂਦੀ ਹੈ, ਮਾਇਆ ਦੇ ਪਦਾਰਥਾਂ ਜਾਂ ਹੋਰ ਭੋਗਾਂ ਲਈ ਗੁਰਬਾਣੀ ਵਿਚ 'ਮ੍ਰਿਗ ਤਿਸਨਾ' ਵਰਤਿਆ ਹੈ। ਪੇਖਿ-ਦੇਖ ਕੇ। ਭੁਲਣੇ-ਭੁੱਲ ਗਏ ਹਨ। ਵੁਠੇ-ਵਸੇ ਹੋਏ। ਨਗਰ ਗੰਧਰਬ-ਅਕਾਸ਼ ਵਿਚ ਵਸਿਆ ਹੋਇਆ ਖਿਆਲੀ ਨਗਰ (ਰੇਤਲੇ ਇਲਾਕਿਆਂ ਵਿਚ ਧੁੰਧ ਕਰਕੇ ਅਸਮਾਨ ਵਿਚ ਇਕ ਨਗਰ ਜਿਹਾ ਭਾਸਦਾ ਹੈ)। ਜਿਨੀ-ਜਿਨ੍ਹਾਂ ਨੇ। ਸਚੁ-ਸਦਾ ਥਿਰ ਰਹਿਣ ਵਾਲੇ ਪ੍ਰਭੂ ਨੂੰ। ਮਨਿ ਤਨਿ-ਮਨ ਤੇ ਤਨ ਕਰਕੇ। ਫਬ-ਸੋਭਦੇ (ਫਬਦੇ) ਹਨ।੧੪।

ਪਤਿਤ ਉਧਾਰਣ ਪਾਰਬ੍ਰਹਮੁ, ਸੰਮ੍ਰਥ ਪੁਰਖੁ ਅਪਾਰੁ ॥ ਜਿਸਹਿ ਉਧਾਰੇ ਨਾਨਕਾ, ਸੋ ਸਿਮਰੇ ਸਿਰਜਣਹਾਰੁ ॥੧੫॥ ਹੇ ਭਾਈ! ਅਕਾਲ ਪੁਰਖ ਵਾਹਿਗੁਰੂ ਪਾਪੀਆਂ ਨੂੰ ਤਾਰਨ ਵਾਲਾ ਹੈ, ਸਰਬ ਸ਼ਕਤੀ ਵਾਨ ਹੈ ਅਤੇ ਬੇਅੰਤ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਨੂੰ (ਉਹ ਵਾਹਿਗੁਰੂ ਬੁਰੇ ਕਰਮਾਂ ਤੋਂ) ਬਚਾ ਲੈਂਦਾ ਹੈ, ਉਹ ਪੁਰਖ ਸਿਰਜਨਹਾਰ ਵਾਹਿਗੁਰੂ ਨੂੰ ਸਿਮਰਦਾ ਹੈ।੧੫।

ਪਦਾਰਥ = ਪਤਿਤ-ਪਾਪੀ; ਸ਼ੁੱਭ ਆਚਰਣ ਤੋਂ ਡਿੱਗਿਆ ਹੋਇਆ ਮਨੁੱਖ। ਉਧਾਰਣ-ਤਾਰਨ ਵਾਲਾ। ਸੰਮ੍ਰਥ-ਸਰਬ ਸ਼ਕਤੀਵਾਨ। ਅਪਾਰੁ-ਬੇਅੰਤ। ਜਿਸਹਿ-ਜਿਸ ਨੂੰ। ਜਿਸਹਿ-ਜਿਸ (ਮਨੁੱਖ) ਨੂੰ। ਉਧਾਰੇ-ਬਚਾ ਲੈਂਦਾ ਹੈ। ਸੋ-ਉਹ (ਮਨੁੱਖ)। ਸਿਮਰੇ-ਸਿਮਰਦਾ ਹੈ। ਸਿਰਜਣਹਾਰੁ-ਜਗਤ ਨੂੰ ਰਚਣ ਵਾਲਾ ਵਾਹਿਗੁਰੂ।੧੫।

ਦੂਜੀ ਛੋਡਿ ਕੁਵਾਟੜੀ, ਇਕਸ ਸਉ ਚਿਤੁ ਲਾਇ ॥ ਦੂਜੈ ਭਾਵੀਂ ਨਾਨਕਾ, ਵਹਣਿ ਲੁੜੰਦੜੀ ਜਾਇ ॥੧੬॥ ਹੇ ਭਾਈ! ਦੁਬਿਧਾ ਵਾਲੇ ਖੋਟੇ ਰਸਤੇ (ਤੇ ਚਲਣਾ) ਛਡ ਕੇ ਇਕ ਵਾਹਿਗੁਰੂ ਨਾਲ ਚਿਤ ਜੋੜ {ਦੁਬਿਧਾ ਛੋਡਿ ਕੁਵਾਟੜੀ, ਮੂਸਹੁਗੇ ਭਾਈ ੪੧੯}। ਨਾਨਕ ਗੁਰੂ ਜੀ ਆਖਦੇ ਹਨ, (ਕਿ ਮਨੁੱਖ) ਦੂਜੇ ਪਿਆਰਾਂ (ਦ੍ਵੈਤ ਭਾਵ) ਵਿਚ ਫਸ ਕੇ ਕਾਲ ਰੂਪ ਨਦੀ ਦੇ ਪ੍ਰਵਾਹ ਵਿਚ ਰੁੜ੍ਹਦਾ ਜਾਂਦਾ ਹੈ।੧੬।

ਪਦਾਰਥ = ਦੂਜੀ ਕੁਵਾਟੜੀ-ਇਕ ਹਰੀ ਨੂੰ ਛਡ ਕੇ ਦੂਜੇ ਦੇਵੀ ਦੇਵਤਿਆਂ, ਭੂਤਾਂ ਪ੍ਰੇਤਾਂ ਦੀ ਪੂਜਾ ਜਾਂ ਕੁਸੰਗਤ ਦਾ ਖੋਟਾ ਰਸਤਾ। ਇਕਸਸਉ-ਇਕ ਪ੍ਰਭੂਨਾਲ। ਦੂਜੈ ਭਾਵੀਂ-ਦੂਜੇ ਪਿਆਰਾਂ (ਦ੍ਵੈਤ ਭਾਵ) ਵਿਚ ਫਸ ਕੇ। ਵਹਣਿ-ਪ੍ਰਵਾਹ। ਲੁੜੰਦੜੀ ਜਾਇ-ਰੁੜ੍ਹਦਾ ਜਾਂਦਾ ਹੈ।੧੬।

ਤਿਹਟੜੇ ਬਾਜਾਰ, ਸਉਦਾ ਕਰਨਿ ਵਣਜਾਰਿਆ ॥ ਸਚੁ ਵਖਰੁ ਜਿਨੀ ਲਦਿਆ, ਸੇ ਸਚੜੇ ਪਾਸਾਰ ॥੧੭॥(ਹੇ ਭਾਈ! ਇਹ ਸੰਸਾਰ) ਮਾਇਆ ਦੇ ਤਿੰਨ ਗੁਣਾਂ ਵਿਚ ਵਿਚਰਨ ਵਾਲੇ ਜੀਵਾਂ ਦਾ ਬਜਾਰ ਹੈ, ਜਿਸ ਵਿਚ ਵਣਜਾਰੇ ਜੀਵ ਕਰਮ ਰੂਪ ਸੌਦਾ ਕਰਦੇ ਹਨ (ਮੇਰਾ ਖਿਆਲ);ਤਿੰਨ ਲੋਕ (ਧਰਤੀ, ਪਤਾਲ ਤੇ ਅਕਾਸ਼) ਤਿੰਨ ਹੱਟਾਂ ਵਾਲੇ ਬਜਾਰ ਹਨ, (ਇਸ ਵਿਚ) ਜੀਵ ਰੂਪ ਵਣਜਾਰੇ ਕਰਮ ਰੂਪ ਸੌਦਾ ਕਰਦੇ ਹਨ (ਸੰ. ਸ.; ਫ. ਸ.)।(ਇਸ ਪ੍ਰਕਾਰ ਦੇ ਸੌਦੇ ਕਰਨ ਵਾਲਿਆਂ ਵਿਚੋਂ) ਜਿਨ੍ਹਾਂ (ਮਨੁੱਖਾਂ ਨੇ ਨਾਮ ਰੂਪ) ਸੱਚਾ ਸੌਦਾ ਲੱਦਿਆ (ਦਿਲ ਵਿਚ ਧਾਰਣ ਕੀਤਾ) ਹੈ, ਉਹ ਸੱਚੇ (ਅਸਲੀ) ਪੰਸਾਰੀ (ਵਪਾਰੀ) ਹਨ।੧੭।

ਪਦਾਰਥ = ਤਿਹਟੜੇ-(ਤਿਹੱਟੜੇ ਪੜ੍ਹੋ) ਤਿੰਨ ਲੋਕ ਜੋ ਤਿੰਨ ਹੱਟਾਂ ਵਾਲੇ ਬਜਾਰ ਹਨ (ਭਾਵ ਪੂਰੇ ਬ੍ਰਹਮੰਡ ਤੋਂ ਹੈ); ਤ੍ਰੈ ਗੁਣੀ ਮਾਇਆ; ਰਾਜਸੀ, ਸਾਂਤਕੀ ਅਤੇ ਤਾਮਸੀ ਸੁਭਾਵ ਵਾਲੇ ਤਿੰਨ ਤਰ੍ਹਾਂ ਦੇ ਬਜਾਰ; ਤਿੰਨ ਹੱਟਾਂ ਵਾਲੇ ਬਜਾਰ; ਤਿੰਨ ਛੱਤੇ ਬਜਾਰ। ਕਰਨਿ-ਕਰਦੇ ਹਨ। ਵਣਜਾਰਿਆ-ਜੀਵ ਰੂਪ ਵਣਜਾਰੇ। ਵਖਰੁ-ਸੌਦਾ (ਕਾਰ ਵਿਹਾਰ)। ਜਿਨੀ-ਜਿਨ੍ਹਾਂ (ਮਨੁੱਖਾਂ) ਨੇ। ਲਦਿਆ-ਦਿਲ ਵਿਚ ਧਾਰਿਆ। ਸੇ-ਉਹ (ਮਨੁੱਖ)। ਪਾਸਾਰ-ਪੰਸਾਰੀ; ਵਪਾਰੀ।੧੭।

ਵਿਆਖਿਆ = ਤਿੰਨ ਗੁਣਾਂ (ਰਾਜਸੀ, ਸਾਂਤਕੀ ਤੇ ਤਾਮਸੀ ਸੁਭਾਵ) ਵਾਲਾ ਸੰਸਾਰ ਬਜਾਰ ਬਣਿਆ ਹੋਇਆ ਹੈ, (ਸਾਂਤਕੀ ਸੁਭਾਵ ਵਾਲੇ ਰਿਧੀਆਂ ਸਿਧੀਆਂ ਦੀ ਇੱਛਾ ਰਖਦੇ ਹਨ, ਰਾਜਸੀ ਦੂਜਿਆਂ ਉਤੇ ਹੁਕਮ ਚਲਾਉਣਾ ਤੇ ਪਦਾਰਥ ਚਾਹੁੰਦੇ ਹਨ, ਤਾਮਸੀ ਦੂਜਿਆਂ ਨੂੰ ਘੂਰਨਾ,ਦਬਾ ਕੇ ਰਖਣਾ, ਲੁੱਟਾਂ ਖੋਹਾਂ ਕਰਨੀਆਂ ਆਦਿ, ਇਹ ਸਾਰੇ ਤਿੰਨ ਤਰ੍ਹਾਂ ਦਾ ਸੌਦਾ ਕਰਦੇ ਹਨ (ਟਕਸਾਲ; ਫ.ਸ.; ਸੰ.ਸ.); ਇਹ ਜੀਵ ਤ੍ਰਿਗੁਣੀ ਮਾਇਆ ਵਿਚ ਵਿਚਰਦੇ ਤੇ ਜਿੰਦਗੀ ਦਾ ਵਿਹਾਰ ਕਰਦੇ ਹਨ, ਜਿਨ੍ਹਾਂ ਸੱਚ ਵੱਖਰ ਲਦਿਆ ਹੈ, ਉਹ ਸੱਚੇ ਪਸਾਰੀ ਹਨ (ਸ਼ਬਦਾਰਥ)।

ਅੰਗ ੧੪੨੬ = **ਪੰਥਾ ਪ੍ਰੇਮ ਨ ਜਾਣਈ, ਭੂਲੀ ਫਿਰੈ ਗਵਾਰਿ ॥ ਨਾਨਕ ਹਰਿ ਬਿਸਰਾਇ ਕੈ, ਪਉਦੇ ਨਰਕਿ ਅੰਧ੍ਯਾਰ ॥੧੮॥** (ਜਿਹੜੀ ਜੀਵ ਰੂਪ ਇਸਤ੍ਰੀ ਹਰੀ ਦੇ) ਪ੍ਰੇਮ ਦਾ ਰਸਤਾ ਨਹੀਂ ਜਾਣਦੀ, ਉਹ ਮੂਰਖ ਹਰੀ ਤੋਂ ਭੁੱਲੀ ਹੋਈ (ਭਟਕਦੀ) ਫਿਰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਨੂੰ ਭੁਲਾ ਕੇ (ਮਨੁੱਖ ਘੁੱਪ) ਹਨ੍ਹੇਰੇ ਵਾਲੇ ਨਰਕ ਵਿਚ ਪੈਂਦੇ ਹਨ।੧੮।

ਪਦਾਰਥ = ਪੰਥਾ ਪ੍ਰੇਮ-ਪ੍ਰੇਮ ਦਾ ਰਸਤਾ। ਭੂਲੀ ਫਿਰੈ-(ਜੀਵਨ ਦੇ ਸਹੀ ਰਸਤੇ ਤੋਂ ਖੁੰਝ ਕੇ) ਭੁੱਲੀ ਫਿਰਦੀ ਹੈ। ਗਵਾਰਿ-ਮੂਰਖ। ਬਿਸਰਾਇ ਕੈ-ਭੁਲਾ ਕੇ। ਪਉਦੇ-ਪੈਂਦੇ ਹਨ। ਨਰਕਿ ਅੰਧ੍ਯਾਰ-(ਅੰਧਿਆਰ ਬੋਲੋ) ਹਨ੍ਹੇਰੇ ਵਾਲੇ ਨਰਕ ਵਿਚ।੧੮।

ਮਾਇਆ ਮਨਹੁ ਨ ਵੀਸਰੈ, ਮਾਂਗੈ ਦੰਮਾ ਦੰਮ ॥ ਸੋ ਪ੍ਰਭੁ ਚਿਤਿ ਨ ਆਵਈ, ਨਾਨਕ ਨਹੀ ਕਰੰਮਿ ॥੧੯॥ (ਹੇ ਭਾਈ! ਮਨੁੱਖ ਦੇ) ਮਨ ਤੋਂ ਮਾਇਆ ਕਦੇ ਵੀ ਨਹੀਂ ਭੁੱਲਦੀ ਤੇ (ਹਰ ਵੇਲੇ) ਦਮੜੇ ਹੀ ਦਮੜੇ (ਜਾਂ ਸੁਆਸ ਸੁਆਸ ਮਾਇਆ) ਮੰਗਦਾ ਰਹਿੰਦਾ ਹੈ। ਉਹ ਪ੍ਰਭੂ (ਜਿਸ ਨੇ ਮਨੁੱਖ ਨੂੰ ਸਭ ਕੁਛ ਦਿਤਾ ਹੈ) ਚਿਤ ਵਿਚ (ਯਾਦ) ਨਹੀ ਆਉਂਦਾ, (ਕਿਉਂਕਿ ਨਾਮ ਸਿਮਰਨ ਮਨੁੱਖ ਦੇ) ਭਾਗ ਵਿਚ ਹੀ ਨਹੀ ਹੈ।੧੯।

ਪਦਾਰਥ = ਮਨਹੁ-ਮਨ ਤੋਂ। ਮਾਂਗੈ-ਮੰਗਦਾ ਹੈ। ਦੰਮਾ ਦੰਮ-ਦਮੜੇ ਹੀ ਦਮੜੇ (ਮਾਇਆ); ਹਰੇਕ ਸਾਹ ਨਾਲ (ਸੁਆਸ ਸੁਆਸ)। ਸੋ ਪ੍ਰਭੁ-ਉਹ ਪ੍ਰਭੂ। ਚਿਤਿ-ਚਿੱਤ ਵਿਚ। ਨ ਆਵਈ-ਨਹੀਂ ਆਉਂਦਾ। ਨਹੀ ਕਰੰਮਿ-ਕਿਸਮਤ ਵਿਚ ਨਹੀ (ਲਿਖਿਆ ਹੋਇਆ)।੧੯।

ਤਿਚਰੁ ਮੂਲਿ ਨ ਥੁੜੀਂਦੋ, ਜਿਚਰੁ ਆਪਿ ਕ੍ਰਿਪਾਲੁ ॥ ਸਬਦੁ ਅਖੁਟੁ ਬਾਬਾ ਨਾਨਕਾ, ਖਾਹਿ ਖਰਚਿ ਧਨੁ ਮਾਲੁ ॥੨੦॥ (ਹੇ ਭਾਈ! ਇਹ ਮਨੁੱਖ) ਉਤਨਾ ਚਿਰ ਕਿਸੇ ਚੀਜ ਤੋਂ ਉਕਾ ਹੀ ਥੁੜਦਾ ਨਹੀਂ (ਘਾਟੇ ਵਿਚ ਨਹੀ ਰਹਿੰਦਾ), ਜਿੰਨਾ ਚਿਰ ਪ੍ਰਭੂ ਆਪ (ਇਸ ਉਤੇ) ਕ੍ਰਿਪਾਲੂ ਹੁੰਦਾ ਹੈ (ਪ੍ਰਭੂ ਦੀ ਕ੍ਰਿਪਾ ਹੋਣ ਕਰਕੇ ਮਨੁੱਖ ਨੂੰ ਕਿਸੇ ਚੀਜ ਦਾ ਕੋਈ ਘਾਟਾ ਨਹੀਂ ਰਹਿੰਦਾ)। ਬਾਬਾ (ਵੱਡੇ) ਗੁਰੂ ਨਾਨਕ ਦੇਵ ਜੀ ਦਾ ਸ਼ਬਦ ਨਾ ਮੁੱਕਣ ਵਾਲਾ (ਖਜਾਨਾ) ਹੈ, (ਇਸ ਨੂੰ) ਆਪ ਵੀ ਖਾਓ (ਧਾਰਣ ਕਰੋ) ਅਤੇ ਹੋਰਨਾਂ ਨੂੰ ਵੀ ਖਰਚਣ ਵਾਸਤੇ ਦਿਓ ਭਾਵ ਹੋਰਾਂ ਨੂੰ ਵੀ ਗੁਰੂ ਦਾ ਉਪਦੇਸ਼ ਵੰਡੋ, (ਇਹੋ ਹੀ ਸੱਚਾ) ਧਨ ਤੇ ਮਾਲ ਹੈ।੨੦।

ਪਦਾਰਥ = ਤਿਚਰੁ-ਉਤਨਾ ਚਿਰ। ਮੂਲਿ-ਉਕਾ (ਬਿਲਕੁਲ) ਹੀ। ਨ ਥੁੜੀਂਦੋ-ਨਹੀ ਥੁੜਦਾ (ਕੋਈ ਘਾਟਾ ਨਹੀ ਰਹਿੰਦਾ)। ਜਿਚਰੁ-ਜਿੰਨਾ ਚਿਰ। ਸਬਦੁ ਅਖੁਟੁ-ਗੁਰੂ ਦਾ ਸ਼ਬਦ ਅਮੁੱਕ (ਧਨ) ਹੈ। ਬਾਬਾ ਨਾਨਕਾ-ਬਾਬਾ ਗੁਰੂ ਨਾਨਕ ਦੇਵ; ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਹੇ ਭਾਈ!। ਖਾਹਿ ਖਰਚਿ-ਖਰਚ ਕੇ ਖਾਂਦੇ ਹਨ (ਆਪ ਸਿਮਰਦੇ ਹਨ ਅਤੇ ਹੋਰਾਂ ਵਿਚ ਵੀ ਨਾਮ ਧਨ ਵੰਡਦੇ ਹਨ)। ਮਾਲੁ-ਸੁਖ ਦਾਇਕ ਚੀਜਾਂ (ਹਾਥੀ ਘੋੜੇ ਰਥ ਸੰਪਦਾ ਆਦਿ)।੨੦।

ਖੰਭ ਵਿਕਾਂਦੜੇ ਜੇ ਲਹਾਂ, ਘਿੰਨਾ ਸਾਵੀ ਤੋਲਿ ॥ ਤੰਨਿ ਜੜਾਂਈ ਆਪਣੈ, ਲਹਾਂ ਸੁ ਸਜਣੁ ਟੋਲਿ ॥੨੧॥ (ਹੇ ਭਾਈ! ਹਰੀ ਦੇ ਦੇਸ਼ ਵਿਚ ਲੈ ਜਾਣ ਵਾਲੇ ਗਿਆਨ ਵੈਰਾਗ ਦੇ) ਖੰਭ ਜੇ ਕਿਤੇ ਵਿਕਦੇ ਮੈਂ ਦੇਖ ਲਵਾਂ, ਤਾਂ (ਅਪਣਾ ਆਪ ਭੇਟਾ ਕਰਕੇ) ਬਰਾਬਰ ਤੋਲ ਕੇ

(ਮੁੱਲ) ਲੈ ਲਵਾਂ।(ਉਨ੍ਹਾਂ ਖੰਭਾਂ ਨੂੰ ਮੈਂ) ਅਪਣੇ ਸਰੀਰ ਉਤੇ ਜੜ ਲਵਾਂ ਅਤੇ (ਉਡ ਕੇ) ਉਸ ਅਪਣੇ ਹਰੀ ਸੱਜਣ ਨੂੰ ਲੱਭ ਲਵਾਂ।੨੧ ।ਦਰਸ ਪਿਆਸ ਮੇਰੋ ਮਨੁ ਮੋਹਿਓ, ਹਰਿ ਪੰਖ ਲਗਾਇ ਮਿਲੀਜੈ।(੧੨੬੯)

ਪਦਾਰਥ = ਵਿਕਾਂਦੜੇ-ਵਿਕਦੇ (ਹੋਣ)।ਜੇ ਲਹਾਂ-ਜੇ ਮੈਂ ਦੇਖ ਲਵਾਂ;ਲੱਭ ਲਵਾਂ; ਲੈ ਲਵਾਂ।ਘਿੰਨਾ-ਲੈ ਲਵਾਂ।ਸਾਵੀ-ਬਰਾਬਰ।ਤੋਲਿ-ਤੋਲ ਕੇ (ਤਨ ਮਨ ਅਰਪ ਕੇ)।ਤੰਨਿ-ਸਰੀਰ ਉਤੇ।ਜੜਾਂਈ-ਜੜ ਲਵਾਂ।ਸੁ-ਉਸ।ਟੋਲਿ-ਲੱਭ ਕੇ।੨੧।

ਵਿਆਖਿਆ = ਨਾਮ ਅਭਿਆਸ ਤੇ ਹਰੀ ਸ਼ਰਣ ਲੈਣੀ ਇਹ ਖੰਭ ਹਨ,ਸਰੀਰ ਭੇਟਾ ਕਰਕੇ(ਖੰਭ)ਲੈ ਲਵਾਂ।ਇਨ੍ਹਾਂ ਨਾਮ ਅਭਿਆਸ ਰੂਪ ਖੰਭਾਂ ਨਾਲ ਉਡਾਰੀ ਮਾਰ ਕੇ ਸੱਜਣ ਹਰੀ ਨੂੰ ਖੋਜ ਲਵਾਂ (ਤਨ ਭੇਟਾ ਕਰਨ ਤੋਂ ਭਾਵ ਹੈ ਹਉਮੈ ਦਾ ਤਿਆਗ ਕਰਨਾ)।

ਸਜਣੁ ਸਚਾ ਪਾਤਿਸਾਹੁ, ਸਿਰਿ ਸਾਹਾਂ ਦੈ ਸਾਹੁ ॥ ਜਿਸੁ ਪਾਸਿ ਬਹਿਠਿਆ ਸੋਹੀਐ, ਸਭਨਾ ਦਾ ਵੇਸਾਹੁ ॥੨੨॥ ਹੇ ਭਾਈ! ਸਦਾ ਥਿਰ ਰਹਿਣ ਵਾਲਾ ਪ੍ਰਭੂ ਪਾਤਸ਼ਾਹ (ਮਨੁੱਖ ਦਾ ਅਸਲੀ) ਮਿੱਤ੍ਰ ਹੈ, ਜੋ (ਦੁਨਿਆਵੀ) ਪਾਤਸ਼ਾਹਾਂ ਦਾ ਸ਼੍ਰੋਮਣੀ ਪਾਤਸ਼ਾਹ ਹੈ (ਸੰਸਾਰੀ ਬਾਦਸ਼ਾਹ ਵੀ ਜਿਸਦੇ ਅਧੀਨ ਹਨ)।ਜਿਸ ਪ੍ਰਭੂ ਪਾਤਸ਼ਾਹ ਦੇ ਕੋਲ ਬੈਠਿਆਂ (ਦਿਲ ਵਿਚ ਵਸਾਉਣ ਕਰਕੇ) ਸੋਹਣੇ ਲੱਗੀਦਾ (ਸੋਭਾ ਪਾਈਦੀ) ਹੈ, ਜੋ ਸਭ ਦਾ ਵਿਸ਼ਵਾਸ ਪਾਤ੍ਰ (ਭਰੋਸਾ ਕਰਨ ਯੋਗ) ਹੈ ਭਾਵ ਸਭ ਨੂੰ ਉਸਤੇ ਭਰੋਸਾ ਕਰਨਾ ਚਾਹੀਦਾ ਹੈ।੨੨।

ਪਦਾਰਥ = ਸਜਣੁ-ਮਿੱਤ੍ਰ।ਸਚਾ-ਸਦਾ ਥਿਰ ਰਹਿਣ ਵਾਲਾ।ਸਿਰਿ-ਵੱਡਾ; ਸ਼੍ਰੋਮਣੀ; ਸਿਰ ਉਪਰ।ਸਾਹਾਂ ਦੈ ਸਾਹੁ-ਪਾਤਸ਼ਾਂਹਾਂ ਦਾ ਪਾਤਸ਼ਾਹ।ਸੋਹੀਐ-ਸੋਭਾ ਪਾਈਦੀ ਹੈ; ਸੋਹਣੇ ਲੱਗੀਦਾ ਹੈ।ਵੇਸਾਹੁ-ਵਿਸ਼ਵਾਸ ਪਾਤ੍ਰ (ਭਰੋਸਾ ਕਰਨ ਯੋਗ); ਖ਼੍ਰੀਦਣ ਯੋਗ ਭਾਵ ਪ੍ਰਾਪਤ ਕਰਨ ਯੋਗ।੨੨।

ਗੁਰੂ ਅਰਜਨ ਦੇਵ ਜੀ ਦੇ ਸਲੋਕ ਸਮਾਮਤ ਹਨ

॥ ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ (੯੬੮)

ਹੇ ਸ਼ਤਿਗੁਰੂ ਪਾਤਸ਼ਾਹ! ਹੁਣ ਤਕ ਆਪ ਜੀ ਦੀ ਮਹਾਨ ਪਵਿਤ੍ਰ ਬਾਣੀ ਦੇ ਅਰਥ ਲਿਖਦਿਆਂ ਬਹੁਤ ਜਿਆਦਾ ਗਲਤੀਆਂ ਹੋ ਗਈਆਂ ਹੋਣਗੀਆਂ, ਅਪਣਾ ਨੰਨ੍ਹਾ ਬੱਚਾ ਜਾਣ ਕੇ ਮੁਆਫ ਕਰ ਦੇਣਾ ਜੀ।ਅੱਗੋਂ ਤੋਂ ਸ਼ੁੱਧ ਅਰਥ ਵਿਚਾਰ ਕਰਨ ਦੀ ਸੁਮੱਤ ਬਖਸ਼ਣੀ ਜੀ।

ਦਾਸਨਿ ਦਾਸ
ਹਰਜਿੰਦਰ ਸਿੰਘ ਗਿਆਨੀ

14 MARCH 2009 11.17 P. M.